@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 19 March 2024

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 19 ਮਾਰਚ 2024, 6 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 109, qpatrika@gmail.com ਫੋਨ : 9971359517 www.qaumipatrika.org

# ਚੋਣ ਬਾਂਡ 'ਤੇ ਸੁਪ੍ਰੀਮ ਕੋਰਟ ਦਾ ਸਖਤ ਹੁਕਮ- ਹਰ ਜਾਣਕਾਰੀ ਦਾ ਖੁਲਾਸਾ ਕਰੇ ਐਸਬੀਆਈ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ , 18 ਮਾਰਚ : ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਭਾਰਤੀ ਸਟੇਟ ਬੈਂਕ (ਐੱਸਬੀਆਈ) ਚੋਣਵੀਂ ਪਹੁੰਚ ਨਹੀਂ ਅਪਣਾ ਸਕਦਾ। ਕੋਰਟ ਨੇ ਉਸ ਨੂੰ ਚੋਣ ਬਾਂਡਾਂ ਬਾਰੇ ਸਾਰੀਆਂ "ਸੰਭਾਵਿਤ" ਜਾਣਕਾਰੀਆਂ ਦਾ ਆਉਣ ਵਾਲੇ ਦਿਨਾਂ ਵਿਚ ਖੁਲਾਸਾ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਵਿੱਚ ਵਿਲੱਖਣ ਬਾਂਡ ਨੰਬਰ ਵੀ ਸਾਮਲ ਹਨ, ਜਿਸ ਨਾਲ ਖਰੀਦਦਾਰ ਅਤੇ ਪ੍ਰਾਪਤਕਰਤਾ ਰਾਜਨੀਤਿਕ ਦਲ ਦੇ ਵਿਚਕਾਰ ਸਿਆਸੀ ਮਤਭੇਦ ਦਾ ਖੁਲਾਸਾ ਹੋਵੇਗਾ। ਭਾਰਤ ਦੇ ਚੀਫ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿੱਚ ਆਪਣੇ ਫੈਸਲੇ ਵਿੱਚ ਬੈਂਕ ਨੂੰ ਬਾਂਡਾਂ ਦੇ ਸਾਰੇ ਵੇਰਵਿਆਂ ਦਾ ਖੁਲਾਸਾ ਕਰਨ ਲਈ ਕਿਹਾ ਸੀ ਅਤੇ ਉਸ ਨੂੰ ਇਸ ਸਬੰਧ ਵਿਚ ਅਗਲੇ ਹੁਕਮਾਂ ਦੀ ਉਡੀਕ ਨਹੀਂ ਕਰਨੀ ਚਾਹੀਦੀ। ਦੱਸ ਦੇਈਏ ਕਿ ਇਸ ਬੈਂਚ ਵਿੱਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀਆਰ ਗਵਈ, ਜਸਟਿਸ ਜੇਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸਰਾ ਵੀ ਸਾਮਲ ਹਨ। ਬੈਂਚ ਨੇ ਸੁਣਵਾਈ ਦੌਰਾਨ ਜੁਬਾਨੀ ਤੌਰ 'ਤੇ ਕਿਹਾ, 'ਅਸੀਂ ਐੱਸਬੀਆਈ ਨੂੰ ਚੋਣ ਬਾਂਡ ਨੰਬਰਾਂ ਸਮੇਤ ਸਾਰੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਕਿਹਾ ਸੀ। ਐੱਸਬੀਆਈ ਨੂੰ ਵੇਰਵਿਆਂ ਦਾ ਖੁਲਾਸਾ ਕਰਨ ਵਿੱਚ ਚੋਣਵੀਂ ਪਹੁੰਚ ਨਹੀਂ ਅਪਣਾਉਣੀ ਚਾਹੀਦੀ।" ਪਿਛਲੇ ਹਫਤੇ ਅਦਾਲਤ ਨੇ ਦੇਸ ਦੇ ਸਭ ਤੋਂ ਵੱਡੇ ਬੈਂਕ ਨੂੰ ਆਪਣੇ ਨਿਰਦੇਸਾਂ ਦੀ ਪਾਲਣਾ ਵਿੱਚ ਵਿਲੱਖਣ ਅਲਫਾ-ਨਿਊਮਰਿਕ ਨੰਬਰਾਂ ਦਾ ਖੁਲਾਸਾ ਨਾ ਕਰਨ ਲਈ ਇੱਕ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ ਸੀ ਅਤੇ ਕਿਹਾ ਸੀ ਕਿ ਐੱਸਬੀਆਈ ਨੂੰ ਉਨ੍ਹਾਂ ਨੰਬਰਾਂ ਦਾ ਖੁਲਾਸਾ ਕਰਨ ਦੀ "ਡਿਊਟੀ ਬਾਉਂਡ" ਸੀ। ਸੁਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿੱਚ ਉਦਯੋਗਿਕ ਸੰਸਥਾਵਾਂ, ਐਸੋਚੈਮ ਅਤੇ ਕਨਫੈਡਰੇਸਨ ਆਫ ਇੰਡੀਅਨ ਇੰਡਸਟਰੀ (ਸੀਆਈਆਈ) ਦੀਆਂ ਗੈਰ-ਸੂਚੀਬੱਧ ਪਟੀਸਨਾਂ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬਾਂਡ ਦੇ ਵੇਰਵਿਆਂ ਦਾ ਖੁਲਾਸਾ ਕਰਨ ਦੇ ਆਪਣੇ ਫੈਸਲੇ ਦੀ ਸਮੀਖਿਆ ਕਰਨ ਦੀ ਬੇਨਤੀ ਕਰਨ ਵਾਲੇ ਸੁਪਰੀਮ ਕੋਰਟ ਬਾਰ ਐਸੋਸੀਏਸਨ (ਐੱਸਸੀਬੀਏ) ਦੇ ਪ੍ਰਧਾਨ ਦੇ ਪੱਤਰ 'ਤੇ ਵਿਚਾਰ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਪਟੀਸਨਰ ਗੈਰ-ਲਾਭਕਾਰੀ ਸੰਸਥਾ ਵੱਲੋਂ ਪੇਸ ਹੋਏ ਵਕੀਲ ਪ੍ਰਸਾਂਤ ਭੂਸਣ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਵੱਡੀਆਂ ਸਿਆਸੀ ਪਾਰਟੀਆਂ ਨੇ ਚੰਦਾ ਦੇਣ ਵਾਲਿਆਂ ਦੇ ਵੇਰਵੇ ਨਹੀਂ ਦਿੱਤੇ ਹਨ, ਸਿਰਫ ਕੁਝ ਪਾਰਟੀਆਂ ਨੇ ਹੀ ਦਿੱਤੇ ਹਨ। ਸੁਪਰੀਮ ਕੋਰਟ ਨੇ 12 ਅਪ੍ਰੈਲ, 2019 ਨੂੰ ਇੱਕ ਅੰਤਰਿਮ ਆਦੇਸ ਪਾਸ ਕਰਦੇ ਹੋਏ ਸਿਆਸੀ ਪਾਰਟੀਆਂ, ਉਹਨਾਂ ਦੁਆਰਾ ਪ੍ਰਾਪਤ ਕੀਤੇ ਚੰਦੇ ਅਤੇ ਹੋਰ ਦਾਨ ਇੱਕ ਸੀਲਬੰਦ ਕਵਰ ਵਿੱਚ ਚੋਣ ਕਮਿਸਨ ਨੂੰ ਦੇਣ ਲਈ ਕਿਹਾ। ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ 15 ਫਰਵਰੀ ਨੂੰ ਇਕ ਇਤਿਹਾਸਕ ਫੈਸਲਾ ਸੁਣਾਉਂਦੇ ਹੋਏ ਕੇਂਦਰ ਦੀ ਚੋਣ ਬਾਂਡ ਸਕੀਮ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਨੂੰ 'ਗੈਰ-ਸੰਵਿਧਾਨਕ' ਕਰਾਰ ਦਿੰਦੇ ਹੋਏ ਚੋਣ ਕਮਿਸਨ ਨੂੰ ਦਾਨ ਦੇਣ ਵਾਲਿਆਂ, ਦਾਨ ਦੇ ਰੂਪ ਵਿਚ ਦਿੱਤੀ ਗਈ ਰਾਸੀ ਅਤੇ ਪ੍ਰਾਪਤ ਕਰਨ ਵਾਲਿਆਂ ਦੀ ਸਮੀਖਿਆ 13 ਮਾਰਚ ਤੱਕ ਕਰਨ ਦੇ ਹੁਕਮ ਦਿੱਤੇ ਸਨ।



# 'ਆਪ' ਨੇਤਾ ਸਤੇਂਦਰ ਜੈਨ ਦੀਆਂ ਵਧੀਆਂ ਮੁਸ਼ਕਲਾਂ

ਨਵੀਂ ਦਿੱਲੀ (ਭਾਸਾ), 18 ਮਾਰਚ : ਸੁਪਰੀਮ ਕੋਰਟ ਨੇ ਸੋਮਵਾਰ ਨੂੰ ਮਨੀ ਲਾਂਡਰਿੰਗ ਮਾਮਲੇ ਵਿਚ ਆਮ ਆਦਮੀ ਪਾਰਟੀ (ਆਪ) ਦੇ ਨੇਤਾ ਸਤੇਂਦਰ ਜੈਨ ਦੀ ਨਿਯਮਿਤ ਜਮਾਨਤ ਪਟੀਸਨ ਨੂੰ ਰੱਦ ਕਰ ਦਿੱਤਾ। ਜਸਟਿਸ ਬੇਲਾ ਐੱਮ ਤ੍ਰਿਵੇਦੀ ਅਤੇ ਪੰਕਜ ਮਿਥਲ ਦੇ ਬੈਂਚ ਨੇ ਜੈਨ ਨੂੰ ਤੁਰੰਤ ਆਤਮ ਸਮਰਪਣ ਕਰਨ ਲਈ ਕਿਹਾ। ਜੈਨ ਫਿਲਹਾਲ ਅੰਤਰਿਮ ਜਮਾਨਤ 'ਤੇ ਬਾਹਰ ਹਨ। ਅਦਾਲਤ ਨੇ ਜੈਨ ਦੇ ਵਕੀਲ ਦੀ ਉਸ ਨੂੰ ਆਤਮ ਸਮਰਪਣ ਕਰਨ ਲਈ ਇਕ ਹਫਤੇ ਦਾ ਸਮਾਂ ਦੇਣ ਦੀ ਜੁਬਾਨੀ ਬੇਨਤੀ ਨੂੰ ਰੱਦ ਕਰ ਦਿੱਤਾ। ਸੁਪਰੀਮ ਕੋਰਟ ਨੇ 17 ਜਨਵਰੀ ਨੂੰ ਜੈਨ ਦੀ ਨਿਯਮਿਤ ਜਮਾਨਤ ਪਟੀਸਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਉਸ ਨੇ 26 ਮਈ 2023 ਨੂੰ ਡਾਕਟਰੀ ਆਧਾਰ 'ਤੇ ਜੈਨ ਨੂੰ ਅੰਤਰਿਮ ਜਮਾਨਤ ਦਿੱਤੀ ਸੀ ਅਤੇ ਜਮਾਨਤ ਦੀ ਮਿਆਦ ਵਾਰ-ਵਾਰ ਵਧਾਈ ਗਈ ਸੀ। ਜੈਨ ਨੇ ਦਿੱਲੀ ਹਾਈ ਕੋਰਟ ਦੇ 6 ਅਪ੍ਰੈਲ 2023 ਨੂੰ ਮਾਮਲੇ 'ਚ ਆਪਣੀ ਨਿਯਮਿਤ ਜਮਾਨਤ ਪਟੀਸਨ ਨੂੰ ਰੱਦ ਕਰਨ ਦੇ ਹੁਕਮ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ। ਈ.ਡੀ. ਨੇ 'ਆਪ' ਨੇਤਾ ਨੂੰ 30 ਮਈ, 2022 ਨੂੰ ਜੈਨ ਨਾਲ ਕਥਿਤ ਤੌਰ 'ਤੇ ਜੁੜੀਆਂ ਚਾਰ ਕੰਪਨੀਆਂ ਰਾਹੀਂ ਮਨੀ ਲਾਂਡਰਿੰਗ ਦੇ ਦੋਸ 'ਚ ਗ੍ਰਿਫਤਾਰ ਕੀਤਾ ਸੀ। ਇਸ ਨੇ ਜੈਨ ਨੂੰ 2017 ਵਿਚ ਭ੍ਰਿਸਟਾਚਾਰ ਰੋਕੂ ਕਾਨੂੰਨ ਦੇ ਤਹਿਤ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੁਆਰਾ ਦਾਇਰ ਐੱਫਆਈਆਰ ਦੇ ਅਧਾਰ 'ਤੇ ਗ੍ਰਿਫਤਾਰ ਕੀਤਾ ਸੀ। ਜੈਨ ਨੂੰ ਹੇਠਲੀ ਅਦਾਲਤ ਨੇ 6 ਸਤੰਬਰ 2019 ਨੂੰ ਸੀ.ਬੀ.ਆਈ. ਦੁਆਰਾ ਦਰਜ ਕੀਤੇ ਕੇਸ ਵਿੱਚ ਨਿਯਮਿਤ ਜਮਾਨਤ ਦਿੱਤੀ ਸੀ। ਜੈਨ ਨੇ ਇਨ੍ਹਾਂ ਦੋਸਾਂ ਤੋਂ ਇਨਕਾਰ ਕੀਤਾ ਹੈ। ਦਿੱਲੀ ਦੇ ਸਾਬਕਾ ਸਿਹਤ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਨੇਤਾ ਸਤੇਂਦਰ ਜੈਨ ਮਨੀ ਲਾਂਡਰਿੰਗ ਮਾਮਲੇ 'ਚ ਸੁਪਰੀਮ ਕੋਰਟ ਵਲੋਂ ਨਿਯਮਿਤ ਜਮਾਨਤ ਪਟੀਸ਼ਨ ਖਾਰਜ ਕੀਤੇ ਜਾਣ ਦੇ ਕੁਝ ਹੀ ਘੰਟੇ ਬਾਅਦ ਤਿਹਾੜ ਜੇਲ੍ਹ ਪਰਤ ਆਏ। ਇਕ ਜੇਲ੍ਹ ਅਧਿਕਾਰੀ ਨੇ ਕਿਹਾ,"ਜੈਨ ਸ਼ਾਮ ਨੂੰ ਤਿਹਾੜ ਜੇਲ੍ਹ ਪਹੁੰਚੇ। ਉਨ੍ਹਾਂ ਨੇ ਜੇਲ੍ਹ 'ਚ ਰੱਖਣ ਦੀ ਕਾਨੂੰਨੀ ਪ੍ਰਕਿਰਿਆ ਜਾਰੀ ਹੈ।" ਜੈਨ ਜੇਲ੍ਹ 'ਚ ਆਤਮਸਮਰਪਣ ਕਰਨ ਲਈ ਸ਼ਾਮ ਕਰੀਬ 6 ਵਜੇ ਉੱਤਰ ਪੱਛਮੀ ਦਿੱਲੀ ਦੇ ਸਰਸਵਤੀ ਵਿਹਾਰ ਸਥਿਤ ਆਪਣੇ ਘਰੋਂ ਨਿਕਲੇ। ਸੁਪਰੀਮ ਕੋਰਟ ਨੇ ਜੈਨ ਦੇ ਵਕੀਲ ਦੇ ਉਸ ਮੌਖਿਕ ਅਪੀਲ ਨੂੰ ਖਾਰਜ ਕਰ ਦਿੱਤਾ, ਜਿਸ 'ਚ ਉਨ੍ਹਾਂ ਨੂੰ ਆਤਮਸਮਰਪਣ ਕਰਨ ਲਈ ਇਕ ਹਫਤੇ ਦਾ ਸਮਾਂ ਦੇਣ ਦੀ ਅਪੀਲ ਕੀਤੀ ਗਈ ਸੀ। ਸੁਪਰੀਮ ਕੋਰਟ ਨੇ 17 ਜਨਵਰੀ ਨੂੰ ਜੈਨ ਦੀ ਨਿਯਮਿਤ ਜਮਾਨਤ ਪਟੀਸ਼ਨ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਸੁਪਰੀਮ ਕੋਰਟ ਨੇ 26 ਮਈ 2023 ਨੂੰ ਜੈਨ ਨੂੰ ਮੈਡੀਕਲ ਆਧਾਰ 'ਤੇ ਅੰਤਰਿਮ ਜਮਾਨਤ ਦਿੱਤੀ ਸੀ ਅਤੇ ਇਸ ਨੂੰ ਸਮੇਂ-ਸਮੇਂ 'ਤੇ ਵਧਾਇਆ ਗਿਆ। ਜੈਨ ਨੇ ਮਾਮਲੇ 'ਚ ਉਨ੍ਹਾਂ ਦੀ ਨਿਯਮਿਤ ਜਮਾਨਤ ਪਟੀਸ਼ਨ ਖਾਰਜ ਕਰਨ ਦੇ ਦਿੱਲੀ ਹਾਈ ਕੋਰਟ ਨੇ 6 ਅਪ੍ਰੈਲ 2023 ਦੇ ਆਦੇਸ਼ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਦਾ ਰੁਖ ਕੀਤਾ ਸੀ। ਈ.ਡੀ. ਨੇ 'ਆਪ' ਨੇਤਾ ਜੈਨ ਨੂੰ ਉਨ੍ਹਾਂ ਨਾਲ ਜੁੜੀਆਂ ਚਾਰ ਕੰਪਨੀਆਂ ਦੇ ਮਾਧਿਅਮ ਨਾਲ ਮਨੀ ਲਾਂਡਰਿੰਗ ਦੇ ਦੋਸ਼ 'ਚ 30 ਮਈ 2022 ਨੂੰ ਗ੍ਰਿਫਤਾਰ ਕੀਤਾ ਸੀ। ਇਸ ਨੇ ਜੈਨ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ ਦੇ ਅਧੀਨ 2017 'ਚ ਉਨ੍ਹਾਂ ਖਿ਼ਲਾਫ ਦਰਜ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਐੱਫ.ਆਈ.ਆਰ. ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਸੀ।



## ਭਾਰਤੀ ਬੈਂਕਾਂ 'ਤੇ ਸਾਈਬਰ ਹਮਲੇ ਦਾ ਖਤਰਾ, ਆਰਬੀਆਈ ਨੇ ਜਾਰੀ ਕੀਤਾ ਅਲਰਟ

ਨਵੀਂ ਦਿੱਲੀ, 18 ਮਾਰਚ : ਰਿਜਰਵ ਬੈਂਕ ਨੇ ਭਾਰਤੀ ਬੈਂਕਾਂ ਨੂੰ ਸਾਈਬਰ ਹਮਲਿਆਂ ਦੇ ਵਧਦੇ ਖਤਰੇ ਬਾਰੇ ਚਿਤਾਵਨੀ ਦਿੱਤੀ ਹੈ। ਸੈਂਟਰਲ ਬੈਂਕ ਨੂੰ ਡਰ ਹੈ ਕਿ ਆਉਣ ਵਾਲੇ ਦਿਨਾਂ 'ਚ ਕੁਝ ਭਾਰਤੀ ਬੈਂਕਾਂ 'ਤੇ ਸਾਈਬਰ ਹਮਲੇ ਵਧ ਸਕਦੇ ਹਨ। ਇਸ ਅਲਰਟ ਦੇ ਨਾਲ ਹੀ ਰਿਜਰਵ ਬੈਂਕ ਨੇ ਬੈਂਕਾਂ ਨੂੰ ਸਾਈਬਰ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਸੁਝਾਅ ਵੀ ਦਿੱਤੇ ਹਨ। ਬੈਂਕਿੰਗ ਉਦਯੋਗ ਨਾਲ ਜੁੜੇ ਲੋਕਾਂ ਦੇ ਹਵਾਲੇ ਨਾਲ ਇਕ ਰਿਪੋਰਟ 'ਚ ਇਹ ਗੱਲ ਕਹੀ ਗਈ ਹੈ। ਰਿਪੋਰਟ ਮੁਤਾਬਕ ਸੈਂਟਰਲ ਬੈਂਕ ਨੇ ਕੁਝ ਬੈਂਕਾਂ ਨੂੰ ਸਾਈਬਰ ਹਮਲਿਆਂ ਦੇ ਵਧਦੇ ਖਤਰੇ ਲਈ ਤਿਆਰ ਰਹਿਣ ਲਈ ਕਿਹਾ ਹੈ ਅਤੇ ਉਨ੍ਹਾਂ ਨੂੰ ਖਤਰੇ ਨੂੰ ਘੱਟ ਕਰਨ ਲਈ ਸੁਰੱਖਿਆ ਵਧਾਉਣ ਦੀ ਵੀ ਸਲਾਹ ਦਿੱਤੀ ਹੈ। ਇਸ ਚਿਤਾਵਨੀ ਦੇ ਨਾਲ ਹੀ ਰਿਜਰਵ ਬੈਂਕ ਨੇ ਬੈਂਕਾਂ ਨੂੰ ਉਨ੍ਹਾਂ ਨੁਕਤਿਆਂ ਬਾਰੇ ਵੀ ਦੱਸਿਆ ਹੈ ਜਿੱਥੇ ਉਨ੍ਹਾਂ ਨੂੰ ਸਾਈਬਰ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਕੰਮ ਕਰਨ ਦੀ ਲੋੜ ਹੈ। ਆਰਬੀਆਈ ਨੇ ਹਾਲ ਹੀ ਵਿੱਚ ਬੈਂਕਾਂ ਦੀ ਜੋਖਮ ਤਿਆਰੀ ਦੀ ਸਮੀਖਿਆ ਕੀਤੀ ਹੈ। ਇਸਦੇ ਲਈ, ਰਿਜਰਵ ਬੈਂਕ ਦੁਆਰਾ ਸਾਈਬਰ ਸੁਰੱਖਿਆ ਅਤੇ ਸੂਚਨਾ ਤਕਨਾਲੋਜੀ ਪ੍ਰੀਖਿਆ ਕਰਵਾਈ ਜਾਂਦੀ ਹੈ, ਜਿਸ ਨੂੰ ਸੀਐਸਸਾਈਟ ਵੀ ਕਿਹਾ ਜਾਂਦਾ ਹੈ। ਵਿੱਚ, ਵੱਖ-ਵੱਖ ਬੈਂਕਾਂ ਦੀ ਆਫਤ ਪ੍ਰਬੰਧਨ ਤਿਆਰੀਆਂ, ਇੰਟਰਨੈਟ ਅਤੇ ਮੋਬਾਈਲ ਬੈਂਕਿੰਗ ਪਲੇਟਫਾਰਮਾਂ ਦੀਆਂ ਸਮਰੱਥਾਵਾਂ, ਧੋਖਾਧੜੀ ਖੋਜ ਪ੍ਰਣਾਲੀਆਂ ਆਦਿ ਦੀ ਜਾਂਚ ਕੀਤੀ ਜਾਂਦੀ ਹੈ। ਡਿਜੀਟਲ ਬੈਂਕਿੰਗ ਦੇ ਵਧਣ ਨਾਲ ਸਾਈਬਰ ਹਮਲਿਆਂ ਦੇ ਖਤਰੇ ਵੀ ਵਧ ਗਏ ਹਨ। ਇਸ ਕਾਰਨ ਸਾਈਬਰ ਅਤੇ ਆਈ.ਟੀ. ਦੀ ਵੱਖਰੇ ਤੌਰ 'ਤੇ ਸਮੀਖਿਆ ਕਰਨ ਦੀ ਲੋੜ ਹੈ। ਦੇ ਤਹਿਤ, ਦੀ ਨਿਰੀਖਣ ਟੀਮ ਸਾਰੇ ਬੈਂਕਾਂ ਦੇ ਪ੍ਰਣਾਲੀਆਂ ਦੀ ਚੰਗੀ ਤਰ੍ਹਾਂ ਜਾਂਚ ਕਰਦੀ ਹੈ। ਜਾਂਚ ਦੌਰਾਨ ਉਨ੍ਹਾਂ ਚੀਜਾਂ ਦੀ ਪਛਾਣ ਕੀਤੀ ਜਾਂਦੀ ਹੈ ਜੋ ਖਤਰੇ ਦਾ ਕਾਰਨ ਬਣ ਸਕਦੀਆਂ ਹਨ। ਉਸ ਤੋਂ ਬਾਅਦ ਬੈਂਕਾਂ ਨੂੰ ਠੀਕ ਕਰਨ ਬਾਰੇ ਸਲਾਹ ਦਿੱਤੀ ਜਾਂਦੀ ਹੈ।

## ਲੋਕ ਸਭਾ ਚੋਣਾਂ ਕਾਰਨ ਲਟਕ ਗਈ ਹਜਾਰਾਂ ਅਧਿਆਪਕਾਂ ਦੀ ਭਰਤੀ, ਜੂਨ ਤੱਕ ਕਰਨੀ ਪਵੇਗੀ ਉਡੀਕ

ਸ਼ਿਮਲਾ 18 ਮਾਰਚ : ਹਿਮਾਚਲ ਪ੍ਰਦੇਸ਼ 'ਚ ਹੁਣ ਲੋਕ ਸਭਾ ਚੋਣਾਂ ਮਗਰੋਂ ਹੀ ਸਕੂਲਾਂ ਵਿਚ ਹਜਾਰਾਂ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇਗੀ। ਦੇਸ 'ਚ ਆਦਰਸ ਚੋਣ ਜਾਬਤਾ ਲਾਗੂ ਹੋਣ ਕਾਰਨ , ਅਤੇ ਕੰਪਿਊਟਰ ਅਧਿਆਪਕਾਂ ਦੀ ਭਰਤੀ ਨੂੰ ਰੋਕ ਦਿੱਤਾ ਗਿਆ ਹੈ। ਦੋ ਦਿਨ ਪਹਿਲਾਂ ਬੈਚਵਾਈਜ ਭਰਤੀ ਰਾਹੀਂ 1023 ਦੀ ਚੋਣ ਕੀਤੀ ਗਈ ਸੀ। ਹੁਣ ਇਨ੍ਹਾਂ ਅਧਿਆਪਕਾਂ ਨੂੰ ਨਿਯੁਕਤੀਆਂ ਲਈ ਜੂਨ ਤੱਕ ਉਡੀਕ ਕਰਨੀ ਪਵੇਗੀ। 1161 ਅਸਾਮੀਆਂ 'ਤੇ ਦੀ ਬੈਚ ਵਾਈਜ ਭਰਤੀ ਦਾ ਨਤੀਜਾ ਵੀ ਜੂਨ 'ਚ ਹੀ ਜਾਰੀ ਕਰ ਦਿੱਤਾ ਜਾਵੇਗਾ। ਕੰਪਿਊਟਰ ਸਾਇੰਸ ਲੈਕਚਰਾਰ ਦੀਆਂ 985 ਅਸਾਮੀਆਂ ਭਰਨ ਲਈ ਇਸਤਿਹਾਰ ਜਾਰੀ ਕਰਨ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਡਾਇਰੈਕਟੋਰੇਟ ਆਫ ਐਲੀਮੈਂਟਰੀ ਐਜੂਕੇਸਨ ਨੇ ਅਕਤੂਬਰ-ਨਵੰਬਰ 2023 ਦੌਰਾਨ 13 ਮਾਰਚ ਨੂੰ ਬੈਚਵਾਈਜ ਕਾਉਂਸਲਿੰਗ ਦਾ ਨਤੀਜਾ ਘੋਸ਼ਿਤ ਕੀਤਾ ਹੈ। ਇਸ ਵਿਚ ਆਰਟਸ 'ਚ 496, ਨਾਨ-ਮੈਡੀਕਲ ਵਿਚ 333 ਅਤੇ ਮੈਡੀਕਲ ਵਿਚ 194 ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ। ਆਉਣ ਵਾਲੇ ਦਿਨਾਂ ਵਿ]ਚ ਇਨ੍ਹਾਂ ਅਧਿਆਪਕਾਂ ਨੂੰ ਸਕੂਲਾਂ ਵਿਚ ਨਿਯੁਕਤੀਆਂ ਦਿੱਤੀਆਂ ਜਾਣੀਆਂ ਸਨ ਪਰ ਚੋਣ ਜਾਬਤਾ ਲੱਗਣ ਕਾਰਨ ਇਹ ਨਿਯੁਕਤੀਆਂ ਤਿੰਨ ਮਹੀਨਿਆਂ ਲਈ ਲਟਕ ਗਈਆਂ ਹਨ। ਸਿੱਖਿਆ ਵਿਭਾਗ ਨੇ ਅਧਿਆਪਕਾਂ ਦੀਆਂ ਬੈਚਵਾਈਜ 1,161 ਅਸਾਮੀਆਂ ਭਰਨ ਲਈ ਹਾਈ ਕੋਰਟ ਤੋਂ ਮਨਜੂਰੀ ਵੀ ਮੰਗੀ ਹੈ। ਹਾਲ ਹੀ 'ਚ ਇਸ ਮਾਮਲੇ ਦੀ ਸੁਣਵਾਈ ਦੌਰਾਨ ਹਾਈਕੋਰਟ ਨੇ ਬਿਨਾਂ ਮਨਜੂਰੀ ਦੇ ਨਤੀਜੇ ਜਾਰੀ ਨਾ ਕਰਨ ਦੇ ਹੁਕਮ ਦਿੱਤੇ ਸਨ। ਹੁਣ ਸੰਭਾਵਨਾ ਹੈ ਕਿ ਇਸ ਭਰਤੀ ਦਾ ਨਤੀਜਾ ਲੋਕ ਸਭਾ ਚੋਣਾਂ ਤੋਂ ਬਾਅਦ ਹੀ ਜਾਰੀ ਹੋਵੇਗਾ। ਇਸ ਤੋਂ ਇਲਾਵਾ ਸਰਕਾਰ ਨੇ ਕੰਪਿਊਟਰ ਸਾਇੰਸ ਲੈਕਚਰਾਰਾਂ ਦੀਆਂ 985 ਅਸਾਮੀਆਂ ਭਰਨ ਦਾ ਐਲਾਨ ਵੀ ਕੀਤਾ ਹੈ। ਇਹ ਅਸਾਮੀਆਂ ਲੋਕ ਸੇਵਾ ਕਮਿਸਨ ਰਾਹੀਂ ਸਿੱਧੀ ਭਰਤੀ ਰਾਹੀਂ ਭਰੀਆਂ ਜਾਣੀਆਂ ਹਨ। ਇਸ ਭਰਤੀ ਵਿਚ ਪਹਿਲਾਂ ਆਊਟਸੋਰਸ ਆਧਾਰ 'ਤੇ ਨਿਯੁਕਤ ਕੰਪਿਊਟਰ ਅਧਿਆਪਕਾਂ ਨੂੰ ਤਰਜੀਹ ਦਿੱਤੀ ਜਾਵੇਗੀ। ਹਾਲਾਂਕਿ ਨਿਯੁਕਤੀਆਂ ਕਰਨ ਲਈ ਚੋਣ ਕਮਿਸਨ ਤੋਂ ਮਨਜੂਰੀ ਦੀ ਲੋੜ ਹੋਵੇਗੀ।

## 10 ਸਾਲਾਂ 'ਚ ਭਾਜਪਾ 12 ਤੋਂ 58 ਫੀਸਦੀ ਵੋਟ ਤੱਕ ਪਹੁੰਚੀ, ਕਾਂਗਰਸ ਦਾ 13 ਫੀਸਦੀ ਘਟਿਆ

ਹਰਿਆਣਾ 18 ਮਾਰਚ : ਲੋਕ ਸਭਾ ਚੋਣਾਂ ਦੀਆਂ ਤਾਰੀਖਾਂ ਦਾ ਐਲਾਨ ਹੋ ਚੁੱਕਿਆ ਹੈ, ਉੱਥੇ ਹੀ ਪਾਰਟੀਆਂ ਅਜੇ ਆਪਣੇ ਉਮੀਦਵਾਰ ਤੈਅ ਕਰਨ 'ਚ ਲੱਗੀਆਂ ਹਨ। ਪਿਛਲੀਆਂ ਤਿੰਨ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਪ੍ਰਦੇਸ਼ 'ਚ ਵੋਟਿੰਗ ਟਰੈਂਡ ਨੇ ਸਿਆਸਤ ਬਦਲ ਦਿੱਤੀ ਹੈ। ਵੱਡੇ-ਵੱਡੇ ਨੇਤਾਵਾਂ ਦੀ ਰਾਜਨੀਤੀ ਬਦਲ ਗਈ ਹੈ। ਜਿਸ ਭਾਜਪਾ ਨੂੰ ਗਠਜੋੜ ਲਈ ਦੂਜੀਆਂ ਪਾਰਟੀਆਂ ਦੇ ਦਰਵਾਜੇ 'ਤੇ ਜਾਣਾ ਪੈਂਦਾ ਸੀ, ਉਸ ਨੂੰ ਹਰਿਆਣਾ 'ਚ ਵੋਟਰਾਂ ਨੇ ਇਸ ਤਰ੍ਹਾਂ ਸਿਰ ਮੱਥੇ ਬਿਠਾਇਆ ਕਿ ਨਾ ਸਿਰਫ ਉਸ ਦੀ ਝੋਲੀ 'ਚ 10 ਦੀਆਂ 10 ਸੀਟਾਂ ਪਾ ਦਿੱਤੀਆਂ। 2009 'ਚ 12.1 ਫੀਸਦੀ ਵੋਟ ਲੈ ਕੇ ਵੀ ਕੋਈ ਸੀਟ ਨਾ ਜਿੱਤਣ ਵਾਲੀ ਭਾਜਪਾ 2019 'ਚ ਸਾਰੀਆਂ 10 ਸੀਟਾਂ ਜਿੱਤੀ। 58 ਫੀਸਦੀ ਤੋਂ ਜ਼ਿਆਦਾ ਵੋਟ ਮਿਲੇ। 2009 'ਚ 41.8 ਫੀਸਦੀ ਵੋਟ ਪਾ ਕੇ 9 ਸੀਟਾਂ ਜਿੱਤਣ ਵਾਲੀ ਕਾਂਗਰਸ 2019 'ਚ ਜੀਰੋ 'ਤੇ ਆ ਗਈ। ਵੋਟ ਸ਼ੇਅਰ ਵੀ 28.4 ਫੀਸਦੀ ਰਿਹਾ।

# ਵਜਿਆ ਚੋਣ ਬਿਗੁਲ, ਚੋਣ ਕਮਿਸ਼ਨ ਵਲੋਂ ਲੋਕ ਸਭਾ ਚੋਣਾਂ ਦੀਆਂ ਤਾਰੀਖਾਂ ਦਾ ਐਲਾਨ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 18 ਮਾਰਚ : ਭਾਰਤੀ ਚੋਣ ਕਮਿਸਨ ਨੇ ਅੱਜ ਯਾਨੀ ਸਨੀਵਾਰ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਵਿਗਿਆਨ ਭਵਨ ਤੋਂ ਐਲਾਨ ਕਰਦੇ ਹੋਏ ਕਿਹਾ ਕਿ ਚੋਣਾਂ 7 ਗੇੜ ਵਿਚ ਹੋਣਗੀਆਂ। ਪਹਿਲੇ ਗੇੜ ਦੀਆਂ ਚੋਣਾਂ 19 ਅਪ੍ਰੈਲ ਨੂੰ ਹੋਣਗੀਆਂ। ਦੂਜੇ ਗੇੜ ਦੀਆਂ ਵੋਟਾਂ 26 ਅਪ੍ਰੈਲ ਜਦੋਂ ਕਿ ਤੀਜੇ ਗੇੜ ਦੀਆਂ ਵੋਟਿੰਗ 7 ਮਈ ਅਤੇ ਚੌਥੇ ਗੇੜ ਦੀ ਵੋਟਿੰਗ 13 ਮਈ ਨੂੰ ਹੋਵੇਗੀ। ਉੱਥੇ ਹੀ 5ਵੇਂ ਗੇੜ ਦੀ ਵੋਟਿੰਗ 20 ਮਈ ਅਤੇ 6ਵੇਂ ਗੇੜ ਦੀ ਵੋਟਿੰਗ 25 ਮਈ ਨੰ ਹੋਵੇਗੀ। ਆਖਰੀ ਗੇੜ ਦੀ ਵੋਟਿੰਗ ਇਕ ਜੂਨ ਨੂੰ ਹੋਵੇਗੀ, ਜਦੋਂ ਕਿ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਇਸ ਦੇ ਨਾਲ ਹੀ ਪੂਰੇ ਦੇਸ ਵਿੱਚ ਚੋਣ ਜਾਬਤਾ ਵੀ ਲਾਗੂ ਹੋ ਗਈ ਹੈ। ਰਾਜੀਵ ਕੁਮਾਰ ਨੇ ਕਿਹਾ ਕਿ ਸਾਡੀ ਟੀਮ ਚੋਣਾਂ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਕਰੀਬ 97 ਕਰੋੜ ਵੋਟਰ ਵੋਟਿੰਗ ਕਰਨਗੇ। 10.5 ਲੱਖ ਪੋਲਿੰਗ ਸਟੇਸ਼ਨ ਹੋਣਗੇ, ਜਦੋਂ ਕਿ 55 ਲੱਖ ਈ.ਵੀ.ਐੱਮ. ਦਾ ਇਸਤੇਮਾਲ ਕੀਤਾ ਜਾਵੇਗਾ। ਇਸ ਲਈ 1.5 ਕਰੋੜ ਪੋਲਿੰਗ ਅਧਿਕਾਰੀ ਅਤੇ ਸੁਰੱਖਿਆ ਅਧਿਕਾਰੀ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ 1.82 ਕਰੋੜ ਨੌਜਵਾਨ ਵੋਟਰਜ ਹਨ, ਜੋ ਕਿ ਇਸ ਵਾਰ ਵੋਟਿੰਗ ਕਰਨਗੇ। ਉਨ੍ਹਾਂ ਕਿਹਾ ਕਿ 18 ਤੋਂ 29 ਸਾਲ ਦੇ ਸਾਢੇ 21 ਲੱਖ ਵੋਟਰ ਹਨ। ਦੱਸਣਯੋਗ ਹੈ ਕਿ ਮੌਜੂਦਾ ਲੋਕ ਸਭਾ ਦਾ ਕਾਰਜਕਾਲ 16 ਜੂਨ ਨੂੰ ਖਤਮ ਹੋ ਰਿਹਾ ਹੈ। 2019 'ਚ ਲੋਕ ਸਭਾ ਚੋਣਾਂ ਦਾ ਐਲਾਨ 10 ਮਾਰਚ ਨੂੰ ਹੋਇਆ ਸੀ ਅਤੇ 11 ਅਪ੍ਰੈਲ ਤੋਂ 7 ਪੜ੍ਹਾਵਾਂ 'ਚ ਵੋਟਿੰਗ ਹੋਈ ਸੀ। ਵੋਟਾਂ ਦੀ ਗਿਣਤੀ 23 ਮਈ ਨੂੰ ਹੋਈ ਸੀ।




## ਲੋਕ ਸਭਾ ਚੋਣਾਂ : ਚੋਣ ਪ੍ਰਚਾਰ ਲਈ ਸਿਆਸੀ ਪਾਰਟੀਆਂ ਨੂੰ ਸੋਸ਼ਲ ਮੀਡੀਆ ਦਾ 'ਸਹਾਰਾ'

ਨਵੀਂ ਦਿੱਲੀ 18 ਮਾਰਚ : ਦੇਸ਼ 'ਚ ਦੁਨੀਆ ਦੇ ਸਭ ਤੋਂ ਵੱਡੇ ਚੋਣ ਤਿਉਹਾਰ ਦੀਆਂ ਤਿਆਰੀਆਂ ਸੁਰੂ ਹੋਣ ਦੇ ਨਾਲ ਹੀ ਸਿਆਸੀ ਪਾਰਟੀਆਂ ਵੋਟਰਾਂ ਦੇ ਮਨੋਵਿਗਿਆਨ 'ਤੇ ਅਸਰ ਪਾਉਣ ਲਈ ਵਟਸਐਪ ਵਰਗੇ 'ਮੈਸੇਜਿੰਗ' ਮੰਚਾਂ ਅਤੇ ਸੋਸਲ ਮੀਡੀਆ 'ਇਨਫਲੂਐਂਸਰਜ' ਦਾ ਸਹਾਰਾ ਲੈ ਰਹੀਆਂ ਹਨ। ਸਿਆਸੀ ਵਿਸਲੇਸਕਾਂ ਨੇ ਇਹ ਜਾਣਕਾਰੀ ਦਿੱਤੀ। ਸਿਆਸੀ ਪਾਰਟੀਆਂ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੀਆਂ ਪ੍ਰਾਪਤੀਆਂ ਦਾ ਪ੍ਰਚਾਰ ਕਰਨ ਅਤੇ ਵੋਟਰਾਂ ਤੋਂ ਸਮਰਥਨ ਮੰਗਣ ਲਈ ਵੱਡੇ ਪੱਧਰ 'ਤੇ ਸੋਸਲ ਮੀਡੀਆ ਦੀ ਵਰਤੋਂ ਕਰ ਰਹੀਆਂ ਹਨ। ਭਾਰਤੀ ਜਨਤਾ ਪਾਰਟੀ (ਭਾਜਪਾ) ਵਟਸਐਪ 'ਤੇ 'ਪ੍ਰਧਾਨ ਮੰਤਰੀ ਵੱਲੋਂ ਪੱਤਰ' ਭੇਜ ਕੇ ਵੋਟਰਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਨਰਿੰਦਰ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਵੋਟਰਾਂ ਤੋਂ 'ਫੀਡਬੈਕ' ਲੈ ਕੇ ਰਹੀ ਹੈ। ਵਟਸਐਪ ਦੇ ਭਾਰਤ 'ਚ ਹਰ ਮਹੀਨੇ 50 ਕਰੋੜ ਤੋਂ ਵੱਧ ਐਕਟਿਵ ਯੂਜਰਜ ਹਨ। ਭਾਜਪਾ ਨੇ 'ਮਾਈ ਫਸਟ ਵੋਟ ਫਾਰ ਮੋਦੀ' ਵੈੱਬਸਾਈਟ ਲਾਂਚ ਕੀਤੀ ਹੈ ਜਿਸ 'ਚ ਵੋਟਰ ਮੋਦੀ ਨੂੰ ਵੋਟ ਦੇਣ ਦਾ ਸੰਕਲਪ ਲੈ ਸਕਦੇ ਹਨ ਅਤੇ ਆਪਣੀ ਪਸੰਦ ਦਾ ਕਾਰਨ ਦੱਸਣ ਵਾਲੀ ਇਕ ਵੀਡੀਓ ਅਪਲੋਡ ਕਰ ਸਕਦੇ ਹਨ। ਵੈੱਬਸਾਈਟ 'ਤੇ ਰਾਸਟਰੀ ਜਨਤੰਤਰਿਕ ਗੱਠਜੋੜ (ਐੱਨ. ਡੀ. ਏ.) ਸਰਕਾਰ 'ਚ ਕੀਤੇ ਗਏ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਕਈ ਛੋਟੀਆਂ ਵੀਡੀਓਜ ਵੀ ਹਨ। ਉਥੇ ਹੀ ਕਾਂਗਰਸ 'ਰਾਹੁਲ ਗਾਂਧੀ ਵਟਸਐਪ ਗਰੁੱਪ' ਚਲਾਉਂਦੀ ਹੈ, ਜਿਸ 'ਚ ਰਾਹੁਲ ਲੋਕਾਂ ਨਾਲ ਗੱਲਬਾਤ ਕਰਦੇ ਹਨ ਅਤੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹਨ। ਵਟਸਐਪ 'ਤੇ ਸੂਚਨਾਵਾਂ ਦੇ ਪ੍ਰਸਾਰ ਦੀ ਨਿਗਰਾਨੀ ਜ਼ਿਲ੍ਹਾ ਪੱਧਰ 'ਤੇ ਕੀਤੀ ਜਾਂਦੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਜਨਤਾ ਤੱਕ ਪਹੁੰਚ ਸਕੇ ਅਤੇ ਪਾਰਟੀ ਦੇ ਵੋਟਰ ਆਧਾਰ ਨੂੰ ਮਜਬੂਤ ਕਰੇ। ਇੰਸਟਾਗ੍ਰਾਮ ਅਤੇ ਟਵਿੱਟਰ (ਹੁਣ ਐਕਸ) ਵਰਗੇ ਕਈ ਮੰਚ ਹਨ, ਜੋ ਲੋਕਾਂ ਦੇ ਇਕ ਖਾਸ ਵਰਗ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਅਤੇ ਉਨ੍ਹਾਂ ਦੇ ਵੱਖ-ਵੱਖ ਫਾਰਮੈਟ ਹਨ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ, ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਮੀਡੀਆ ਇਸ਼ਤਿਹਾਰਾਂ (ਪ੍ਰਿੰਟ ਅਤੇ ਇਲੈਕਟ੍ਰਾਨਿਕ, 'ਬਲਕ' ਐੱਸ. ਐੱਮ. ਐੱਸ., ਕੇਬਲ, ਵੈੱਬਸਾਈਟਾਂ, ਟੀ. ਵੀ. ਚੈਨਲ ਆਦਿ) 'ਤੇ 325 ਕਰੋੜ ਰੁਪਏ ਖਰਚ ਕੀਤੇ ਸਨ, ਜਦੋਂ ਕਿ ਕਾਂਗਰਸ ਨੇ 356 ਕਰੋੜ ਰੁਪਏ ਖਰਚ ਕੀਤੇ।

### ਕਮਲਨਾਥ ਦੇ ਕੱਟੜ ਸਮਰਥਕ ਜਾਫਰ ਭਾਜਪਾ 'ਚ ਹੋਏ ਸ਼ਾਮਲ

ਭੋਪਾਲ (ਵਾਰਤਾ) 18 ਮਾਰਚ : ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਦੇ ਕੱਟੜ ਸਮਰਥਕ ਅਤੇ ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਸਈਅਦ ਜਾਫਰ ਸੋਮਵਾਰ ਨੂੰ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ 'ਚ ਸ਼ਾਮਲ ਹੋ ਗਏ। ਰਾਜਧਾਨੀ ਭੋਪਾਲ ਸਥਿਤ ਭਾਜਪਾ ਦੇ ਪ੍ਰਦੇਸ਼ ਦਫਤਰ 'ਚ ਮੁੱਖ ਮੰਤਰੀ ਡਾ. ਮੋਹਨ ਯਾਦਵ, ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਅਤੇ ਸੰਸਦ ਮੈਂਬਰ ਵਿਸ਼ਨੂੰਦੱਤ ਸ਼ਰਮਾ ਨੇ ਵੀ ਸ਼੍ਰੀ ਜਾਫਰ ਸਮੇਤ ਕਾਂਗਰਸ ਦੇ ਕਈ ਨੇਤਾਵਾਂ ਨੂੰ ਭਾਜਪਾ ਦੀ ਮੈਂਬਰਸ਼ਿਪ ਦਿਵਾਈ। ਸ਼੍ਰੀ ਜਾਫਰ ਦੇ ਨਾਲ ਹੀ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਨਰਲ ਸਕੱਤਰ ਡਾ. ਰਾਮਸਖਾ ਵਰਮਾ ਵੀ ਆਪਣੇ ਕਈ ਸਮਰਥਕਾਂ ਨਾਲ ਭਾਜਪਾ 'ਚ ਸ਼ਾਮਲ ਹੋ ਗਏ। ਰਾਜ 'ਚ ਇੰਨੀਂ ਦਿਨੀਂ ਲਗਾਤਾਰ ਕਾਂਗਰਸ ਨੇਤਾ ਪਾਰਟੀ ਦਾ ਸਾਥ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਰਹੇ ਹਨ।

## ਕਾਂਗਰਸ ਨੇ ਹਿਮਾਚਲ ਦੀਆਂ ਸਾਰੀਆਂ 4 ਲੋਕ ਸਭਾ ਸੀਟਾਂ ਲਈ ਇੰਚਾਰਜ ਕੀਤੇ ਨਿਯੁਕਤ

ਸ਼ਿਮਲਾ (ਭਾਸ਼ਾ) 18 ਮਾਰਚ : ਕਾਂਗਰਸ ਨੇ ਹਿਮਾਚਲ ਪ੍ਰਦੇਸ਼ 'ਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੋਮਵਾਰ ਨੂੰ ਰਾਜ ਦੇ ਸਾਰੇ ਚਾਰ ਸੰਸਦੀ ਖੇਤਰਾਂ ਲਈ ਆਪਣੇ ਚੋਣ ਇੰਚਾਰਜ ਨਿਯੁਕਤ ਕੀਤੇ। ਹਿਮਾਚਲ ਪ੍ਰਦੇਸ਼ ਦੀਆਂ ਚਾਰ ਲੋਕ ਸਭਾ ਸੀਟਾਂ 'ਤੇ ਚੋਣ ਅਤੇ 6 ਬਾਗੀ ਕਾਂਗਰਸ ਵਿਧਾਇਕਾਂ ਨੂੰ ਅਯੋਗ ਠਹਿਰਾਏ ਜਾਣ ਕਾਰਨ ਖਾਲੀ 6 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਇਕ ਜੂਨ ਨੂੰ ਹੋਣਗੀਆਂ। ਪਾਰਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ, ਹਿਮਾਚਲ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਅਤੇ ਮੰਡੀ ਤੋਂ ਮੌਜੂਦਾ ਸੰਸਦ ਮੈਂਬਰ ਪ੍ਰਤਿਭਾ ਸਿੰਘ ਨੇ ਸ਼ਹਿਰੀ ਵਿਕਾਸ ਮੰਤਰੀ ਵਿਕਰਮਾਦਿਤਿਆ ਸਿੰਘ ਨੂੰ ਮੰਡੀ, ਉੱਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੂੰ ਹਮੀਰਪੁਰ, ਸਿੱਖਿਆ ਮੰਤਰੀ ਰੋਹਿਤ ਠਾਕੁਰ ਨੂੰ ਸ਼ਿਮਲਾ ਅਤੇ ਖੇਤੀਬਾੜੀ ਮੰਤਰੀ ਚੰਦਰ ਕੁਮਾਰ ਨੂੰ ਕਾਂਗੜਾ ਤੋਂ ਇੰਚਾਰਜ ਨਿਯੁਕਤ ਕੀਤਾ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਪਾਰਟੀ ਨੇ ਉਦਯੋਗ ਮੰਤਰੀ ਹਰਸ਼ਵਰਧਨ ਚੌਹਾਨ ਨੂੰ ਪ੍ਰਚਾਰ ਅਤੇ ਪ੍ਰਕਾਸ਼ਨ ਦਾ ਇੰਚਾਰਜ ਅਤੇ ਮਾਲੀਆ ਮੰਤਰੀ ਜਗਤ ਸਿੰਘ ਨੇਗੀ ਨੂੰ ਪ੍ਰਸ਼ਾਸਨ ਅਤੇ ਕੋਆਰਡੀਨੇਟਰ ਦਾ ਇੰਚਾਰਜ ਬਣਾਇਆ ਹੈ। ਵਿਧਾਨ ਸਭਾ 'ਚ ਕਟੌਤੀ ਪ੍ਰਸਤਾਵ ਅਤੇ ਵਿੱਤ ਬਿੱਲ 'ਤੇ ਵੋਟਿੰਗ ਤੋਂ ਗੈਰ-ਮੌਜੂਦ ਰਹਿਣ ਵਾਲੇ 6 ਬਾਗੀ ਵਿਧਾਇਕਾਂ ਨੂੰ ਅਯੋਗ ਐਲਾਨ ਕੀਤੇ ਜਾਣ ਤੋਂ ਬਾਅਦ ਵਿਧਾਨ ਸਭਾ ਦੀਆਂ 6 ਸੀਟਾਂ ਖਾਲੀ ਹੋ ਗਈਆਂ ਹਨ।

## ਦਰਦਨਾਕ; ਅਵਾਰਾ ਕੁੱਤਿਆਂ ਨੇ ਨੋਚ-ਨੋਚ ਮਾਰ ਦਿੱਤਾ ਸਕੂਲ ਜਾ ਰਿਹਾ 6 ਸਾਲਾ ਮਾਸੂਮ

ਜੈਪੁਰ (ਭਾਸ਼ਾ) 18 ਮਾਰਚ : ਰਾਜਸਥਾਨ 'ਚ ਚਿਤੌੜਗੜ੍ਹ ਜ਼ਿਲ੍ਹੇ ਦੇ ਪਾਰਸੋਲੀ ਥਾਣਾ ਖੇਤਰ 'ਚ ਸੋਮਵਾਰ ਨੂੰ ਅਵਾਰਾ ਕੁੱਤਿਆਂ ਦੇ ਹਮਲੇ 'ਚ 6 ਸਾਲਾ ਇਕ ਮਾਸੂਮ ਦੀ ਮੌਤ ਹੋ ਗਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਸਬ ਇੰਸਪੈਕਟਰ ਪ੍ਰੇਮ ਸਿੰਘ ਖੰਗਾਰੋਤ ਨੇ ਦੱਸਿਆ ਕਿ ਬੇਗੂੰ ਤਹਿਸੀਲ ਦੇ ਪਾਰਸੋਲੀ ਪਿੰਡ 'ਚ ਆਯੂਸ਼ (6) ਜਦੋਂ ਸਕੂਲ ਜਾ ਰਿਹਾ ਸੀ, ਉਦੋਂ ਕੁਝ ਕੁੱਤਿਆਂ ਨੇ ਉਸ ਨੂੰ ਘੇਰ ਲਿਆ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਬੱਚੇ ਨੇ ਉਨ੍ਹਾਂ ਤੋਂ ਬਚਣ ਲਈ ਦੌੜਣ ਦੀ ਕੋਸ਼ਿਸ਼ ਕੀਤੀ ਤਾਂ ਕੁੱਤਿਆਂ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਬੁਰੀ ਤਰ੍ਹਾਂ ਨੋਚ ਖਾਧਾ।

# ਇਨ੍ਹਾਂ ਸੂਬਿਆਂ 'ਚ ਸਭ ਤੋਂ ਮਹਿੰਗਾ ਮਿਲ ਰਿਹਾ ਪੈਟਰੋਲ-ਡੀਜਲ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 18 ਮਾਰਚ : ਦੇਸ 'ਚ ਆਂਧਰਾ ਪ੍ਰਦੇਸ, ਤੇਲੰਗਾਨਾ ਅਤੇ ਕੇਰਲ 'ਚ ਪੈਟਰੋਲ ਅਤੇ ਡੀਜਲ ਸਭ ਤੋਂ ਮਹਿੰਗੇ ਹਨ। ਇਸ ਦੇ ਨਾਲ ਹੀ ਦਿੱਲੀ ਅਤੇ ਉੱਤਰ-ਪੂਰਬੀ ਵਰਗੇ ਛੋਟੇ ਰਾਜਾਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ 'ਚ ਵਾਹਨਾਂ ਦੇ ਈਂਧਨ ਦੀਆਂ ਕੀਮਤਾਂ ਸਭ ਤੋਂ ਘੱਟ ਹਨ। ਇਸ ਗੱਲ ਦੀ ਜਾਣਕਾਰੀ ਉਦਯੋਗ ਦੇ ਅੰਕੜਿਆਂ ਤੋਂ ਮਿਲੀ ਹੈ। ਸਥਾਨਕ ਸੇਲਜ ਟੈਕਸ ਜਾਂ ਵੈਲਿਊ-ਐਡਿਡ ਟੈਕਸ (ਵੈਟ) ਦੀਆਂ ਦਰਾਂ 'ਚ ਫਰਕ ਕਾਰਨ ਵੱਖ-ਵੱਖ ਰਾਜਾਂ 'ਚ ਵਾਹਨਾਂ ਦੇ ਈਂਧਨ ਦੀਆਂ ਕੀਮਤਾਂ ਵੱਖ-ਵੱਖ ਹੁੰਦੀਆਂ ਹਨ। ਜਨਤਕ ਖੇਤਰ ਦੀਆਂ ਤਿੰਨੋਂ ਪੈਟਰੋਲੀਅਮ ਕੰਪਨੀਆਂ ਇੰਡੀਅਨ ਆਇਲ ਕਾਰਪੋਰੇਸਨ (ਐੱਲ. ਓ. ਸੀ.), ਭਾਰਤ ਪੈਟਰੋਲੀਅਮ ਕਾਰਪੋਰੇਸਨ ਲਿਮਟਿਡ (ਬੀ. ਪੀ. ਸੀ. ਐੱਲ.) ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸਨ ਲਿਮਟਿਡ (ਐੱਚ. ਪੀ. ਸੀ. ਐੱਲ.) ਨੇ ਪਿਛਲੇ ਹਫਤੇ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ 'ਚ 2 ਰੁਪਏ ਪ੍ਰਤੀ ਲਿਟਰ ਦੀ ਕਟੌਤੀ ਕੀਤੀ ਹੈ। ਇਸ ਤੋਂ ਪਹਿਲਾਂ ਲਗਭਗ 2 ਸਾਲਾਂ ਤੋਂ ਵਾਹਨਾਂ ਈਂਧਨ ਦੀਆਂ ਕੀਮਤਾਂ 'ਚ ਕੋਈ ਸੋਧ ਨਹੀਂ ਕੀਤੀ ਗਈ ਸੀ। ਇਸ ਕਟੌਤੀ ਨਾਲ ਲੋਕਾਂ ਨੂੰ ਕੁਝ ਰਾਹਤ ਮਿਲੀ ਪਰ ਹਾਈ ਵੈਲਿਊ ਐਡਿਡ ਟੈਕਸ ਕਾਰਨ ਕਈ ਰਾਜਾਂ 'ਚ ਹੁਣ ਵੀ ਵਾਹਨਾਂ ਈਂਧਨ 100 ਰੁਪਏ ਪ੍ਰਤੀ ਲਿਟਰ ਤੋਂ ਵੱਧ ਹੈ। ਵਾਈ. ਐੱਸ. ਜਗਨ ਮੋਹਨ ਰੈੱਡੀ ਦੀ ਵਾਈ. ਐੱਸ. ਆਰ. ਸੀ. ਪੀ. ਸਰਕਾਰ ਦੇ ਸਾਸਨ ਵਾਲੇ ਆਂਧਰਾ ਪ੍ਰਦੇਸ 'ਚ ਪੈਟਰੋਲ ਸਭ ਤੋਂ ਮਹਿੰਗਾ 109.87 ਰੁਪਏ ਪ੍ਰਤੀ ਲਿਟਰ ਹੈ। ਇਸ ਤੋਂ ਬਾਅਦ ਲੈਫਟ ਡੈਮੋਕ੍ਰੇਟਿਕ ਫਰੰਟ (ਐੱਲ. ਡੀ. ਐੱਫ.) ਸ਼ਾਸਿਤ ਕੇਰਲ ਦਾ ਨੰਬਰ ਆਉਂਦਾ ਹੈ। ਉੱਥੇ ਇਕ ਲਿਟਰ ਪੈਟਰੋਲ 107.54 ਰੁਪਏ 'ਚ ਵਿਕ ਰਿਹਾ ਹੈ। ਕਾਂਗਰਸ ਸਾਸਿਤ ਤੇਲੰਗਾਨਾ 'ਚ ਪੈਟਰੋਲ ਦੀ ਕੀਮਤ 107.39 ਰੁਪਏ ਪ੍ਰਤੀ ਲਿਟਰ ਹੈ। ਭਾਜਪਾ ਸਾਸਿਤ ਰਾਜ ਵੀ ਪਿੱਛੇ ਨਹੀਂ ਹਨ-ਭੋਪਾਲ 'ਚ ਪੈਟਰੋਲ ਦੀ ਕੀਮਤ 106.45 ਰੁਪਏ ਪ੍ਰਤੀ ਲਿਟਰ, ਪਟਨਾ 'ਚ 105.16 ਰੁਪਏ (ਜੇ. ਡੀ. ਯੂ. ਨਾਲ ਗਠਜੋੜ 'ਚ ਭਾਜਪਾ), ਜੈਪੁਰ 'ਚ 104.86 ਰੁਪਏ ਅਤੇ ਮੁੰਬਈ 'ਚ 104.19 ਰੁਪਏ ਪ੍ਰਤੀ ਲਿਟਰ ਹੈ। ਮਮਤਾ ਬੈਨਰਜੀ ਦੇ ਤ੍ਰਿਣਮੂਲ ਕਾਂਗਰਸ (ਟੀ. ਐੱਮ. ਸੀ.) ਸਾਸਿਤ ਪੱਛਮੀ ਬੰਗਾਲ 'ਚ ਪੈਟਰੋਲ ਦੀ ਕੀਮਤ 103.93 ਰੁਪਏ ਪ੍ਰਤੀ ਲਿਟਰ ਹੈ। ਅੰਕੜਿਆਂ ਅਨੁਸਾਰ, ਜਿਨ੍ਹਾਂ ਹੋਰ ਰਾਜਾਂ 'ਚ ਪੈਟਰੋਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਤੋਂ ਵੱਧ ਹੈ, ਉਨ੍ਹਾਂ 'ਚ ਓਡਿਸਾ (ਭੁਵਨੇਸਵਰ 'ਚ 101.04 ਰੁਪਏ ਪ੍ਰਤੀ ਲਿਟਰ), ਤਾਮਿਲਨਾਡੂ (ਚੇਨਈ 'ਚ 100.73 ਰੁਪਏ) ਅਤੇ ਛੱਤੀਸਗੜ੍ਹ (ਰਾਏਪੁਰ 'ਚ 100.37 ਰੁਪਏ) ਸਾਮਲ ਹਨ। ਡੀਜਲ ਦੀਆਂ ਕੀਮਤਾਂ ਦੀ ਗੱਲ ਕਰੀਏ ਤਾਂ ਆਂਧਰਾ ਪ੍ਰਦੇਸ ਦੇ ਅਮਰਾਵਤੀ 'ਚ ਇਹ ਈਂਧਨ 97.6 ਰੁਪਏ ਪ੍ਰਤੀ ਲਿਟਰ 'ਤੇ ਵਿਕ ਰਿਹਾ ਹੈ। ਇਸ ਤੋਂ ਬਾਅਦ ਕੇਰਲ ਦੀ ਰਾਜਧਾਨੀ ਤਿਰੂਵਨੰਤਪੁਰਮ 'ਚ ਇਹ 96.41 ਰੁਪਏ ਪ੍ਰਤੀ ਲਿਟਰ, ਹੈਦਰਾਬਾਦ 'ਚ 95.63 ਰੁਪਏ ਅਤੇ ਰਾਏਪੁਰ 'ਚ 93.31 ਰੁਪਏ ਪ੍ਰਤੀ ਲਿਟਰ ਹੈ। ਭਾਜਪਾ ਸਾਸਿਤ ਮਹਾਰਾਸਟਰ, ਛੱਤੀਸਗੜ੍ਹ ਅਤੇ ਬਿਹਾਰ 'ਚ ਡੀਜਲ ਦੀ ਕੀਮਤ 92 ਤੋਂ 93 ਰੁਪਏ ਪ੍ਰਤੀ ਲਿਟਰ ਹੈ। ਓਡਿਸ਼ਾ ਅਤੇ ਝਾਰਖੰਡ 'ਚ ਵੀ ਡੀਜਲ ਦੀ ਕੀਮਤ ਇੰਨੀ ਹੀ ਹੈ। ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ 'ਚ ਡੀਜਲ ਸਭ ਤੋਂ ਸਸਤਾ ਹੈ, ਜਿੱਥੇ ਇਹ ਲਗਭਗ 78 ਰੁਪਏ ਪ੍ਰਤੀ ਲਿਟਰ ਵਿਕ ਰਿਹਾ ਹੈ। ਮਹਾਨਗਰਾਂ 'ਚੋਂ ਦਿੱਲੀ 'ਚ ਵੈਟ ਸਭ ਤੋਂ ਘੱਟ ਹੈ। ਦਿੱਲੀ 'ਚ ਡੀਜਲ ਦੀ ਕੀਮਤ 87.66 ਰੁਪਏ ਪ੍ਰਤੀ ਲਿਟਰ ਹੈ, ਜਦੋਂਕਿ ਗੋਆ 'ਚ ਇਸ ਦੀ ਕੀਮਤ 87.76 ਰੁਪਏ ਪ੍ਰਤੀ ਲਿਟਰ ਹੈ। ਈਂਧਨ ਦੀਆਂ ਕੀਮਤਾਂ 'ਚ ਕਟੌਤੀ 'ਤੇ ਗੋਲਡਮੈਨ ਸੈਕਸ਼ ਨੇ ਕਿਹਾ ਕਿ ਤਿੰਨਾਂ ਪੈਟਰੋਲੀਅਮ ਮਾਰਕੀਟਿੰਗ ਕੰਪਨੀਆਂ ਦਾ ਸ਼ੁੱਧ ਮਾਰਜਿਨ 1.7-2.7 ਰੁਪਏ ਪ੍ਰਤੀ ਲਿਟਰ ਤੋਂ ਘੱਟ ਕੇ 80-90 ਪੈਸੇ ਪ੍ਰਤੀ ਲਿਟਰ ਹੋ ਜਾਵੇਗਾ।




## 5 ਮੰਜ਼ਿਲਾ ਨਿਰਮਾਣ ਅਧੀਨ ਇਮਾਰਤ ਹੋਈ ਢਹਿ-ਢੇਰੀ, ਮਲਬੇ 'ਚੋਂ ਕੱਢੇ ਗਏ 10 ਲੋਕ

ਕੋਲਕਾਤਾ, 18 ਮਾਰਚ : ਪੱਛਮੀ ਬੰਗਾਲ ਦੇ ਕੋਲਕਾਤਾ 'ਚ ਐਤਵਾਰ ਦੇਰ ਰਾਤ ਇਕ ਨਿਰਮਾਣ ਅਧੀਨ ਇਮਾਰਤ ਦੇ ਡਿੱਗਣ ਤੋਂ ਬਾਅਦ ਮਲਬੇ 'ਚੋਂ ਘੱਟੋ-ਘੱਟ 10 ਲੋਕਾਂ ਨੂੰ ਕੱਢਿਆ ਗਿਆ। ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਗਾਰਡਨ ਰੀਚ ਇਲਾਕੇ ਦੇ ਹਜਾਰੀ ਮੁੱਲਾ ਬਾਗਾਨ ਸਥਿਤ 5 ਮੰਜ਼ਿਲਾ ਇਮਾਰਤ ਦੇਰ ਰਾਤ ਢਹਿ ਗਈ। ਇਸ ਤੋਂ ਬਾਅਦ ਮਲਬੇ ਹੇਠਾਂ ਲੋਕਾਂ ਦੇ ਦੱਬੇ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਤਲਾਸੀ ਅਤੇ ਬਚਾਅ ਮੁਹਿੰਮ ਚਲਾਈ ਗਈ। ਕੋਲਕਾਤਾ ਦੇ ਪੁਲਸ ਕਮਿਸਨਰ ਵਿਨੀਤ ਗੋਇਲ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਬਚਾਅ ਕਾਰਜ ਦਾ ਜਾਇਜਾ ਲਿਆ। ਇਮਾਰਤ ਡਿੱਗਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਜਖਮੀ ਹੋ ਗਏ। ਸਿਟੀ ਮੇਅਰ ਫਿਰਹਾਦ ਹਕੀਮ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਦੇਰ ਰਾਤ ਗਾਰਡਨ ਰੀਚ ਖੇਤਰ 'ਚ ਇਕ ਨਿਰਮਾਣ ਅਧੀਨ ਇਮਾਰਤ ਡਿਗ ਗਈ। ਅਸੀਂ ਮਲਬੇ 'ਚੋਂ ਕੁਝ ਲੋਕਾਂ ਨੂੰ ਬਾਹਰ ਕੱਢਿਆ ਹੈ। ਬਚਾਅ ਕਾਰਜ ਅਜੇ ਵੀ ਜਾਰੀ ਹੈ। ਘਟਨਾ ਵਾਲੀ ਥਾਂ 'ਤੇ ਐਂਬੂਲੈਂਸਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ। ਸਥਾਨਕ ਲੋਕਾਂ ਮੁਤਾਬਕ ਇਮਾਰਤ ਦੇ ਡਿੱਗਣ ਤੋਂ ਪਹਿਲਾਂ ਕੰਕਰੀਟ ਦੇ ਟੁਕੜੇ ਡਿੱਗੇ ਸਨ। ਉਨ੍ਹਾਂ ਨੇ ਦੱਸਿਆ ਕਿ ਜਦੋਂ ਇਮਾਰਤ ਡਿੱਗੀ ਤਾਂ ਜੋਰਦਾਰ ਆਵਾਜ ਆਈ ਅਤੇ ਪੂਰੇ ਇਲਾਕੇ 'ਚ ਧੂੜ ਦੇ ਗੁਬਾਰ ਛਾ ਗਿਆ।

# ਪੰਜਾਬ ਦੇ ਸਾਬਕਾ ਸੀਐਮ ਨੂੰ ਧਮਕੀ ਦੇਣ ਵਾਲਾ ਸ਼ਖਸ ਗ੍ਰਿਫਤਾਰ, ਪੁਲਸ ਨੇ ਨਾਗਪੁਰ ਤੋਂ ਫੜ੍ਹਿਆ

ਰੂਪਨਗਰ, 18 ਮਾਰਚ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਬੀਤੇ ਦਿਨੀਂ ਧਮਕੀ ਦੇਣ ਵਾਲੇ ਸ਼ਖਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਕਤ ਵਿਅਕਤੀ ਵਲੋਂ ਫੋਨ ਜਰੀਏ ਸਾਬਕਾ ਮੁੱਖ ਮੰਤਰੀ ਨੂੰ ਧਮਕੀ ਦਿੱਤੀ ਗਈ ਸੀ। ਪੁਲਸ ਨੇ ਉਕਤ ਸ਼ਖਸ ਨੂੰ ਨਾਗਪੁਰ ਤੋਂ ਗ੍ਰਿਫਤਾਰ ਕੀਤਾ ਹੈ। ਮੁੱਖ ਮੰਤਰੀ ਨੂੰ ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਦੀਪਕ ਵਾਸੀ ਮਹਾਰਾਸ਼ਟਰ ਵਜੋਂ ਹੋਈ ਸੀ। ਗ੍ਰਿਫਤਾਰ ਕੀਤੇ ਗਏ ਵਿਅਕਤੀ ਕੋਲੋਂ ਇੱਕ ਲੈਪਟਾਪ ਅਤੇ 2 ਮੋਬਾਇਲ ਫੋਨ ਬਰਾਮਦ ਕੀਤੇ ਗਏ ਹਨ। ਇਸ ਵਿਅਕਤੀ ਨੂੰ ਅਦਾਲਤ ਵਿਚ ਪੇਸ਼ ਕਰਕੇ 3 ਦਿਨ ਦਾ ਪੁਲਸ ਰਿਮਾਂਡ ਲੈ ਕੇ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ। ਇਸ ਬਾਰੇ 'ਜਗਬਾਣੀ' ਨਾਲ ਫੋਨ 'ਤੇ ਗੱਲਬਾਤ ਕਰਦਿਆਂ ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਐੱਸ. ਐੱਸ. ਪੀ. ਰੋਪੜ ਦੀ ਵੀਡੀਓ ਦੇਖੀ ਹੈ, ਜਿਸ 'ਚ ਉਹ ਕਹਿ ਰਹੇ ਹਨ ਕਿ ਚੰਨੀ ਸਾਹਿਬ ਨੂੰ ਧਮਕੀ ਦੇਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਚਰਨਜੀਤ ਚੰਨੀ ਨੇ ਕਿਹਾ ਕਿ ਪੁਲਸ ਨੇ ਇਹ ਗੈਰ ਪੰਜਾਬੀ ਬੰਦਾ ਨਾਗਪੁਰ ਤੋਂ ਫੜ੍ਹ ਕੇ ਲਿਆਂਦਾ ਹੈ ਪਰ ਜਿਹੜੇ ਬੰਦੇ ਨੇ ਉਨ੍ਹਾਂ ਨੂੰ ਧਮਕੀ ਦਿੱਤੀ ਸੀ, ਉਹ ਪੂਰੀ ਪੰਜਾਬੀ ਬੋਲਦਾ ਸੀ ਅਤੇ ਲਿਖਦਾ ਸੀ। ਉਨ੍ਹਾਂ ਕਿਹਾ ਕਿ ਫੜ੍ਹਿਆ ਗਿਆ



ਬੰਦਾ ਗੈਰ ਪੰਜਾਬੀ ਹੈ ਅਤੇ ਕਿਸੇ ਤਰ੍ਹਾਂ ਵੀ ਇਹ ਬੰਦਾ ਧਮਕੀ ਦੇਣ ਵਾਲਾ ਨਹੀਂ ਹੋ ਸਕਦਾ ਅਤੇ ਇਸ 'ਚ ਕੋਈ ਸੱਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਪੁਲਸ ਅਤੇ ਸਰਕਾਰ ਨੇ ਮਿਲ ਕੇ ਡਰਾਮੇਬਾਜੀ ਕੀਤੀ ਹੈ। ਜਿਹੜੇ ਬੰਦੇ ਨੇ ਮੈਨੂੰ ਧਮਕੀ ਦਿੱਤੀ ਹੈ, ਉਹ ਠੇਠ ਪੰਜਾਬੀ ਬੋਲ ਰਿਹਾ ਸੀ ਅਤੇ ਗੈਰ ਪੰਜਾਬੀ ਬੰਦੇ ਦਾ ਕਦੇ ਪੰਜਾਬੀ ਵਾਲਾ ਲਹਿਜਾ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਇਸ ਬੰਦੇ ਨੇ ਮੈਨੂੰ ਧਮਕੀ ਨਹੀਂ ਦਿੱਤੀ, ਸਗੋਂ ਪੁਲਸ ਨੇ ਬਿਨਾਂ ਮਤਲਬ ਤੋਂ ਇਸ ਨੂੰ ਫੜ੍ਹ ਲਿਆ ਹੈ। ਚਰਨਜੀਤ ਚੰਨੀ ਨੇ ਕਿਹਾ ਕਿ ਉਕਤ ਬੰਦੇ ਨੇ ਕਿਸੇ ਬਾਈ ਨਾਲ ਵੀ ਮੇਰੀ ਗੱਲ ਕਰਾਉਣ ਲਈ ਕਿਹਾ ਸੀ ਪਰ ਮੈਂ ਇਨਕਾਰ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਸਮਝ ਆ ਗਈ ਸੀ ਕਿ ਮੇਰੇ ਕੋਲ ਕੁੱਝ ਨਹੀਂ ਹੈ, ਜਿਸ ਦੇ 2-3 ਦਿਨਾਂ ਬਾਅਦ ਉਨ੍ਹਾਂ ਨੂੰ ਫੋਨ ਆਉਣਾ ਬੰਦ ਹੋ ਗਿਆ ਸੀ। ਇਸ ਮੌਕੇ ਚਰਨਜੀਤ ਸਿੰਘ ਚੰਨੀ ਨੇ ਪੰਜਾਬ 'ਚ ਵਿਗੜਦੀ ਹੋਈ ਕਾਨੂੰਨ-ਵਿਵਸਥਾ ਬਾਰੇ ਵੀ ਗੱਲ ਕੀਤੀ। ਜਦੋਂ ਉਨ੍ਹਾਂ ਤੋਂ ਲੋਕ ਸਭਾ ਚੋਣ ਲੜਨ ਬਾਰੇ ਪੁੱਛਿਆ ਗਿਆ ਤਾਂ ਉਹ ਇਸ ਨੂੰ ਟਾਲਦੇ ਹੋਏ ਨਜਰ ਆਏ। ਦੱਸਣਯੋਗ ਹੈ ਬੀਤੇ ਦਿਨੀਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੋਬਾਇਲ ਫੋਨ 'ਤੇ ਧਮਕੀ ਭਰੀ ਕਾਲ ਕਰਕੇ ਕਿਸੇ ਵਿਅਕਤੀ ਵਲੋਂ 2 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ।

# ਪੰਜਾਬ ਦੀ ਸਿਆਸਤ 'ਚ ਹੋ ਸਕਦਾ ਵੱਡਾ ਧਮਾਕਾ ! 'ਆਪ' ਵਾਪਸ ਲਵੇਗੀ 8 ਉਮੀਦਵਾਰਾਂ ਦੇ ਨਾਂ

ਚੰਡੀਗੜ੍ਹ, 18 ਮਾਰਚ : ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਨੂੰ ਲੈ ਕੇ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਆਖਿਆ ਹੈ ਕਿ ਕੱਲ੍ਹ ਦਿੱਲੀ



ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਹੋਈ ਹੈ, ਜਿਸ ਵਿਚ ਗੱਠਜੋੜ ਦੀ ਗੱਲ ਤੁਰੀ ਹੈ। ਜਾਖੜ ਨੇ ਕਿਹਾ ਕਿ 'ਆਪ' ਦੇ ਐਲਾਨੇ 8 ਉਮੀਦਵਾਰ ਵੀ ਬਦਲੇ ਜਾ ਸਕਦੇ ਹਨ ਕਿਉਂਕਿ ਦਿੱਲੀ ਵਿਚ ਕਾਂਗਰਸ ਅਤੇ 'ਆਪ' ਵਿਚਾਲੇ ਗੱਠਜੋੜ ਦੀ ਗੱਲ ਚੱਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਨੂੰ ਲੈ ਕੇ ਕਾਂਗਰਸ ਅਤੇ 'ਆਪ' ਵਿਚਾਲੇ ਗੱਠਜੋੜ ਨੂੰ ਦਿੱਲੀ 'ਚ ਆਖਰੀ ਪੜਾਅ ਵਿਚ ਹੈ। ਜਾਖੜ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਵੱਲੋਂ ਐਲਾਨੇ ਗਏ 8 ਉਮੀਦਵਾਰਾਂ ਦੀ ਗ੍ਰਾਂਊਡ ਰਿਪੋਰਟ ਚੰਗੀ ਨਹੀਂ ਆਈ ਹੈ। ਇਸ ਵਿਚ ਲੋਕਾਂ ਨੂੰ ਬਦਲਾਅ ਦੇਖਣ ਨੂੰ ਮਿਲਣਗੇ। ਪਰਦੇ ਵਿਚ ਜਿਹੜੀ ਗੰਢ-ਤੁੱਪ ਚੱਲ ਰਹੀ ਸੀ, ਉਹ ਹੁਣ ਖੁੱਲ੍ਹ ਕੇ ਸਾਹਮਣੇ ਆਵੇਗੀ। ਜਾਖੜ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਸ ਲਿਸਟ ਨੂੰ ਨਵੇਂ ਸਿਰੇ ਤੋਂ ਘੋਖਿਆ ਜਾਵੇ। ਹੁਸ਼ਿਆਰਪੁਰ ਤੋਂ ਕਾਂਗਰਸ ਦੇ ਵਿਧਾਇਕ ਰਾਜ ਕੁਮਾਰ ਚੱਬੇਵਾਲ ਦਾ ਆਮ ਆਦਮੀ ਪਾਰਟੀ ਵਿਚ ਜਾਣਾ ਵੀ ਗੱਠਜੋੜ ਦਾ ਹਿੱਸਾ ਹੀ ਸੀ, ਪਰਦੇ ਪਿੱਛੇ ਚੱਲ ਰਹੀ ਗੱਲਬਾਤ ਹੁਣ ਕੁਝ ਦਿਨਾਂ 'ਚ ਸਾਹਮਣੇ ਆ ਜਾਵੇਗੀ। ਸੁਨੀਲ ਜਾਖੜ ਵੱਲੋਂ ਕੀਤੇ ਜਾ ਰਹੇ ਦਾਅਵੇ ਬਾਰੇ ਜਦੋਂ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਉਮੀਦਵਾਰ ਅਤੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਜਾਖੜ ਦੇ ਦਾਅਵੇ ਨੂੰ ਸਿਰੇ ਤੋਂ ਖਾਰਜ ਕੀਤਾ।

# ਪੰਜਾਬ ਟੈਕਸੇਸ਼ਨ ਵਿਭਾਗ ਦੀ ਵੱਡੀ ਕਾਰਵਾਈ, 5 ਕਰੋੜ ਰੁਪਏ ਦੇ ਸੋਨੇ ਤੇ ਹੀਰਿਆਂ ਦੇ ਗਹਿਣੇ ਕੀਤੇ ਜ਼ਬਤ

ਪਟਿਆਲਾ/ਸਨੌਰ, 18 ਮਾਰਚ : ਲੋਕ ਸਭਾ ਚੋਣਾਂ 2024 ਲਈ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਪੰਜਾਬ ਟੈਕਸੇਸ਼ਨ ਵਿਭਾਗ ਨੇ ਸੜਕੀ ਨਿਰੀਖਣ 'ਚ ਕੀਤੇ ਵਾਧੇ ਦੇ ਮੱਦੇਨਜਰ ਇਕ ਨਿੱਜੀ ਵਾਹਨ 'ਚੋਂ ਟੈਕਸ ਚੋਰੀ ਕਰਕੇ ਲਿਜਾਏ ਜਾ ਰਹੇ ਕਰੀਬ 5 ਕਰੋੜ ਰੁਪਏ ਦੇ ਸੋਨੇ ਤੇ ਹੀਰਿਆਂ ਦੇ ਗਹਿਣੇ ਜ਼ਬਤ ਕੀਤੇ ਹਨ। ਇਹ ਜਾਣਕਾਰੀ ਦਿੰਦਿਆਂ ਕਰ ਵਿਭਾਗ ਦੇ ਵਧੀਕ ਕਮਿਸ਼ਨਰ ਜੀਵਨਜੋਤ ਕੌਰ ਨੇ ਖੁਲਾਸਾ ਕੀਤਾ ਕਿ ਵਧੀਕ ਮੁੱਖ ਸਕੱਤਰ (ਟੈਕਸੇਸ਼ਨ) ਪੰਜਾਬ ਵਿਕਾਸ ਪ੍ਰਤਾਪ ਸਿੰਘ ਤੇ ਕਰ ਕਮਿਸ਼ਨਰ ਪੰਜਾਬ ਵਰੁਣ ਰੂਜਮ ਦੇ ਨਿਰਦੇਸ਼ਾਂ ਅਨੁਸਾਰ ਆਗਾਮੀ ਲੋਕ ਸਭਾ ਚੋਣਾਂ 2024 ਦੌਰਾਨ ਸਖ਼ਤ ਸੜਕੀ ਜਾਂਚ ਰਾਹੀਂ ਟੈਕਸ ਚੋਰੀ ਦਾ ਪਤਾ ਲਗਾਉਣ ਦੀ ਮੁਹਿੰਮ ਆਰੰਭੀ ਗਈ ਹੈ। ਉਨ੍ਹਾਂ ਦੱਸਿਆ ਕਿ ਆਦਰਸ਼ ਚੋਣ ਜ਼ਾਬਤਾ ਲੱਗਣ ਤੋਂ ਤੁਰੰਤ ਬਾਅਦ ਸ਼ੁਰੂ ਹੋਈ ਇਸ ਪਹਿਲਕਦਮੀ ਦੌਰਾਨ ਐੱਸ. ਟੀ. ਓ. ਹੁਕਮ ਚੰਦ ਬਾਂਸਲ ਦੀ ਅਗਵਾਈ ਹੇਠ ਇਕ ਟੀਮ, ਜੋ ਕਿ ਏ. ਸੀ. ਐੱਸ. ਟੀ. ਪ੍ਰਦੀਪ ਕੌਰ ਢਿੱਲੋਂ, ਐੱਸ. ਆਈ. ਪੀ. ਯੂ. ਪਟਿਆਲਾ ਦੀ ਨਿਗਰਾਨੀ 'ਚ ਤਾਇਨਾਤ ਸੀ, ਵਲੋਂ ਭਰੋਸੇਯੋਗ ਜਾਣਕਾਰੀ ਦੇ ਆਧਾਰ 'ਤੇ ਕਰੀਬ 5 ਕਰੋੜ ਰੁਪਏ ਦੀ ਕੀਮਤ ਵਾਲੇ ਸੋਨੇ ਤੇ ਹੀਰਿਆਂ ਨਾਲ ਜੜੇ ਗਹਿਣਿਆਂ ਨੂੰ ਜ਼ਬਤ ਕੀਤਾ ਗਿਆ ਹੈ। ਕਰ ਵਿਭਾਗ ਦੇ ਵਧੀਕ ਕਮਿਸ਼ਨਰ ਜੀਵਨਜੋਤ ਕੌਰ ਨੇ ਦੱਸਿਆ ਕਿ ਸਟੇਟ ਟੈਕਸ ਅਫਸਰ ਨੂੰ ਬਠਿੰਡਾ ਤੋਂ ਚੰਡੀਗੜ੍ਹ ਜਾਣ ਲਈ ਇਕ ਚਿੱਟੇ ਰੰਗ ਦੀ ਇਨੋਵਾ ਕਾਰ ਰਜਿਸਟ੍ਰੇਸ਼ਨ ਨੰਬਰ ਸੀ. ਐੱਚ. 01 ਬੀ. ਕਿਊ. 0402 'ਚ ਵੱਡੀ ਮਾਤਰਾ 'ਚ ਕੀਮਤੀ ਧਾਤਾਂ ਦੀ ਢੋਆ-ਢੁਆਈ ਬਾਰੇ ਭਰੋਸੇਯੋਗ ਖੁਫੀਆ ਜਾਣਕਾਰੀ ਪ੍ਰਾਪਤ ਹੋਈ ਸੀ, ਇਸ ਗੱਡੀ ਦਾ ਵਿਆਪਕ ਪਿੱਛਾ ਕਰਨ ਤੋਂ ਬਾਅਦ ਵਾਹਨ ਨੂੰ 16 ਮਾਰਚ ਦੀ ਲੰਘੀ ਰਾਤ ਕਰੀਬ 10:51 ਵਜੇ ਟੋਲ ਪਲਾਜ਼ਾ ਕਾਲਾਝਾੜ (ਭਵਾਨੀਗੜ੍ਹ-ਪਟਿਆਲਾ ਰੋਡ) ਨੇੜੇ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਸਤੂਆਂ ਦਾ ਮਾਲਕ ਜੀ. ਐੱਸ. ਟੀ. ਐਕਟ 2017 ਦੇ ਉਪਬੰਧਾਂ ਦੁਆਰਾ ਲਾਜ਼ਮੀ ਤੌਰ 'ਤੇ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ 'ਚ ਅਸਫਲ ਰਿਹਾ। ਇਸ ਦੌਰਾਨ ਸ਼ੁਰੂਆਤੀ ਭੌਤਿਕ ਤਸਦੀਕ ਨੇ ਪੁਸ਼ਟੀ ਕੀਤੀ ਕਿ ਸੋਨੇ ਤੇ ਹੀਰਿਆਂ ਨਾਲ ਜੜੇ ਗਹਿਣਿਆਂ ਦੇ ਰੂਪ 'ਚ ਅੰਗੂਠੀਆਂ, ਚੂੜੀਆਂ, ਚੋਕਰ ਸੈੱਟ ਤੇ ਹਾਰ ਆਦਿ ਸ਼ਾਮਲ ਸਨ, ਜਿਨ੍ਹਾਂ ਨੂੰ ਸਹੀ ਤੇ ਪ੍ਰਮਾਣਿਕ ਦਸਤਾਵੇਜ਼ਾਂ ਦੀ ਅਣਹੋਂਦ 'ਚ ਮੌਕੇ 'ਤੇ ਹੀ ਜ਼ਬਤ ਕਰ ਲਿਆ ਗਿਆ। ਹਾਲਾਂਕਿ ਮਾਲ ਦੀ ਅਸਲ ਕੀਮਤ ਦਾ ਪਤਾ ਲਗਾਉਣ ਤੇ ਨਾਲ ਦੇ ਦਸਤਾਵੇਜ਼ਾਂ ਨੂੰ ਪ੍ਰਮਾਣਿਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਜੀਵਨਜੋਤ ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਸੋਨੇ ਤੇ ਹੀਰਿਆਂ ਦਾ ਮੁਲਾਂਕਣ ਪੂਰਾ ਹੋਣ ਤੋਂ ਬਾਅਦ ਸਬੰਧਤ ਫਰਮ ਨੂੰ ਟੈਕਸ ਚੋਰੀ ਲਈ ਭਾਰੀ ਜੁਰਮਾਨਾ ਭਰਨਾ ਪਵੇਗਾ।

## ਮਾਂ ਨੂੰ ਮਿਲੀ ਪੁੱਤਰ ਦੇ ਪ੍ਰੇਮ ਵਿਆਹ ਦੀ ਸਜਾ, ਕੁੜੀ ਦੇ ਘਰਦਿਆਂ ਨੇ ਕਰ 'ਤਾ ਕਾਰਾ

ਸ੍ਰੀ ਮੁਕਤਸਰ ਸਾਹਿਬ, 18 ਮਾਰਚ : ਗੋਨੇਆਨਾ ਰੋਡ ਦੀ ਰਹਿਣ ਵਾਲੀ ਇਕ ਔਰਤ ਪਰਮਜੀਤ ਕੌਰ ਉਰਫ ਪੂਜਾ ਦਾ ਉਸ ਦੇ ਘਰ ਨੇੜੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਪੂਜਾ ਦੇ ਪੁੱਤਰ ਵਿੱਕੀ ਗਿੱਲ ਨੇ ਕੁਝ ਦਿਨ ਪਹਿਲਾਂ ਹੀ ਮੁਹੱਲੇ ਦੀ ਇਕ ਕੁੜੀ ਨਾਲ ਪ੍ਰੇਮ ਵਿਆਹ ਕਰਵਾਇਆ ਸੀ ਤੇ ਹੁਣ 22 ਮਾਰਚ ਨੂੰ ਪੂਜਾ ਦੀ ਧੀ ਦਾ ਵੀ ਵਿਆਹ ਸੀ। ਮ੍ਰਿਤਕਾ ਦੇ ਪਰਿਵਾਰ ਵਾਲਿਆਂ ਵਲੋਂ ਕਥਿਤ ਤੌਰ 'ਤੇ ਇਸ ਕਤਲ ਦਾ ਸ਼ੱਕ ਪ੍ਰੇਮ ਵਿਆਹ ਕਰਨ ਵਾਲੀ ਕੁੜੀ ਦੇ ਪਰਿਵਾਰ ਵਾਲਿਆਂ 'ਤੇ ਕੀਤਾ ਜਾ ਰਿਹਾ ਹੈ। ਮ੍ਰਿਤਕਾ ਦੇ ਭਰਾ ਹਰਭਜਨ ਸਿੰਘ ਤੇ ਪੁੱਤਰ ਵਿੱਕੀ ਗਿੱਲ ਨੇ ਦੱਸਿਆ ਕਿ ਉਨ੍ਹਾਂ ਵਲੋਂ ਮੁਕਤਸਰ ਪੁਲਸ ਦੇ ਅਧਿਕਾਰੀਆਂ ਤੇ ਬੱਸ ਅੱਡਾ ਚੌਕੀ ਇੰਚਾਰਜ ਨੂੰ ਕਰੀਬ ਅੱਧੀ ਦਰਜਨ ਅਰਜ਼ੀਆਂ ਭੇਜ ਕੇ ਆਪਣੀ ਤੇ ਆਪਣੇ ਪਰਿਵਾਰ ਦੇ ਜੀਆਂ ਦੀ ਮੌਤ ਦਾ ਖ਼ਦਸ਼ਾ ਜਾਹਿਰ ਕੀਤਾ ਗਿਆ ਸੀ ਪਰ ਕੋਈ ਕਾਰਵਾਈ ਨਾ ਹੋਣ ਕਰਕੇ ਪੂਜਾ ਦੀ ਮੌਤ ਹੋ ਗਈ ਹੈ।

# ਰਾਜ ਸਭਾ ਮੈਂਬਰ ਸੀਚੇਵਾਲ ਦੇ ਯਤਨਾਂ ਸਦਕਾ ਸਾਊਦੀ ਅਰਬ ਤੇ ਓਮਾਨ 'ਚੋਂ ਘਰ ਪਰਤੀਆਂ ਕੁੜੀਆਂ, ਸੁਣਾਈ ਹੱਡਬੀਤੀ

ਕਪੂਰਥਲਾ, 18 ਮਾਰਚ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਸਾਊਦੀ ਅਰਬ ਅਤੇ ਓਮਾਨ ਵਿੱਚੋਂ ਵਾਪਸ ਆਈਆਂ ਕੁੜੀਆਂ ਨੇ ਆਪਣੀ ਹੱਡਬੀਤੀ ਸੁਣਾਈ ਹੈ। ਹੱਡਬੀਤੀ ਸੁਣਾਉਂਦੇ ਹੋਏ ਕੁੜੀਆਂ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਉਥੇ 18 ਤੋਂ 20 ਘੰਟੇ ਕੰਮ ਕਰਵਾਇਆ ਜਾਂਦਾ ਸੀ। ਸਿਹਤ ਖਰਾਬ ਹੋਣ 'ਤੇ ਇਲਾਜ ਨਹੀਂ ਸੀ ਕਰਵਾਇਆ ਜਾਂਦਾ ਸਗੋਂ ਬੀਮਾਰੀ ਦੌਰਾਨ ਵੀ ਧੱਕੇ ਨਾਲ ਕੰਮ ਕਰਵਾਇਆ ਜਾਂਦਾ ਸੀ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀਆਂ ਇਨ੍ਹਾਂ ਕੁੜੀਆਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਗਏ ਸਾਰਥਿਕ ਯਤਨਾਂ ਸਦਕਾ ਹੀ ਉਹ ਮੁੜ ਆਪਣੇ ਪਰਿਵਾਰਾਂ ਵਿੱਚ ਪਰਤ ਸਕੀਆਂ ਹਨ। ਅਰਬ ਦੇਸ਼ਾਂ ਵਿੱਚ ਵਾਪਸ ਆਈਆਂ ਕੁੜੀਆਂ ਜ਼ਿਲ੍ਹਾ ਹੁਸ਼ਿਆਰਪੁਰ, ਤਰਨਤਾਰਨ ਅਤੇ ਕਪੂਰਥਲਾ ਨਾਲ ਸੰਬੰਧਤ ਹਨ। ਸਾਊਦੀ ਅਰਬ ਅਤੇ ਓਮਾਨ ਤੋਂ ਵਾਪਸ ਆਈਆਂ ਕੁੜੀਆਂ ਨੇ ਲੂ-ਕੰਢੇ ਖੜ੍ਹੇ ਕਰਨ ਵਾਲੀਆਂ ਹੱਡਬੀਤੀਆਂ ਸਾਂਝੀਆਂ ਕਰਦਿਆਂ ਹੋਇਆ ਦੱਸਿਆ ਕਿ ਕਿਸ ਤਰ੍ਹਾਂ ਨਾਲ ਉਨ੍ਹਾਂ 'ਤੇ ਉੱਥੇ ਤਸ਼ਦੱਦ ਕੀਤਾ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਏਜੰਟਾਂ ਵੱਲੋਂ ਹਾਲੇ ਵੀ ਉੱਥੇ ਬਹੁਤ ਸਾਰੀਆਂ ਕੁੜੀਆਂ ਨੂੰ ਇਸੇ ਤਰ੍ਹਾਂ ਫਸਾ ਕੇ ਰੱਖਿਆ ਹੋਇਆ ਹੈ, ਜੋ ਨਾ ਸਿਰਫ ਭਾਰਤ ਦੀਆਂ ਸਗੋਂ ਨੇਪਾਲ ਸਮੇਤ ਹੋਰ ਵੀ ਦੇਸ਼ਾਂ ਦੀਆਂ ਹਨ। ਉਨ੍ਹਾਂ ਦੱਸਿਆ ਕਿ ਉੱਥੇ ਕੁੜੀਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਜਾਂਦਾ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਖਾੜੀ ਦੇਸ਼ਾਂ ਵਿੱਚ ਟਰੈਵਲ ਏਜੰਟਾਂ ਰਾਹੀ ਗਈਆਂ ਕੁੜੀਆਂ ਦਾ ਸ਼ੋਸ਼ਣ ਰੁੱਕਣ ਦਾ ਨਾਮ ਨਹੀਂ ਲੈ ਰਿਹਾ ਹੈ। ਬਿਹਤਰ ਭਵਿੱਖ, ਮੋਟੀਆਂ ਤਨਖਾਹਾਂ ਅਤੇ ਘਰਾਂ ਵਿੱਚ ਸੌਖਾ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਪੰਜਾਬ ਦੀਆਂ ਕੁੜੀਆਂ ਨੂੰ ਟਰੈਵਲ ਏਜੰਟ ਆਪਣੇ ਚੁੰਗਲ ਵਿੱਚ ਫਸਾ ਰਹੇ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਅਰਬ ਦੇਸ਼ਾਂ ਵਿੱਚ ਕੁੜੀਆਂ ਦਾ ਸ਼ੋਸ਼ਣ ਹੋਣਾ ਚਿੰਤਾਜਨਕ ਹੈ। ਉਨ੍ਹਾਂ ਵਿਦੇਸ਼ ਮੰਤਰਾਲੇ ਅਤੇ ਭਾਰਤੀ ਦੂਤਾਵਾਸਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਕੁੜੀਆਂ ਪਰਿਵਾਰਾਂ ਤੱਕ ਸਹੀ ਸਲਾਮਤ ਪਹੁੰਚ ਸਕੀਆਂ ਹਨ। ਉਨ੍ਹਾਂ ਦੱਸਿਆ ਕਿ ਜਨਵਰੀ ਫਰਵਰੀ ਮਹੀਨੇ ਦੌਰਾਨ ਇਨ੍ਹਾਂ 2 ਕੁੜੀਆਂ ਸਮੇਤ ਹੋਰ 4 ਕੁੜੀਆਂ ਵਾਪਸ ਆਈਆਂ ਹਨ।



## ਹੋਲੀ 'ਤੇ ਟਰੇਨ ਦਾ ਸਫਰ ਕਰਨ ਵਾਲਿਆਂ ਲਈ ਚੰਗੀ ਖਬਰ, ਰੇਲਵੇ ਨੇ ਦਿੱਤਾ ਤੋਹਫਾ

ਅਬੋਹਰ, 18 ਮਾਰਚ : ਉੱਤਰ ਪੱਛਮੀ ਰੇਲਵੇ ਨੇ ਹੋਲੀ ਦੇ ਤਿਓਹਾਰ ਮੌਕੇ ਦੂਰ-ਦੁਰਾਡੇ ਜਾਣ ਦੇ ਚਾਹਵਾਨ ਯਾਤਰੀਆਂ ਲਈ ਵਿਸ਼ੇਸ਼ ਰੇਲ ਗੱਡੀ ਚਲਾਉਣ ਦੀ ਅੰਤਿਮ ਪ੍ਰਵਾਨਗੀ ਦੇ ਦਿੱਤੀ ਹੈ। ਰੇਲਵੇ ਸੂਤਰਾਂ ਅਨੁਸਾਰ 04731/04732 ਸ਼੍ਰੀਗੰਗਾਨਗਰ-ਅਬੋਹਰ-ਆਗਰਾ ਛਾਉਣੀ ਸਪੈਸ਼ਲ ਟਰੇਨ 20 ਮਾਰਚ ਅਤੇ 27 ਮਾਰਚ ਨੂੰ ਚੱਲੇਗੀ। ਇਹ ਅਬੋਹਰ ਤੋਂ ਇਲਾਵਾ ਮਲੋਟ-ਗਿੱਦੜਬਾਹਾ-ਬਠਿੰਡਾ-ਸਿਰਸਾ-ਹਿਸਾਰ-ਚਰਖਿਦਾਦਰੀ-ਅਲਵਰ ਆਦਿ ਸਟੇਸ਼ਨਾਂ 'ਤੇ ਰੁਕੇਗੀ। ਵਾਪਸੀ 'ਤੇ ਇਹ ਟਰੇਨ 21 ਮਾਰਚ ਅਤੇ 28 ਮਾਰਚ ਨੂੰ ਆਗਰਾ ਛਾਉਣੀ ਤੋਂ ਸ਼੍ਰੀਗੰਗਾਨਗਰ ਲਈ ਰਵਾਨਾ ਹੋਵੇਗੀ।

ਇਸ ਵਿੱਚ 20 ਕੋਚਾਂ ਦੀ ਵਿਵਸਥਾ ਹੋਵੇਗੀ। ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਅਮਰਨਾਥ ਯਾਤਰਾ ਸੰਘ ਆਦਿ ਸੰਗਠਨਾਂ ਨੇ ਕਿਹਾ ਹੈ ਕਿ ਇਸ ਰੇਲਗੱਡੀ ਦਾ ਵਿਸ਼ੇਸ਼ ਤੌਰ 'ਤੇ ਰਾਜਸਥਾਨ-ਪੰਜਾਬ-ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਉਨ੍ਹਾਂ ਯਾਤਰੀਆਂ ਨੂੰ ਫਾਇਦਾ ਹੋਵੇਗਾ, ਜੋ ਆਪਣੀ ਰੋਜ਼ੀ-ਰੋਟੀ ਲਈ ਦੂਜੇ ਰਾਜਾਂ 'ਚ ਰਹਿ ਰਹੇ ਹਨ ਅਤੇ ਹੋਲੀ ਕਾਰਨ ਹੋਰ ਰੇਲਗੱਡੀਆਂ ਵਿੱਚ ਭੀੜ ਵੱਧਣ ਕਾਰਨ ਉਨ੍ਹਾਂ ਨੂੰ ਇਸ ਮੌਕੇ 'ਤੇ ਘਰ ਜਾਣਾ ਮੁਸ਼ਕਲ ਦਿਖਾਈ ਦੇ ਰਿਹਾ ਸੀ।

## ਖਰੜ ਦੇ 2 ਬਿਲਡਰ ਭਰਾਵਾਂ ਖਿਲਾਫ਼ ਪਲਾਟ ਵੇਚਣ ਦੇ ਨਾਂ 'ਤੇ ਧੋਖਾਧੜੀ ਦਾ ਮਾਮਲਾ ਦਰਜ

ਖਰੜ, 18 ਮਾਰਚ : ਆਪਣੇ ਗਾਹਕ ਨੂੰ ਪਲਾਟ ਵੇਚਣ ਸਣੇ ਉਸ ਦੀ ਉਸਾਰੀ ਕਰ ਕੇ ਦੇਣ ਦੇ ਨਾਂ 'ਤੇ ਕਰੀਬ 20 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਖਰੜ ਦੇ ਦੋ ਬਿਲਡਰ ਭਰਾਵਾਂ ਖਿ਼ਲਾਫ ਥਾਣਾ ਸਦਰ ਪੁਲਸ ਵਲੋਂ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਖਿ਼ਲਾਫ ਪਹਿਲਾਂ ਵੀ 2 ਧੋਖਾਧੜੀ ਦੇ ਮਾਮਲੇ ਦਰਜ ਹਨ।

ਬਾਲਾ ਜੀ ਕੰਪਲੈਕਸ, ਮੰਡਾਵਲੀ ਕੰਪਲੈਕਸ ਨਵੀਂ ਦਿੱਲੀ ਦੇ ਰਹਿਣ ਵਾਲੇ ਸੁਸੀਲ ਕੁਮਾਰ ਵਸ਼ਿਸ਼ਟ ਨੇ ਸਿ਼ਕਾਇਤ ਵਿਚ ਦੱਸਿਆ ਕਿ ਉਹ ਪਲਾਟ ਲੈਣ ਲਈ ਸੰਨੀ ਬਿਜਨੈੱਸ ਸੈਂਟਰ ਵਿਖੇ ਸਥਿਤ ਰੇਲਮ ਡਿਵੈਲਪਰਜ ਪ੍ਰਾਈਵੇਟ ਲਿਮਟਿਡ ਦੇ ਦਫਤਰ ਆਇਆ ਸੀ, ਜਿੱਥੇ ਕੰਪਨੀ ਦੇ ਮਾਲਕਾਂ ਸੌਰਵ ਵਿਜ ਅਤੇ ਅਰਵਿੰਦ ਵਿਜ ਨਾਲ ਪਲਾਟ ਪਸੰਦ ਆਉਣ 'ਤੇ 31 ਮਾਰਚ, 2022 ਨੂੰ ਸੌਦਾ 44 ਲੱਖ ਰੁਪਏ 'ਚ ਸਣੇ ਉਸਾਰੀ ਕਰ ਕੇ ਦੇਣ ਦਾ ਤੈਅ ਹੋ ਗਿਆ। ਤੈਅ ਸ਼ਰਤਾਂ ਮੁਤਾਬਕ ਮੁਲਜਮਾਂ ਦੇ ਖਾਤੇ 'ਚ 19 ਲੱਖ ਰੁਪਏ ਟਰਾਂਸਫਰ ਕਰ ਦਿੱਤੇ ਗਏ ਪਰ ਤੈਅ ਸਮੇਂ ਅੰਦਰ ਨਾ ਪਲਾਟ ਦੀ ਰਜਿਸਟਰੀ ਉਨ੍ਹਾਂ ਦੇ ਨਾਂ ਕਰਵਾਈ ਗਈ ਤੇ ਨਾ ਹੀ ਪਲਾਟ ਦੀ ਕੋਈ ਉਸਾਰੀ ਹੀ ਕਰਵਾਈ ਗਈ। ਸਿ਼ਕਾਇਤ ਪੁਲਸ ਨੂੰ ਦੇਣ 'ਤੇ ਦੋਵਾਂ ਧਿਰਾਂ ਵਿਚਾਲੇ ਪੈਸੇ ਵਾਪਸੀ ਦਾ ਸਮਝੌਤਾ ਹੋ ਗਿਆ। ਪਰ ਮੁਲਜਮਾਂ ਵਲੋਂ ਦਿੱਤੇ ਚੈੱਕ ਬਾਊਂਸ ਹੋ ਗਏ। ਆਖਰ ਮੁੜ ਦਰਖਾਸਤ ਦਿੱਤੇ ਜਾਣ 'ਤੇ ਸਦਰ ਪੁਲਸ ਵਲੋਂ ਦੋਵੇਂ ਮੁਲਜਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਸ਼ਹੀਦ ਅੰਮ੍ਰਿਤਪਾਲ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ, ਧਾਹਾਂ ਮਾਰ-ਮਾਰ ਰੋਇਆ ਪਰਿਵਾਰ

ਦਸੂਹਾ, 18 ਮਾਰਚ : ਮੁਕੇਰੀਆਂ ਨੇੜੇ ਪਿੰਡ ਮਨਸੂਰਪੁਰ ਮਾਹਿਤਪੁਰ ਵਿਖੇ ਬੀਤੇ ਦਿਨ ਇਕ ਨਸ਼ਾ ਤਸਕਰ ਵੱਲੋਂ ਗੋਲੀਆਂ ਚਲਾਉਣ ਨਾਲ ਸੀ. ਆਈ. ਏ. ਸਟਾਫ ਹੁਸ਼ਿਆਰਪੁਰ ਦਾ ਪੁਲਸ ਮੁਲਾਜਮ ਅੰਮ੍ਰਿਤਪਾਲ ਸਿੰਘ ਪੁੱਤਰ ਹਰਮਿੰਦਰ ਸਿੰਘ ਸ਼ਹੀਦ ਹੋ ਗਿਆ ਸੀ। ਅੱਜ ਸ਼ਹੀਦ ਅੰਮ੍ਰਿਤਪਾਲ ਸਿੰਘ ਦੇ ਜੱਦੀ ਪਿੰਡ ਜੰਡੋਰ ਜਿ਼ਲ੍ਹਾ ਹੁਸਿਆਰਪੁਰ ਵਿਖੇ ਸਰਕਾਰੀ ਰਸਮਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਪੁਲਸ ਦੀ ਟੁਕੜੀ ਨੇ ਸ਼ਹੀਦ ਨੂੰ ਸਲਾਮੀ ਦਿੱਤੀ ਅਤੇ ਉਸ ਦੇ ਪਿਤਾ ਹਰਮਿੰਦਰ ਸਿੰਘ ਨੇ ਮੁੱਖ ਅਗਨੀ ਵਿਖਾਈ। ਸ਼ਹੀਦ ਦੇ ਅੰਤਿਮ ਸੰਸਕਾਰ ਵਿੱਚ ਦਸੂਹਾ ਦੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਵਿਧਾਇਕ ਚੱਬੇਵਾਲ ਡਾ. ਰਾਜ ਕੁਮਾਰ ਡੀ. ਆਈ. ਜੀ. ਐੱਸ. ਭੂਪਤੀ ਐੱਸ. ਐੱਸ. ਪੀ. ਹੁਸ਼ਿਆਰਪੁਰ ਸੁਰਿੰਦਰ ਲਾਂਬਾ ਏ. ਡੀ. ਸੀ. ਰਾਹੁਲ ਚਾਬਾ ਐੱਸ. ਪੀ. ਮੇਜਰ ਸਿੰਘ ਡੀ. ਐੱਸ. ਪੀ. ਦਸੂਹਾ ਜਗਦੀਸ਼ ਰਾਜ ਅੱਤਰੀ ਡੀ. ਐੱਸ. ਪੀ. ਟਾਂਡਾ ਹਰਜੀਤ ਸਿੰਘ ਰੰਧਾਵਾ ਸੁਸ਼ੀਲ ਕੁਮਾਰ ਪਿੰਕੀ ਅਕਾਲੀ ਦਲ ਦਸੂਹਾ ਦੇ ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਬਿੱਕਾਂ ਚੀਮਾ ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ ਸ਼ਹੀਦ ਦੇ ਪਿਤਾ ਹਰਮਿੰਦਰ ਸਿੰਘ ਸ਼ਹੀਦ ਦੇ ਭਰਾ ਯੁੱਧਵੀਰ ਸਿੰਘ ਮਾਤਾ ਸੁਰਿੰਦਰ ਕੋਰ ਸ਼ਹੀਦ ਦੀ ਪਤਨੀ ਗਗਨਦੀਪ ਕੋਰ ਨੇ ਸ਼ਹੀਦ ਦੀ ਚਿਖਾ 'ਤੇ ਫੁੱਲ ਭੇਂਟ ਕਰਕੇ ਸ਼ਰਧਾਂਜਲੀ ਦਿੱਤੀ। ਅਤਿ ਗਮਗੀਨ ਮਾਹੌਲ ਵਿਚ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਸੀ। ਅੰਮ੍ਰਿਤਪਾਲ ਸਿੰਘ ਦੀ ਸ਼ਹੀਦੀ ਜਦੋਂ ਪਿੰਡ ਵਿੱਚ ਪਤਾ ਲੱਗਾ ਤਾਂ ਪੂਰੇ ਪਿੰਡ ਅਤੇ ਇਲਾਕੇ ਵਿੱਚ ਮਾਤਮ ਛਾ ਗਿਆ। ਇਸ ਸ਼ਹਾਦਤ 'ਤੇ ਡੀ. ਜੀ. ਪੀ.ਪੰਜਾਬ ਗੌਰਵ ਯਾਦਵ ਵੱਲੋਂ ਟਵੀਟ ਕਰਕੇ ਕਿਹਾਂ ਕਿ ਅੰਮ੍ਰਿਤਪਾਲ ਸਿੰਘ ਨੇ ਅਪਣੀ ਡਿਊਟੀ ਸਮੇਂ ਕੁਰਬਾਨੀ ਦਿੱਤੀ ਹੈ। ਪੰਜਾਬ ਸਰਕਾਰ ਅਤੇ ਪੁਲਸ ਵਿਭਾਗ ਉਨ੍ਹਾਂ ਦੇ ਪਰਿਵਾਰ ਦੀ ਸਹਾਇਤਾ ਲਈ ਨਾਲ ਖੜ੍ਹਿਆ ਹੈ।



# ਪਤੀ ਨੇ ਚਾਕੂ ਮਾਰ ਕੇ ਪਤਨੀ ਦਾ ਕੀਤਾ ਬੇਰਹਿਮੀ ਨਾਲ ਕਤਲ

ਹਠੂਰ, 18 ਮਾਰਚ : ਕੈਨੇਡਾ ਦੇ ਸ਼ਹਿਰ ਐਬਟਸਫੋਰਡ ਬੀ.ਸੀ. ਵਿਚ ਜਿ਼ਲ੍ਹਾ ਲੁਧਿਆਣਾ ਦੇ ਪਿੰਡ ਮੱਲ੍ਹਾ ਦੀ ਜੰਮਪਲ ਕੁੜੀ ਦਾ ਉਸ ਦੇ ਪਤੀ ਵੱਲੋਂ ਹੀ ਚਾਕੂ ਮਾਰ ਕੇ ਕਤਲ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਿਕ ਲੜਕੀ ਬਲਵਿੰਦਰ ਕੌਰ (41) ਦੇ ਪਿਤਾ ਹਿੰਮਤ ਸਿੰਘ ਵਾਸੀ ਮੱਲ੍ਹਾ ਨੇ ਦੱਸਿਆ ਕਿ ਉਸ ਦੀ ਧੀ ਦਾ ਵਿਆਹ ਸੰਨ 2000 ਵਿਚ ਲੁਧਿਆਣਾ ਦੇ ਪੱਖੋਵਾਲ ਰੋਡ ਦੇ ਵਾਸੀ ਜਗਪ੍ਰੀਤ ਸਿੰਘ ਉਰਫ ਰਾਜੂ ਨਾਲ ਕੀਤਾ ਸੀ। ਵਿਆਹ ਤੋਂ ਬਾਅਦ ਸਹੁਰਾ ਪਰਿਵਾਰ ਦਾਜ ਦਹੇਜ ਦੀ ਮੰਗ ਕਰਦਾ ਰਿਹਾ ਅਤੇ ਕਈ ਵਾਰ ਉਸਦੀ ਧੀ ਦੀ ਕੁੱਟਮਾਰ ਵੀ ਕੀਤੀ ਗਈ। ਲੜਕੀ ਦੇ ਪਿਤਾ ਹਿੰਮਤ ਸਿੰਘ ਨੇ ਕਿਹਾ ਕਿ ਉਹ ਚਾਰ ਧੀਆਂ ਦਾ ਬਾਪ ਹੈ, ਜਿਸ ਕਰਕੇ ਉਹ ਮਜਬੂਰਨ ਧੀ ਦੇ ਸਹੁਰਾ ਪਰਿਵਾਰ ਖਿਲਾਫ ਕੋਈ ਕਾਰਵਾਈ ਨਾ ਕਰਵਾ ਸਕਿਆ। ਉਸ ਨੇ ਦੱਸਿਆ ਕਿ ਉਸ ਦੀ ਬੇਟੀ ਦੀ ਕੁੱਖੋਂ ਹਰਨੂਰਪ੍ਰੀਤ ਕੌਰ ਤੇ ਗੁਰਨੂਰ ਸਿੰਘ ਦੋ ਬੱਚਿਆਂ ਨੇ ਜਨਮ ਲਿਆ ਹੈ ਅਤੇ ਉਸ ਨੇ ਹੀ ਆਪਣੀ ਦੋਹਤੀ ਹਰਨੂਰਪ੍ਰੀਤ ਕੌਰ ਨੂੰ ਆਈਲੈਟਸ ਕਰਵਾ ਕੇ ਸੰਨ 2020 ਵਿਚ ਕੈਨੇਡਾ ਪੜ੍ਹਨ ਲਈ ਭੇਜਿਆ ਸੀ।

ਜਨਵਰੀ 2022 ਵਿਚ ਬਲਵਿੰਦਰ ਕੌਰ ਆਪਣੀ ਧੀ ਨੂੰ ਮਿਲਣ ਲਈ ਵਿਜਿ਼ਟਰ ਵੀਜੇ 'ਤੇ ਕੈਨੇਡਾ ਗਈ ਸੀ। ਇਸ ਦੌਰਾਨ ਉਸ ਦਾ ਜਵਾਈ ਜਗਪ੍ਰੀਤ ਸਿੰਘ ਉਰਫ ਰਾਜੂ ਉਸ ਦੀ ਧੀ ਨੂੰ ਵਾਰ-ਵਾਰ ਫੋਨ ਕਰਕੇ ਉਸ ਨੂੰ ਵੀ ਜਲਦੀ ਕੈਨੇਡਾ ਬੁਲਾਉਣ ਦੀ ਜਿ਼ੱਦ ਕਰਨ ਲੱਗਾ। ਜਿ਼ਦ ਕਾਰਨ ਉਸ ਦੀ ਦੋਹਤੀ ਹਰਨੂਰਪ੍ਰੀਤ ਨੇ ਆਪਣੇ ਪਿਤਾ ਜਗਪ੍ਰੀਤ ਸਿੰਘ ਨੂੰ ਹਫਤਾ ਪਹਿਲਾਂ 11 ਮਾਰਚ 2024 ਨੂੰ ਕੈਨੇਡਾ ਬੁਲਾ ਲਿਆ, ਪਰ ਉਸ ਬੇਦਰਦ ਨੇ ਕੈਨੇਡਾ ਪਹੁੰਚਣ ਤੋਂ ਸਿਰਫ ਪੰਜ ਦਿਨ ਬਾਅਦ ਹੀ ਬਲਵਿੰਦਰ ਕੌਰ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਹੀ ਨਹੀਂ, ਇਸ ਕੰਮ ਦੀ ਵੀਡੀਓ ਬਣਾ ਕੇ ਜਗਪ੍ਰੀਤ ਸਿੰਘ ਨੇ ਆਪਣੀ ਮਾਤਾ ਨੂੰ ਲੁਧਿਆਣਾ ਵਿਖੇ ਭੇਜ ਦਿੱਤੀ। ਇਹ ਵੀਡੀਓ ਜਦ ਉਸ ਦੇ ਦੋਹਤੇ ਗੁਰਨੂਰ ਸਿੰਘ (18) ਨੇ ਦੇਖੀ ਤਾਂ ਉਸ ਨੇ ਆਪਣੀ ਮਾਂ ਦੇ ਕਤਲ ਦੀ ਖਬਰ ਰਿਸਤੇਦਾਰਾਂ ਨੂੰ ਦਿੱਤੀ। ਬੇਵੱਸ ਪਿਤਾ ਹਿੰਮਤ ਸਿੰਘ ਨੇ ਰੋਂਦੇ-ਕੁਰਲਾਉਂਦੇ ਦੱਸਿਆ ਕਿ ਬਲਵਿੰਦਰ ਕੌਰ ਦੇ ਕਾਤਲ ਜਗਪ੍ਰੀਤ ਸਿੰਘ ਨੂੰ ਕੈਨੇਡਾ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਇਸ ਦੁਖਦਾਈ ਖਬਰ ਨਾਲ ਹਰ ਸੁਣਨ ਵਾਲੇ ਦਾ ਹਿਰਦਾ ਵਲੂੰਧਰਿਆ ਗਿਆ ਹੈ ਅਤੇ ਕਰੀਬੀ ਰਿਸ਼ਤੇਦਾਰ ਕਮਿੱਕਰ ਸਿੰਘ ਬ੍ਰਹਮਪੁਰ, ਜਗਪਾਲ ਸਿੰਘ, ਰਾਜਵਿੰਦਰ ਕੌਰ, ਰਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸਰਪੰਚ ਹਰਬੰਸ ਸਿੰਘ ਮੱਲ੍ਹਾ, ਨਛੱਤਰ ਸਿੰਘ ਸਰਾਂ, ਪੰਚ ਸੁਖਵਿੰਦਰ ਸਿੰਘ, ਅਜੈਬ ਸਿੰਘ ਅਤੇ ਪਿੰਡ ਵਾਸੀਆਂ ਨੇ ਕੈਨੇਡਾ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਹੈ ਕਿ ਕਾਤਲ ਜਗਪ੍ਰੀਤ ਸਿੰਘ ਦੇ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋ ਮੰਗ ਕਰਦਿਆਂ ਕਿਹਾ ਕਿ ਮ੍ਰਿਤਕ ਬਲਵਿੰਦਰ ਕੌਰ ਦੀ ਲਾਸ਼ ਨੂੰ ਪਿੰਡ ਮੱਲ੍ਹਾ ਵਿਖੇ ਲਿਆਉਣ ਵਿਚ ਮਦਦ ਕੀਤੀ ਜਾਵੇ ਤਾਂ ਕਿ ਅੰਤਿਮ ਰਸਮਾਂ ਨਿਭਾਈਆਂ ਜਾ ਸਕਣ।

# ਆਸ਼ਾ ਦੇਵੀ ਦਾ ਮਿਸ਼ਨ : ਪੀ. ਬੀ.ਪਾਰਟਨਰਜ਼ ਦੇ ਨਾਲ ਬੀਮਾ ਖੇਤਰ 'ਚ ਹੋਰ ਔਰਤਾਂ ਨੂੰ ਸਸ਼ੱਕਤ ਬਣਾਉਣਾ

ਚੰਡੀਗੜ੍ਹ, 18 ਮਾਰਚ : ਪਰੰਪਰਾਗਤ ਰੁਜ਼ਗਾਰ ਤੋਂ ਉੱਦਮਤਾ ਤੱਕ ਦੀ ਯਾਤਰਾ ਸ਼ੁਰੂ ਕਰਦੇ ਹੋਏ ਆਸ਼ਾ ਦੇਵੀ ਦਿੱਲੀ ਦੀ ਇੱਕ ਮਹਿਲਾ ਏਜੰਟ ਪਾਰਟਨਰ ਨੇ ਬੀਮਾ ਅਤੇ ਵਿੱਤ ਖੇਤਰ 'ਚ ਸਫਲਤਾ ਦਾ ਇੱਕ ਪ੍ਰੇਰਣਾਦਾਇਕ ਰਸਤਾ ਤਿਆਰ ਕੀਤਾ ਹੈ। ਬੀਮਾ ਖੇਤਰ 'ਚ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਦੇ ਹੋਏ ਆਸ਼ਾ ਨੇ ਕੀਮਤੀ ਤਜ਼ਰਬਾ ਹਾਸਲ ਕੀਤਾ ਪਰ ਉਨ੍ਹਾਂ ਦੀਆਂ ਇੱਛਾਵਾਂ ਸਿਰਫ਼ ਇੱਕ ਆਮ ਨੌਕਰੀ ਕਰਨ ਦੀਆਂ ਨਹੀਂ, ਸਗੋਂ ਕੁੱਝ ਵੱਡਾ ਕਰ ਗੁਜ਼ਰਨ ਦੀਆਂ ਸਨ। ਪੀ. ਬੀ. ਪਾਰਟਨਰਜ਼, ਆਪਣੇ ਪੀ. ਓ. ਐੱਸ. ਪੀ. ਮਾਡਲ ਰਾਹੀਂ ਬੀਮਾ ਲੈਂਡਸਕੇਪ 'ਚ ਕ੍ਰਾਂਤੀ ਲਿਆਉਣ ਦੇ ਦ੍ਰਿਸ਼ਟੀਕੋਣ ਦੁਆਰਾ ਸੰਚਾਲਿਤ, ਕਰਮਚਾਰੀ ਦਲ ਵਿੱਚ ਮਹਿਲਾ ਏਜੰਟ ਭਾਈਵਾਲਾਂ ਲਈ ਅਰਥਪੂਰਨ ਮੌਕੇ ਪ੍ਰਦਾਨ ਕਰਨ ਦੇ ਆਪਣੇ ਸਮਰਪਣ ਵਿੱਚ ਦ੍ਰਿੜ ਹੈ। ਪੀ. ਬੀ.ਪਾਰਟਨਰਜ਼ ਦੇ ਨਾਲ ਆਸ਼ਾ ਦੀ ਯਾਤਰਾ 2 ਸਾਲ ਪਹਿਲਾਂ ਸ਼ੁਰੂ ਹੋਈ ਸੀ। ਇਸ ਤਬਦੀਲੀ 'ਤੇ ਪ੍ਰਤੀਬਿੰਬਤ ਕਰਦੇ ਹੋਏ ਆਸ਼ਾ ਨੇ ਕਿਹਾ ਕਿ ਪੀ. ਬੀ. ਪਾਰਟਨਰਜ਼ ਨਾ ਸਿਰਫ਼ ਸਥਿਰਤਾ ਪ੍ਰਦਾਨ ਕਰਦਾ ਹੈ, ਸਗੋਂ ਲਚਕਤਾ ਵੀ ਪ੍ਰਦਾਨ ਕਰਦਾ ਹੈ। ਪੀ. ਬੀ. ਪਾਰਟਨਰਜ਼ ਵਿੱਚ ਇਸ ਦੇ ਬਿਲਕੁਲ ਉਲਟ, ਮੈਂ ਫਲੈਕਸੀਬਲ ਘੰਟਿਆਂ ਦੌਰਾਨ ਕੰਮ ਕਰ ਸਕਦੀ ਹਾਂ, ਜੋ ਮੇਰੀ ਪੜ੍ਹਾਈ ਦੇ ਅਨੁਕੂਲ ਹੁੰਦੇ ਹਨ। ਘਰ ਤੋਂ ਕੰਮ ਕਰਨ ਦੇ ਵਿਕਲਪ ਦੇ ਨਾਲ ਮੇਰੀ ਜ਼ਿੰਦਗੀ ਬਹੁਤ ਸੁਖਾਲੀ ਹੋ ਗਈ ਹੈ। ਆਸ਼ਾ ਦੇ ਯਤਨਾਂ 'ਚ ਇੱਕ ਕਮਾਲ ਦੀ ਤਬਦੀਲੀ ਹੋਈ ਹੈ। ਉਨ੍ਹਾਂ ਨੇ ਆਮਦਨ ਅਤੇ ਗਾਹਕ ਦੋਵਾਂ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਦੀ ਆਪਣੀ ਕਮਾਈ 'ਚ ਇੱਕ ਮਹੱਤਵਪੂਰਨ ਵਾਧਾ ਹੋਇਆ ਹੈ, ਜੋ ਹੁਣ 40 ਹਜ਼ਾਰ ਤੋਂ 80 ਹਜ਼ਾਰ ਦੇ ਵਿਚਕਾਰ ਹੈ, ਕਮਿਸ਼ਨਾਂ ਸਮੇਤ, ਪਹਿਲਾਂ ਨਾਲੋਂ ਪੰਜ ਗੁਣਾ ਵਾਧਾ ਹੋਇਆ ਹੈ। ਇਹ ਵਿੱਤੀ ਵਾਧਾ ਬੀਮਾ ਖੇਤਰ 'ਚ ਉਨ੍ਹਾਂ ਦੀ ਸਫਲਤਾ ਦੇ ਪ੍ਰਮਾਣ ਵਜੋਂ ਕੰਮ ਕਰਦਾ ਹੈ।

# ਸਿੱਖਿਆ ਵਿਭਾਗ ਦਾ ਵੱਡਾ ਫੈਸਲਾ, ਨਵੇਂ ਸੈਸ਼ਨਾਂ ਦੀ ਸ਼ੁਰੂਆਤ ਤੋਂ ਪਹਿਲਾਂ ਜਾਰੀ ਕੀਤੇ ਹੁਕਮ

ਚੰਡੀਗੜ੍ਹ, 18 ਮਾਰਚ : ਪੰਜਾਬ ਵਿਚ ਅਪ੍ਰੈਲ 2024 ਵਿਚ ਸਕੂਲਾਂ 'ਚ ਸ਼ੁਰੂ ਹੋਣ ਵਾਲੇ ਨਵੇਂ ਸੈਸ਼ਨ ਵਿਚ ਅਧਿਆਕਾਂ ਦੀ ਕਮੀ ਨੂੰ ਪੂਰਾ ਕਰਨ ਲਈ ਸਿੱਖਿਆ ਵਿਭਾਗ ਨੇ ਅਹਿਮ ਫੈਸਲਾ ਲਿਆ ਹੈ। ਸਕੂਲ ਆਫ ਐਮੀਨੈਂਸ, ਮੈਰੀਟੋਰੀਅਸ ਸਕੂਲ ਤੋਂ ਲੈ ਕੇ ਐੱਸ. ਸੀ. ਈ. ਆਰ. ਟੀ. ਅਤੇ ਡਾਈਟ ਵਿਚ ਸਟਾਫ ਤਾਇਨਾਤ ਕਰ ਦਿੱਤਾ ਗਿਆ ਹੈ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਸਕੇ। ਇਹ ਹੁਕਮ ਚੋਣ ਜਾਬਤਾ ਲੱਗਣ ਤੋਂ ਪਹਿਲਾਂ ਜਾਰੀ ਕਰ ਦਿੱਤੇ ਗਏ ਸਨ। ਸਟਾਫ ਨੂੰ ਪਹਿਲ ਦੇ ਆਧਾਰ 'ਤੇ ਡਿਊਟੀ ਜੁਆਇਨ ਕਰਨ ਲਈ ਕਿਹਾ ਗਿਆ ਹੈ। ਸਕੂਲ ਆਫ ਐਮੀਨੈਂਸ ਵਿਚ 71 ਲੈਕਚਰਾਰ ਨੂੰ ਸੂਬੇ ਭਰ ਵਿਚ ਲਗਾਇਆ ਗਿਆ ਹੈ। ਸਕੂਲ ਆਫ ਐਮੀਨੈਂਸ ਵਿਚ ਲੈਕਚਰਾਰ ਦੀ ਇਹ ਤਾਇਨਾਤੀ ਸੂਬੇ ਭਰ ਵਿਚ ਕੀਤੀ ਗਈ ਹੈ। ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਪ੍ਰਬੰਧਕੀ ਜਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਇਹ ਫੈਸਲਾ ਲਿਆ ਗਿਆ ਹੈ। ਤਾਇਨਾਤ ਕੀਤੇ ਗਏ ਸਟਾਫ ਵਲੋਂ ਵਾਲੰਟੀਅਰ ਤੌਰ 'ਤੇ ਸਕੂਲ ਆਫ ਐਮੀਨੈਂਸ ਵਿਚ ਤਬਾਦਲੇ ਲਈ ਬੇਨਤੀ ਕੀਤੀ ਗਈ ਸੀ। ਇਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਇਸੇ ਤਰ੍ਹਾਂ ਡਾਈਟ ਅਤੇ ਐੱਸ. ਸੀ. ਈ. ਆਰ. ਟੀ. ਵਿਚ ਤਾਇਨਾਤੀ ਕੀਤੀ ਗਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਦੇ 2 ਮੈਰੀਟੋਰੀਅਸ ਸਕੂਲਾਂ ਵਿਚ ਵੀ ਸਟਾਫ ਦੀ ਤਾਇਨਾਤੀ ਕੀਤੀ ਗਈ ਹੈ।

# ਪੰਜਾਬ 'ਚ ਵੱਡੀ ਵਾਰਦਾਤ, 15-20 ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਨੌਜਵਾਨ ਦਾ ਕਤਲ

ਅਬੋਹਰ, 18 ਮਾਰਚ : ਸਬ-ਡਵੀਜ਼ਨ ਦੀ ਸਬ-ਤਹਿਸੀਲ ਸੀਤੋ ਗੁੰਨੋ ਵਿਚ 15-20 ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਇਕ ਨੌਜਵਾਨ ਦਾ ਕਤਲ ਕਰ ਦਿੱਤਾ ਜਦ ਕਿ ਉਸ ਦਾ ਇਕ ਸਾਥੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ। ਘਟਨਾ ਬੀਤੀ ਦੇਰ ਰਾਤ ਵਾਪਰੀ। ਸੂਚਨਾ ਮਿਲਣ 'ਤੇ ਥਾਣਾ ਬਹਾਵਲਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨੌਜਵਾਨ ਦਾ ਕਤਲ ਕਰਨ ਵਾਲੇ ਮੁਲਜਮਾਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਸ ਨੇ ਦੱਸਿਆ ਕਿ ਮਾਮਲਾ ਪੁਰਾਣੀ ਰੰਜਿਸ਼ ਦਾ ਹੈ। ਥਾਣਾ ਬਹਾਵਵਾਲਾ ਦੀ ਪੁਲਸ ਨੇ ਮ੍ਰਿਤਕ ਦੇ ਭਰਾ ਮੰਗਾ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਕੁਝ ਨਾਮਜਦ ਨੌਜਵਾਨਾਂ ਸਮੇਤ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਮੰਗਾ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਸੁਰਿੰਦਰ ਸਿੰਘ ਅਤੇ ਉਸ ਦਾ ਸਾਥੀ ਲਵਪ੍ਰੀਤ ਸਿੰਘ ਸ਼ਨੀਵਾਰ ਦੇਰ ਰਾਤ ਕੋਇਲਖੇੜਾ ਪੈਟਰੋਲ ਪੰਪ 'ਤੇ ਡਿਊਟੀ ਤੋਂ ਬਾਅਦ ਘਰ ਪਰਤ ਰਹੇ ਸਨ। ਜਦੋਂ ਉਹ ਸੀਤੋ ਗੁੰਨੋਂ ਨੇੜੇ ਪਹੁੰਚਿਆ ਤਾਂ ਉੱਥੇ ਪਹਿਲਾਂ ਤੋਂ ਹੀ 15-20 ਨੌਜਵਾਨ ਖੜ੍ਹੇ ਸਨ, ਜੋ ਉਸ ਦੇ ਭਰਾ ਸੁਰਿੰਦਰ ਅਤੇ ਲਵਪ੍ਰੀਤ ਨੂੰ ਚੁੱਕ ਕੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਲੈ ਗਏ ਅਤੇ ਉੱਥੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਸੁਰਿੰਦਰ ਦਾ ਕਤਲ ਕਰ ਦਿੱਤਾ ਜਦੋਂ ਕਿ ਲਵਪ੍ਰੀਤ ਨੇ ਉਥੋਂ ਭੱਜ ਕੇ ਆਪਣੀ ਜਾਨ ਬਚਾਈ। ਇੰਨਾ ਹੀ ਨਹੀਂ ਉਕਤ ਹਮਲਾਵਰਾਂ ਨੇ ਕਤਲ ਤੋਂ ਬਾਅਦ ਸਕੂਲ 'ਚ ਪਈ ਸੁਰਿੰਦਰ ਦੀ ਲਾਸ਼ 'ਤੇ 21-22 ਵਾਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ। ਮੰਗਾ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਇਕੱਲਾ ਸੀ ਅਤੇ ਉਸ ਨੇ ਹਨੇਰੇ ਵਿਚ ਲੁੱਕ ਕੇ ਆਪਣੀ ਜਾਨ ਬਚਾਈ। ਜਿਸ ਤੋਂ ਬਾਅਦ ਸੂਚਨਾ ਮਿਲਣ 'ਤੇ ਪੁਲਸ ਨੇ ਦੇਰ ਰਾਤ ਮ੍ਰਿਤਕ ਦੀ ਲਾਸ਼ ਅਤੇ ਜ਼ਖਮੀ ਲਵਪ੍ਰੀਤ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਜ਼ਖਮੀ ਲਵਪ੍ਰੀਤ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਰੈਫਰ ਕਰ ਦਿੱਤਾ ਗਿਆ ਜਦ ਕਿ ਲਾਸ਼ ਨੂੰ ਸਰਕਾਰੀ ਹਸਪਤਾਲ ਦੇ ਮੁਰਦਾਘਰ 'ਚ ਰਖਵਾਇਆ ਗਿਆ। ਇਸ ਸਬੰਧੀ ਥਾਣਾ ਬਹਾਵਵਾਲਾ ਦੇ ਇੰਚਾਰਜ ਜਸਵਿੰਦਰ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਭਰਾ ਮੰਗਤ ਸਿੰਘ ਉਰਫ ਮੰਗਾ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਪਵਨ ਭਾਟ ਪੁੱਤਰ ਸਰਵਣ ਰਾਮ, ਨੀਲਕਮਲ ਪੁੱਤਰ ਪਾਲਾਰਾਮ, ਹਰਦੀਪ ਉਰਫ ਲਡੀਆ ਪੁੱਤਰ ਦੇਵੀ ਲਾਲ, ਧਰਮਵੀਰ ਪੁੱਤਰ ਮਹਿੰਦਰ, ਕੁਲਦੀਪ ਪੁੱਤਰ ਬੋਹੜ, ਵਿਸ਼ਾਲ ਪੁੱਤਰ ਮਹਿੰਦਰ, ਰਾਜੂ ਉਰਫ ਨਾਨੀਆਂ ਪੁੱਤਰ ਪੱਪੂਰਾਮ, ਪਵਨ ਪੁੱਤਰ ਕਾਲੂਰਾਮ, ਧਰਮਾ ਪੁੱਤਰ ਸ਼ਰਵਨ,



ਰਾਕੇਸ਼ ਉਰਫ ਰਾਕੂ, ਭਰਤ ਠਾਕਰ ਪੁੱਤਰ ਰਾਜੂ, ਰਵੀ ਪੁੱਤਰ ਨੇਪਾਲ ਨਿਵਾਸੀ ਸੀਤੋ ਗੁੰਨੋ, ਕੰਵਲ ਪੁੱਤਰ ਮਹਿੰਦਰ, ਵਿਨੋਦ ਉਰਫ ਖੰਨਾ ਪੁੱਤਰ ਵਿਜੇ ਪਾਲ, ਸੋਨੂੰ ਪੁੱਤਰ ਸ਼ੇਰਰਾਮ ਵਾਸੀ ਸੁਖਚੈਨ, ਬਿੰਦੂ ਮੇਘ ਪੁੱਤਰ ਪੱਪੂਰਾਮ ਵਾਸੀ ਪਿੰਡ ਖੈਰਪੁਰ, ਧਰਮਪਾਲ ਉਰਫ ਗੁੱਗੀ ਪੁੱਤਰ ਮੁਖਰਾਮ, ਰਾਕੇਸ਼ ਉਰਫ ਰਾਕੂ ਪੁੱਤਰ ਪੱਪੂਰਾਮ ਵਾਸੀ ਪਿੰਡ ਸਰਦਾਰਪੁਰਾ, ਵਿਕਾਸ ਪੁੱਤਰ ਸੁਨੀਲ ਵਾਸੀ ਕਾਲੂਆਣਾ ਜ਼ਿਲ੍ਹਾ ਸਿਰਸਾ ਅਤੇ ਕਰੀਬ 10 ਹੋਰ ਨੌਜਵਾਨਾਂ ਦੇ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਇੰਚਾਰਜ ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ ਅਨੁਸਾਰ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਪੁਲਸ ਦੀਆਂ ਕਈ ਟੀਮਾਂ ਬਣਾਈਆਂ ਗਈਆਂ ਹਨ ਅਤੇ ਜਲਦੀ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਚਾਹ ਪੀਂਦੇ ਨੌਜਵਾਨ 'ਤੇ ਕੀਤਾ ਸੀ ਹਮਲਾ, ਪੀ.ਜੀ.ਆਈ. 'ਚ ਮੌਤ

ਚੰਡੀਗੜ੍ਹ, 18 ਮਾਰਚ : ਹਾਊਸਿੰਗ ਬੋਰਡ ਲਾਈਟ ਪੁਆਇੰਟ ਨੇੜੇ ਆਟੋ ਸਟੈਂਡ 'ਤੇ ਹੋਈ ਲੜਾਈ 'ਚ ਜ਼ਖਮੀ ਹੋਏ ਨੌਜਵਾਨ ਦੀ ਐਤਵਾਰ ਨੂੰ ਪੀ. ਜੀ. ਆਈ. 'ਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੈਕਟਰ-18 ਪੰਚਕੂਲਾ ਦੇ ਰਹਿਣ ਵਾਲੇ ਹੰਸ ਰਾਜ ਵਜੋਂ ਹੋਈ ਹੈ। ਕਤਲ ਦਾ ਕੇਸ ਦਰਜ ਨਾ ਹੋਣ 'ਤੇ ਭਾਜਪਾ ਦੇ ਸੂਬਾ ਸਕੱਤਰ ਸ਼ਸ਼ੀ ਸ਼ੰਕਰ ਤਿਵਾੜੀ ਆਪਣੇ ਸਾਥੀਆਂ ਸਮੇਤ ਮਨੀਮਾਜਰਾ ਥਾਣੇ ਪੁੱਜੇ। ਉਨ੍ਹਾਂ ਮੰਗ ਕੀਤੀ ਕਿ ਹਮਲਾਵਰ ਨੌਜਵਾਨ ਖਿ਼ਲਾਫ਼ ਕਤਲ ਦਾ ਕੇਸ ਦਰਜ ਕੀਤਾ ਜਾਵੇ। ਤਿਵਾੜੀ ਨੇ ਕਿਹਾ ਕਿ ਪੁਲਸ ਇਸ ਮਾਮਲੇ 'ਚ ਗੈਰ-ਇਰਾਦਤਨ ਹੱਤਿਆ ਦੀ ਧਾਰਾ ਜੋੜ ਰਹੀ ਹੈ। ਮਨੀਮਾਜਰਾ ਥਾਣੇ ਦੀ ਪੁਲਸ ਨੇ 10 ਮਾਰਚ ਨੂੰ ਚਸ਼ਮਦੀਦ ਗਵਾਹ ਮੁਹੰਮਦ ਇਸਰਾਰ ਦੀ ਸ਼ਿਕਾਇਤ 'ਤੇ ਹਮਲਾਵਰ ਵਿਸ਼ਾਲ, ਉਸ ਦੇ ਭਰਾ ਕੌਸ਼ਲ ਸਮੇਤ ਅੱਧੀ ਦਰਜਨ ਹਮਲਾਵਰਾਂ ਖਿ਼ਲਾਫ਼ ਧਾਰਾ 147, 148, 149, 323 ਅਤੇ 506 ਤਹਿਤ ਕੇਸ ਦਰਜ ਕੀਤਾ ਸੀ। ਪੰਚਕੂਲਾ ਦੀ ਰਾਜੀਵ ਕਲੋਨੀ ਦੇ ਰਹਿਣ ਵਾਲੇ ਮੁਹੰਮਦ ਇਸਰਾਰ ਨੇ ਪੁਲਸ ਨੂੰ ਦੱਸਿਆ ਸੀ ਕਿ ਉਹ ਆਟੋ ਚਲਾਉਂਦਾ ਹੈ। 10 ਮਾਰਚ ਨੂੰ ਸਵੇਰੇ 11 ਵਜੇ ਹਾਊਸਿੰਗ ਬੋਰਡ ਲਾਈਟ ਪੁਆਇੰਟ ਨੇੜੇ ਆਟੋ ਸਟੈਂਡ 'ਤੇ ਖੜ੍ਹਾ ਸੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਅਕਾਲੀ ਲੀਡਰ ਨੇ 'ਆਪ' 'ਚ ਜਾਣ ਦੀਆਂ ਚਰਚਾਵਾਂ 'ਤੇ ਲਗਾਈ ਰੋਕ

ਜਲੰਧਰ, 18 ਮਾਰਚ : ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਆਮ ਆਦਮੀ ਪਾਰਟੀ ਵਿਚ ਜਾਣ ਦੀਆਂ ਚਰਚਾਵਾਂ 'ਤੇ ਚੁੱਪੀ ਤੋੜੀ ਹੈ। ਇਆਲੀ ਨੇ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿਚ ਜਾਣ ਦੀਆਂ ਚਰਚਾਵਾਂ ਨੂੰ ਗਲਤ ਦੱਸਿਆ ਹੈ। 'ਜਗ ਬਾਣੀ' ਨਾਲ ਗੱਲਬਾਤ ਕਰਦੇ ਹੋਏ ਇਆਲੀ ਨੇ ਕਿਹਾ ਕਿ ਨਾ ਤਾਂ ਉਹ ਪਾਰਟੀ ਛੱਡਣਗੇ ਅਤੇ ਨਾ ਹੀ ਸਿਧਾਂਤ ਛੱਡਣਗੇ। ਉਹ ਪਾਰਟੀ ਦੇ ਸੱਚੇ ਸਿਪਾਹੀ ਹਨ। ਮੇਰੇ ਬਾਰੇ ਜਿਹੜੀਆਂ ਵੀ ਚਰਚਾ ਚੱਲ ਰਹੀ ਹੈ ਉਹ ਗਲਤ ਹੈ, ਮੈਂ ਕਿਸੇ ਕੀਮਤ 'ਤੇ ਅਕਾਲੀ ਦਲ ਨਹੀਂ ਛੱਡਾਂਗਾ। ਇਸ ਦੌਰਾਨ ਇਆਲੀ ਨੇ ਇਹ ਵੀ ਸਾਫ ਕੀਤਾ ਕਿ ਉਨ੍ਹਾਂ ਨੂੰ ਕਈ ਮੌਕੇ ਵੀ ਮਿਲੇ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਪਾਰਟੀ ਨਹੀਂ ਛੱਡੀ ਅਤੇ ਨਾ ਹੀ ਛੱਡਣਗੇ।



ਇਥੇ ਇਹ ਵੀ ਦੱਸਣਯੋਗ ਹੈ ਕਿ ਮਨਪ੍ਰੀਤ ਇਆਲੀ ਦੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੱਤਭੇਦ ਕਿਸੇ ਤੋਂ ਲੁਕੇ ਨਹੀਂ ਹਨ। ਨਾ ਤਾਂ ਇਆਲੀ ਪਾਰਟੀ ਲੀਡਰਸ਼ਿਪ ਨਾਲ ਕਿਤੇ ਵੇਖੇ ਗਏ ਹਨ ਅਤੇ ਨਾ ਹੀ ਉਹ ਕਿਸੇ ਮੀਟਿੰਗ ਵਿਚ ਸ਼ਮੂਲੀਅਤ ਕਰ ਰਹੇ ਹਨ। ਇਸ ਤੋਂ ਇਲਾਵਾ ਸੁਖਬੀਰ ਬਾਦਲ ਵੱਲੋਂ ਕੱਢੀ ਗਈ ਪੰਜਾਬ ਬਚਾਓ ਯਾਤਰਾ ਵਿਚ ਵੀ ਇਆਲੀ ਕਿਤੇ ਨਜਰ ਨਹੀਂ ਆਏ ਹਨ ਪਰ ਇਕ ਗੱਲ ਸਾਫ ਹੈ ਕਿ ਇਆਲੀ ਨੇ ਹਾਲੇ ਤਕ ਵਿਰੋਧੀ ਪਾਰਟੀ ਦੇ ਕਿਸੇ ਵੀ ਲੀਡਰ ਨਾਲ ਨਾ ਤਾਂ ਲੁੱਕ-ਛੁੱਪ ਕੇ ਸੰਪਰਕ ਕੀਤਾ ਹੈ ਅਤੇ ਨਾ ਹੀ ਏਜੰਸੀਆਂ ਦੀ ਰੇਡ ਦਾ ਦਬਾਅ ਮੰਨਿਆ ਹੈ।

# ਪੰਜਾਬ ਦੇ ਇਸ ਜ਼ਿਲ੍ਹੇ 'ਚ ਧਾਰਾ-144 ਲਾਗੂ, ਡਿਪਟੀ ਕਮਿਸ਼ਨਰ ਵਲੋਂ ਸਖਤ ਹੁਕਮ ਜਾਰੀ

ਪਟਿਆਲਾ, 18 ਮਾਰਚ : ਜ਼ਿਲ੍ਹਾ ਮੈਜਿਸਟ੍ਰੇਟ ਸ਼ੌਕਤ ਅਹਿਮਦ ਪਰੇ ਨੇ ਪਟਿਆਲਾ ਜ਼ਿਲ੍ਹੇ ਦੇ ਅਸਲਾ ਧਾਰਕਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਆਪਣਾ ਲਾਇਸੈਂਸੀ ਅਸਲਾ ਲੋਕਲ ਥਾਣੇ 'ਚ ਜਾਂ ਲਾਇਸੈਂਸੀ ਅਸਲਾ ਡੀਲਰਾਂ ਕੋਲ 22 ਮਾਰਚ ਸ਼ਾਮ 5 ਵਜੇ ਤੱਕ ਹਰ ਹਾਲ ਜਮ੍ਹਾਂ ਕਰਵਾਉਣ। ਲੋਕ ਸਭਾ ਚੋਣ ਅਮਲ ਸ਼ਾਂਤੀਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਫ਼ੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ-144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 15 ਮਈ 2024 ਤੱਕ ਲਾਗੂ ਰਹਿਣ ਵਾਲੇ ਇਕ ਤਰਫਾ ਹੁਕਮ ਜਾਰੀ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਕੀਤੇ ਇਹ ਹੁਕਮ ਆਰਮੀ ਪ੍ਰਸ਼ੋਨਲ, ਪੈਰਾ-ਮਿਲਟਰੀ ਫੋਰਸਜ, ਬਾਵਰਦੀ ਪੁਲਸ ਕਰਮਚਾਰੀਆਂ ਅਤੇ ਬੈਂਕਾਂ 'ਚ ਗਾਰਡ ਦੀ ਨੌਕਰੀ ਕਰਦੇ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਣਗੇ। ਡੀ. ਸੀ. ਸ਼ੌਕਤ ਅਹਿਮਦ ਪਰੇ ਦੇ ਜਾਰੀ ਹੁਕਮਾਂ ਮੁਤਾਬਕ ਕੋਈ ਵੀ ਪਾਰਟੀ ਜਾਂ ਉਮੀਦਵਾਰ ਅਜਿਹੀ ਕਿਸੇ ਵੀ ਗਤੀਵਿਧੀ 'ਚ ਸ਼ਾਮਲ ਨਹੀਂ ਹੋਵੇਗਾ, ਜੋ ਆਪਸੀ ਭਾਈਚਾਰਿਆਂ ਦਰਮਿਆਨ ਕਿਸੇ ਤਰ੍ਹਾਂ ਦੇ ਮਤਭੇਦ ਵਧਾਵੇ ਜਾਂ ਆਪਸੀ ਨਫ਼ਰਤ ਪੈਦਾ ਕਰੇ ਜਾਂ ਫਿਰ ਵੱਖ-ਵੱਖ ਜਾਤਾਂ, ਫਿਰਕਿਆਂ, ਭਾਈਚਾਰਿਆਂ, ਧਾਰਮਿਕ ਜਾਂ ਭਾਸ਼ਾ ਬਾਰੇ ਦੁਵੱਲਾ ਤਣਾਅ ਪੈਦਾ ਕਰੇ।



ਪਾਰਟੀਆਂ ਅਤੇ ਸੰਭਾਵੀ ਉਮੀਦਵਾਰ ਦੂਜੀ ਪਾਰਟੀ ਜਾਂ ਉਮੀਦਵਾਰਾਂ ਦੇ ਨਿੱਜੀ ਜੀਵਨ ਦੇ ਅਜਿਹੇ ਪਹਿਲੂਆਂ ਦੀ ਆਲੋਚਨਾ ਤੋਂ ਪਰਹੇਜ ਕਰਨ, ਜੋ ਕਿ ਉਨ੍ਹਾਂ ਦੀਆਂ ਜਨਤਕ ਗਤੀਵਿਧੀਆਂ ਆਦਿ ਨਾਲ ਨਾ ਜੁੜਿਆ ਹੋਇਆ ਹੋਵੇ। ਡੀ. ਸੀ. ਸ਼ੌਕਤ ਅਹਿਮਦ ਪਰੇ ਵੱਲੋਂ ਜਾਰੀ ਆਦੇਸ਼ਾਂ ਤਹਿਤ ਵੋਟਾਂ ਹਾਸਲ ਕਰਨ ਲਈ ਜਾਤੀ ਜਾਂ ਫਿਰਕੂ ਭਾਵਨਾਵਾਂ ਦੀ ਕੋਈ ਅਪੀਲ ਨਹੀਂ ਕੀਤੀ ਜਾਵੇਗੀ। ਇਸੇ ਤਰ੍ਹਾਂ ਧਾਰਮਿਕ ਅਸਥਾਨਾਂ, ਜਿਨ੍ਹਾਂ 'ਚ ਗੁਰਦੁਆਰੇ, ਮੰਦਿਰ, ਮਸਜਿਦ, ਚਰਚ ਜਾਂ ਕੋਈ ਹੋਰ ਪੂਜਾ ਸਥਾਨ ਆਦਿ ਨੂੰ ਵੀ ਚੋਣ ਪ੍ਰਚਾਰ ਆਦਿ ਦੇ ਕੰਮ ਲਈ ਨਹੀਂ ਵਰਤਿਆ ਜਾਵੇਗਾ। ਸਾਰੀਆਂ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਉਨ੍ਹਾਂ ਸਾਰੀਆਂ ਅਜਿਹੀਆਂ ਗਤੀਵਿਧੀਆਂ ਤੋਂ ਬਚਣਾ ਚਾਹੀਦਾ ਹੈ, ਜੋ ਭ੍ਰਿਸ਼ਟ ਗਤੀਵਿਧੀਆਂ ਅਤੇ ਚੋਣ ਕਾਨੂੰਨ ਦੇ ਤਹਿਤ ਅਪਰਾਧ ਦੀ ਸ਼੍ਰੇਣੀ 'ਚ ਆਉਂਦੀਆਂ ਹਨ, ਜਿਵੇਂ ਕਿ ਵੋਟਰਾਂ ਨੂੰ ਪੈਸੇ ਜਾਂ ਕੋਈ ਕੀਮਤੀ ਵਸਤੂ ਦਾ ਲਾਲਚ ਦੇਕੇ ਭਰਮਾਉਣਾ, ਰਿਸ਼ਵਤ ਦੇਣਾ, ਵੋਟਰਾਂ ਨੂੰ ਡਰਾਉਣਾ ਤੇ ਧਮਕਾਉਣਾ। ਇਸ ਤੋਂ ਬਿਨ੍ਹਾਂ ਵੋਟਾਂ ਤੋਂ 48 ਘੰਟੇ ਪਹਿਲਾਂ ਪੋਲਿੰਗ ਸਟੇਸ਼ਨਾਂ ਦੇ 100 ਮੀਟਰ ਘੇਰੇ ਦੇ ਅੰਦਰ ਚੋਣ ਪ੍ਰਚਾਰ ਕਰਨਾ, ਇਸ ਸਮੇਂ ਦੌਰਾਨ ਜਨਤਕ ਮੀਟਿੰਗਾਂ ਕਰਨ ਦੀ ਮਨਾਹੀ ਹੈ, ਜਦੋਂ ਕਿ ਚੋਣਾਂ ਤੋਂ 48 ਘੰਟੇ ਪਹਿਲਾਂ ਤੇ ਵੋਟਾਂ ਪੈਣ ਦੀ ਪ੍ਰਕਿਰਿਆ ਬੰਦ ਹੋਣ ਦੀ ਮਿਆਦ ਤੱਕ ਵੋਟਰਾਂ ਨੂੰ ਪੋਲਿੰਗ ਸਟੇਸ਼ਨ ਤੱਕ ਛੱਡਣਾ ਅਤੇ ਪੋਲਿੰਗ ਸਟੇਸ਼ਨ ਤੋਂ ਲੈ ਕੇ ਜਾਣ ਦੀ ਵੀ ਮਨਾਹੀ ਹੋਵੇਗੀ। ਕਿਸੇ ਵੀ ਹਾਲਤ 'ਚ ਕਿਸੇ ਵੀ ਵਿਅਕਤੀਆਂ ਦੇ ਵਿਚਾਰਾਂ ਜਾਂ ਗਤੀਵਿਧੀਆਂ ਦਾ ਵਿਰੋਧ ਕਰਨ ਲਈ ਉਨ੍ਹਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਜਾਂ ਧਰਨੇ ਲਗਾਉਣਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਸਮਰਥਕ ਦੂਜੀਆਂ ਪਾਰਟੀਆਂ ਵਲੋਂ ਆਯੋਜਿਤ ਮੀਟਿੰਗਾਂ ਅਤੇ ਜਲੂਸਾਂ 'ਚ ਰੁਕਾਵਟ ਨਾ ਪਾਉਣ ਜਾਂ ਇਨ੍ਹਾਂ 'ਚ ਕਿਸੇ ਤਰ੍ਹਾਂ ਦਾ ਵਿਘਨ ਪਾਉਣ ਦੀ ਕੋਸ਼ਿਸ਼ ਨਾ ਕਰਨ। ਕਿਸੇ ਇਕ ਸਿਆਸੀ ਪਾਰਟੀ ਦੇ ਵਰਕਰ ਜਾਂ ਹਮਦਰਦ ਕਿਸੇ ਹੋਰ ਸਿਆਸੀ ਪਾਰਟੀ ਵਲੋਂ ਆਯੋਜਿਤ ਜਨਤਕ ਮੀਟਿੰਗਾਂ ਵਿਚ ਜ਼ੁਬਾਨੀ ਜਾਂ ਲਿਖਤੀ ਰੂਪ 'ਚ ਜਾਂ ਆਪਣੀ ਪਾਰਟੀ ਦੇ ਪਰਚੇ ਆਦਿ ਵੰਡ ਕੇ ਵਿਘਨ ਨਹੀਂ ਪਾਉਣਗੇ। ਕਿਸੇ ਵੀ ਪਾਰਟੀ ਜਾਂ ਉਮੀਦਵਾਰ ਨੂੰ ਆਪਣੇ ਜਲਸੇ, ਜਲੂਸ, ਮਾਰਚ ਜਾਂ ਆਪਣੇ ਇਕੱਠੇ ਹੋਣ ਵਾਲੇ ਸਥਾਨ ਵਿਖੇ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਹਥਿਆਰ, ਲਾਠੀਆਂ ਜਾਂ ਅਪਰਾਧ ਦਾ ਕੋਈ ਹੋਰ ਹਥਿਆਰ, ਨਸ਼ੀਲੇ ਪਦਾਰਥ ਜਾਂ ਹੋਰ ਖਤਰਨਾਕ ਪਦਾਰਥ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਜੇਕਰ ਕਿਸੇ ਪ੍ਰਸਤਾਵਿਤ ਮੀਟਿੰਗ ਦੇ ਸਬੰਧ 'ਚ ਲਾਊਡ ਸਪੀਕਰ ਜਾਂ ਕਿਸੇ ਹੋਰ ਸਹੂਲਤ ਦੀ ਵਰਤੋਂ ਲਈ ਇਜਾਜ਼ਤ ਜਾਂ ਲਾਇਸੈਂਸ ਪ੍ਰਾਪਤ ਕੀਤਾ ਜਾਣਾ ਹੈ, ਤਾਂ ਪਾਰਟੀ ਜਾਂ ਉਮੀਦਵਾਰ ਪਹਿਲਾਂ ਹੀ ਸਬੰਧਿਤ ਅਥਾਰਟੀ ਨੂੰ ਅਰਜ਼ੀ ਦੇਣਗੇ ਅਤੇ ਅਜਿਹੀ ਇਜਾਜ਼ਤ ਜਾਂ ਲਾਇਸੈਂਸ ਸਮੇਂ ਸਿਰ ਪ੍ਰਾਪਤ ਕਰਨਗੇ। ਸਵੇਰੇ 6.00 ਵਜੇ ਤੋਂ ਪਹਿਲਾਂ ਨਹੀਂ ਕੀਤੀ ਜਾਣੀ ਚਾਹੀਦੀ। ਇਸੇ ਤਰ੍ਹਾਂ ਸਮਰੱਥ ਅਧਿਕਾਰੀ ਵਲੋਂ ਪ੍ਰਵਾਨਿਤ ਜਲੂਸ ਦੇ ਨਿਰਧਾਰਤ ਪ੍ਰੋਗਰਾਮ ਤੋਂ ਬਗੈਰ ਉਸ ਨੂੰ ਕਿਸੇ ਹੋਰ ਖੇਤਰ ਵਿਚ ਨਹੀਂ ਲਿਜਾਇਆ ਜਾ ਸਕੇਗਾ। ਇਨ੍ਹਾਂ ਹੁਕਮਾਂ 'ਚ ਅੱਗੇ ਕਿਹਾ ਗਿਆ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਵੱਲੋਂ ਦੂਜੀਆਂ ਸਿਆਸੀ ਪਾਰਟੀਆਂ ਦੇ ਮੈਂਬਰਾਂ ਜਾਂ ਉਨ੍ਹਾਂ ਦੇ ਨੇਤਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਆਗੂਆਂ ਦੇ ਪੁਤਲੇ ਲੈ ਕੇ ਜਾਣ ਜਾਂ ਜਨਤਕ ਤੌਰ 'ਤੇ ਅਜਿਹੇ ਪੁਤਲੇ ਫੂਕਣ ਅਤੇ ਅਜਿਹੀਆਂ ਹੋਰ ਗਤੀਵਿਧੀਆਂ ਦੀ ਵੀ ਇਜਾਜਤ ਨਹੀਂ ਹੋਵੇਗੀ।

# ਮੋਰਚੇ ਤੋਂ ਵਾਪਸ ਆਉਂਦੇ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਣ ਮੌਤ

ਗੁਰੂ ਕਾ ਬਾਗ, 18 ਮਾਰਚ : ਸੰਭੂ ਬਾਰਡਰ 'ਤੇ ਲੱਗੇ ਕਿਸਾਨੀ ਮੋਰਚੇ ਵਿਚੋਂ ਵਾਪਸ ਆ ਰਹੇ ਪਿੰਡ ਤੇੜਾ ਖੁਰਦ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਦੇ ਇਕ ਬਜੁਰਗ ਕਿਸਾਨ ਆਗੂ ਬਲਕਾਰ ਸਿੰਘ ਪੁੱਤਰ ਕੁੰਨਣ ਸਿੰਘ ਦੀ ਰਾਜਪੁਰਾ ਦੇ ਰੇਲਵੇ ਸਟੇਸਨ 'ਤੇ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਕਿਸਾਨ ਆਗੂ ਦੇ ਪੁੱਤਰ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਿਤਾ ਕਿਸਾਨ ਮਜਦੂਰ ਮੋਰਚਾ ਪੰਜਾਬ ਜਥੇਬੰਦੀ ਦਾ ਸਰਗਰਮ ਮੈਂਬਰ ਹੈ ਤੇ ਪਿਛਲੇ ਇਕ ਮਹੀਨੇ ਤੋਂ ਉਹ ਸੰਭੂ ਬਾਰਡਰ 'ਤੇ ਕਿਸਾਨ ਮੋਰਚੇ ਵਿਚ ਡਟਿਆ ਹੋਇਆ ਸੀ ਜਦਕਿ ਕੱਲ੍ਹ ਜਦੋਂ ਉਹ ਪਿੰਡ ਵਾਪਸ ਆਉਣ ਲੱਗਾ ਤਾਂ ਰਾਜਪੁਰਾ ਦੇ ਰੇਲਵੇ ਸਟੇਸਨ 'ਤੇ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਉਸ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸਾਸਨ ਵੱਲੋਂ ਸੂਚਨਾ ਦਿੱਤੀ ਗਈ ਸੀ ਤੇ ਉਹ ਆਪਣੇ ਪਿਤਾ ਦੀ ਲਾਸ ਨੂੰ ਲੈਣ ਲਈ ਅੱਜ ਰਾਜਪੁਰਾ ਲਈ ਜਾ ਰਹੇ ਹਨ ਅਤੇ ਕੱਲ ਨੂੰ ਉਨ੍ਹਾਂ ਦਾ ਪਿੰਡ ਦੇ ਸਮਸਾਨ ਘਾਟ ਵਿਖੇ ਅੰਤਿਮ ਸਸਕਾਰ ਕੀਤਾ ਜਾਵੇਗਾ। ਉਧਰ ਪੰਜਾਬ ਕਿਸਾਨ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਬਲਬੀਰ ਮੂਧਲ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਚਾਰ ਸਕੱਤਰ ਕਾਮਰੇਡ ਨਰਿੰਦਰ ਤੇੜਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਮੰਗਲ ਸਿੰਘ ਧਰਮਕੋਟ ਨੇ ਪੰਜਾਬ ਸਰਕਾਰ ਤੋਂ ਮ੍ਰਿਤਕ ਕਿਸਾਨ ਦੇ ਪਰਿਵਾਰ ਦੀ ਮਾਲੀ ਸਹਾਇਤਾ ਤੇ ਪਰਿਵਾਰ ਦੇ ਇਕ ਜੀਅ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਹੈ।

# ਲੋਕ ਸਭਾ ਚੋਣਾਂ ਦੇ ਮੱਦੇਨਜਰ ਬੈਂਕਾਂ ਨੂੰ ਜਾਰੀ ਹੋਏ ਹੁਕਮ, ਹਰ ਪੈਸੇ ਦਾ ਹਿਸਾਬ ਰੱਖਣਾ ਹੋਇਆ ਲਾਜਮੀ

ਮੋਹਾਲੀ, 18 ਮਾਰਚ : ਲੋਕ ਸਭਾ ਚੋਣਾਂ ਦੇ ਮੱਦੇਨਜਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਮੋਹਾਲੀ ਜ਼ਿਲ੍ਹੇ ਦੇ ਬੈਂਕਰਾਂ ਨੂੰ 10 ਲੱਖ ਰੁਪਏ ਤੋਂ ਵੱਧ ਦੇ ਕਿਸੇ ਵੀ ਲੈਣ-ਦੇਣ ਦੀ ਨਿਗਰਾਨੀ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਬੈਂਕ ਇਸ ਦੀ ਸੂਚਨਾ ਜ਼ਿਲ੍ਹਾ ਚੋਣ ਦਫ਼ਤਰ ਨੂੰ ਦੇਣ, ਜੋ ਅੱਗੇ ਹੋਰ ਤਸਦੀਕ ਲਈ ਨੋਡਲ ਅਫਸਰ, ਇਨਕਮ ਟੈਕਸ ਨੂੰ ਭੇਜੇਗਾ। ਚੋਣਾਂ ਨੂੰ ਲੈ ਕੇ ਐਤਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਲੀਡ ਬੈਂਕ ਮੈਨੇਜਰ ਅਤੇ ਹੋਰ ਬੈਂਕਾਂ ਦੇ ਜ਼ਿਲ੍ਹਾ ਕੋ-ਆਰਡੀਨੇਟਰਾਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਚੋਣ ਕਮਿਸ਼ਨ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਵੋਟਰਾਂ ਨੂੰ ਲੁਭਾਉਣ ਲਈ ਪੈਸੇ ਅਤੇ ਤਾਕਤ ਨੂੰ ਰੋਕਣਾ ਸਾਡਾ ਮੁੱਢਲਾ ਫਰਜ਼ ਹੈ। ਉਨ੍ਹਾਂ ਕਿਹਾ ਕਿ 10,000 ਰੁਪਏ ਤੋਂ ਵੱਧ ਦਾ ਭੁਗਤਾਨ ਕਰਨ ਲਈ ਸਾਰੇ ਉਮੀਦਵਾਰਾਂ ਕੋਲ ਖ਼ੁਦ ਜਾਂ ਆਪਣੇ ਚੋਣ ਏਜੰਟ ਵਲੋਂ ਸੰਚਾਲਿਤ ਬੈਂਕ ਖਾਤਾ ਹੋਣਾ ਚਾਹੀਦਾ ਹੈ। ਇਸ ਵਿਚ ਉਸ ਦੇ ਪਰਿਵਾਰਕ ਮੈਂਬਰ ਜਾਂ ਕਿਸੇ ਹੋਰ ਵਿਅਕਤੀ ਨੂੰ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਉਮੀਦਵਾਰ ਵਲੋਂ ਸਾਰਾ ਚੋਣ ਖਰਚਾ ਸਿਰਫ ਇਸ ਬੈਂਕ ਖਾਤੇ ਤੋਂ ਹੀ ਕੀਤਾ ਜਾਵੇਗਾ। ਸਾਰੇ ਬੈਂਕਾਂ ਅਤੇ ਡਾਕਘਰਾਂ ਨੂੰ ਚੋਣ ਉਦੇਸ਼ਾਂ ਲਈ ਸਮਰਪਿਤ ਕਾਊਂਟਰ ਖੋਲ੍ਹਣੇ ਚਾਹੀਦੇ ਹਨ ਤਾਂ ਜੋ ਉਮੀਦਵਾਰਾਂ ਨੂੰ ਬੈਂਕ ਖਾਤਾ ਖੋਲ੍ਹਣ ਲਈ ਤੁਰੰਤ ਸੇਵਾਵਾਂ ਦੀ ਸਹੂਲਤ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬੈਂਕਾਂ ਨੂੰ ਵੀ ਚੋਣ ਅਮਲ ਸਮੇਂ ਦੌਰਾਨ ਪਹਿਲ ਦੇ ਆਧਾਰ 'ਤੇ ਇਸ ਖਾਤੇ ਤੋਂ ਪੈਸੇ ਕਢਵਾਉਣ ਅਤੇ ਜਮ੍ਹਾਂ ਕਰਵਾਉਣ ਦੀ ਸੁਵਿਧਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇ ਉਮੀਦਵਾਰ ਵਲੋਂ ਕਿਸੇ ਵਿਅਕਤੀ/ਸੇਵਾ ਪ੍ਰਦਾਤਾ ਨੂੰ ਖਰਚੇ ਦੀ ਕਿਸੇ ਵੀ ਵਸਤੂ ਲਈ ਚੋਣਾਂ ਦੀ ਸਮੁੱਚੀ ਪ੍ਰਕਿਰਿਆ ਦੌਰਾਨ ਭੁਗਤਾਨ ਯੋਗ ਰਕਮ 10,000 ਰੁਪਏ ਤੋਂ ਵੱਧ ਨਹੀਂ ਹੈ ਤਾਂ ਫਿਰ ਅਜਿਹਾ ਖਰਚਾ ਬੈਂਕ ਖਾਤੇ ਤੋਂ ਕੱਢਵਾ ਕੇ ਨਕਦੀ ਰਾਹੀਂ ਕੀਤਾ ਜਾ ਸਕਦਾ ਹੈ, ਜਦਕਿ ਬਾਕੀ ਸਾਰੀਆਂ ਅਦਾਇਗੀਆਂ ਉਕਤ ਬੈਂਕ ਖਾਤੇ ਤੋਂ ਚੈੱਕ ਰਾਹੀਂ ਕੀਤੀਆਂ ਜਾਣੀਆਂ ਹਨ। ਇਸੇ ਤਰ੍ਹਾਂ ਉਮੀਦਵਾਰਾਂ ਨੂੰ 10,000 ਰੁਪਏ ਤੋਂ ਵੱਧ ਕੋਈ ਫ਼ੰਡ ਜਾਂ ਕਰਜ਼ਾ ਨਕਦ ਰੂਪ ਵਿਚ ਨਹੀਂ ਦਿੱਤਾ ਜਾ ਸਕਦਾ।

ਇਸ ਰਾਸ਼ੀ ਤੋਂ ਉੱਪਰ ਅਜਿਹੇ ਸਾਰੇ ਫੰਡ/ਭੁਗਤਾਨ ਚੈੱਕ, ਡਰਾਫਟ ਜਾਂ ਖਾਤਾ ਟਰਾਂਸਫਰ ਦੁਆਰਾ ਪ੍ਰਾਪਤ ਕੀਤੇ ਜਾਣੇ ਹਨ। ਬੈਂਕਾਂ ਨੂੰ ਸਾਰੇ ਸ਼ੱਕੀ ਲੈਣ-ਦੇਣ ਦੀ ਰਿਪੋਰਟ ਜ਼ਿਲ੍ਹਾ ਚੋਣ ਅਫ਼ਸਰ ਨੂੰ ਦੇਣ ਦੇ ਵੀ ਨਿਰਦੇਸ਼ ਦਿੱਤੇ ਗਏ ਸਨ। ਏ. ਡੀ. ਸੀ. (ਜ) ਵਿਰਾਜ ਐੱਸ. ਤਿੜਕੇ ਨੇ ਸਾਰੇ ਬੈਂਕਰਾਂ ਨੂੰ ਕਿਹਾ ਕਿ ਉਹ ਆਪਣੇ ਰੋਜ਼ਾਨਾ ਦੇ ਕੰਮ ਲਈ ਬੈਂਕਾਂ ਵਿਚ ਆਉਣ ਵਾਲੇ ਆਮ ਲੋਕਾਂ 'ਚ ਵੋਟਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ, ਜਿਸ ਨਾਲ ਮੋਹਾਲੀ ਜ਼ਿਲ੍ਹੇ 'ਚ ਵੋਟ ਪ੍ਰਤੀਸ਼ਤਤਾ ਨੂੰ ਵਧਾਉਣ ਵਿਚ ਹੋਰ ਮਦਦ ਮਿਲੇਗੀ। ਐੱਲ. ਡੀ. ਐੱਮ. ਮੋਹਾਲੀ ਐੱਮ. ਕੇ. ਭਾਰਦਵਾਜ ਨੇ ਸਾਰੇ ਬੈਂਕਰਾਂ ਨੂੰ ਚੋਣ ਸਮੇਂ ਦੌਰਾਨ ਸ਼ਾਖਾਵਾਂ ਅਤੇ ਕਰੰਸੀ ਚੈਸਟ ਦੁਆਰਾ ਨਕਦੀ ਨੂੰ ਕਿਵੇਂ ਲਿਜਾਣਾ ਹੈ ਬਾਰੇ ਜਾਣਕਾਰੀ ਦਿੱਤੀ।

# ਲੁਧਿਆਣਾ: ਸਿਰਫਿਰੇ ਆਸ਼ਿਕ ਦੀ ਸ਼ਰਮਨਾਕ ਕਰਤੂਤ ! ਮੁਹੱਲੇ 'ਚ ਲਵਾ ਦਿੱਤੇ ਪ੍ਰੇਮਿਕਾ ਦੇ ਅਸ਼ਲੀਲ ਫਲੈਕਸ

ਲੁਧਿਆਣਾ, 18 ਮਾਰਚ : ਲੁਧਿਆਣਾ ਵਿਚ ਇਕ ਸਿਰਫਿਰੇ ਆਸ਼ਿਕ ਵੱਲੋਂ ਕੁੜੀ ਦੀਆਂ ਅਸ਼ਲੀਲ ਤਸਵੀਰਾਂ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰੇਮਿਕਾ ਵੱਲੋਂ ਵਿਆਹ ਤੋਂ ਇਨਕਾਰ ਕੀਤੇ ਜਾਣ ਤੋਂ ਨਾਰਾਜ ਆਸ਼ਿਕ ਨੇ ਉਸ ਦੇ ਘਰ ਦੇ ਬਾਹਰ ਉਸ ਦੇ ਅਸ਼ਲੀਲ ਫਲੈਕਸ ਲਗਵਾ ਦਿੱਤੇ। ਹੋਰ ਤਾਂ ਹੋਰ ਉਸ ਨੇ ਕੁੜੀ ਦੀਆਂ ਅਸ਼ਲੀਲ ਤਸਵੀਰਾਂ ਉਸ ਦੇ ਰਿਸ਼ਤੇਦਾਰਾਂ ਨੂੰ ਵੀ ਭੇਜ ਦਿੱਤੀਆਂ। ਇਸ ਸਬੰਧੀ ਸ਼ਿਕਾਇਤ ਮਿਲਣ 'ਤੇ ਜਗਰਾਓਂ ਸਿਟੀ ਥਾਣਾ ਦੀ ਪੁਲਸ ਨੇ ਕੁੜੀ ਦੀ ਸ਼ਿਕਾਇਤ 'ਤੇ 2 ਨੌਜਵਾਨਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਗੁਰਦਾਸਪੁਰ ਵਾਸੀ ਰਾਜਕੁਮਾਰ ਤੇ ਜਗਰਾਓਂ ਦੇ ਸ਼ਕਤੀ ਨਗਰ ਵਾਸੀ ਦੀਪਕ ਦੇ ਰੂਪ ਵਿਚ ਹੋਈ ਹੈ। ਪੁਲਸ ਨੇ ਦੀਪਕ ਨੂੰ ਗ੍ਰਿਫਤਾਰ ਕਰ ਉਸ ਨੇੜੇ ਮੋਬਾਈਲ ਤੇ ਫਲੈਕਸ ਵੀ ਬਰਾਮਦ ਕੀਤੇ ਹਨ, ਜਦਕਿ ਰਾਜਕੁਮਾਰ ਵਿਦੇਸ਼ ਫਰਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਜਗਰੂਪ ਸਿੰਘ ਦਾ ਕਹਿਣਾ ਹੈ ਕਿ ਪੀੜਤਾ ਨੇ ਸ਼ਿਕਾਇਤ ਵਿਚ ਦੱਸਿਆ ਹੈ ਕਿ 2019 ਵਿਚ ਉਸ ਦੀ ਪਛਾਣ ਰਾਜ ਕੁਮਾਰ ਵਜੋਂ ਹੋਈ, ਇਸ ਦੌਰਾਨ ਦੋਹਾਂ ਵਿਚ ਫੋਨ 'ਤੇ ਗੱਲਬਾਤ ਹੋਣ ਲੱਗ ਪਈ। ਬਾਅਦ ਵਿਚ ਰਾਜਕੁਮਾਰ ਨੇ ਕਿਸੇ ਹੋਰ ਕੁੜੀ ਨਾਲ ਵਿਆਹ ਕਰਵਾ ਲਿਆ। ਜਿਸ ਤੋਂ ਬਾਅਦ ਉਸ ਨੇ ਰਾਜਕੁਮਾਰ ਦਾ ਫੋਨ ਚੁੱਕਣਾ ਬੰਦ ਕਰ ਦਿੱਤਾ। ਇਸ ਤੋਂ ਬਾਅਦ ਰਾਜ ਕੁਮਾਰ ਵਿਦੇਸ਼ ਚਲਾ ਗਿਆ ਤੇ ਮਲੇਸ਼ੀਆ ਜਾ ਕੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਉਹ ਮਲੇਸ਼ੀਆ ਆ ਕੇ ਉਸ ਨਾਲ ਵਿਆਹ ਕਰਵਾ ਲਵੇ, ਨਹੀਂ ਤਾਂ ਉਸ਼ ਦੀਆਂ ਤਸਵੀਰਾਂ ਵਾਇਰਲ ਕਰ ਦੇਵੇਗਾ। ਇਸ ਮਗਰੋਂ ਉਸ ਨੇ ਰਾਜਕੁਮਾਰ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਤਾਂ ਉਸ ਨੇ ਗੁੱਸੇ ਵਿਚ ਆ ਕੇ ਫੇਕ ਆਈ.ਡੀ. ਬਣਾ ਕੇ ਅਸ਼ਲੀਲ ਫੋਟੋਆਂ ਅਪਲੋਡ ਕਰ ਦਿੱਤੀਆਂ। ਇੰਨਾ ਹੀ ਨਹੀਂ ਉਸ ਨੇ ਆਪਣੇ ਦੋਸਤ ਨਾਲ ਰੱਲ ਕੇ ਉਸ ਦੇ ਅਸ਼ਲੀਲ ਫਲੈਕਸ ਬਣਵਾ ਕੇ ਉਸ ਦੇ ਘਰ ਦੇ ਬਾਹਰ ਵੀ ਲਗਵਾ ਦਿੱਤੇ। ਜਿਸ ਮਗਰੋਂ ਪੁਲਸ ਨੇ ਉਸ ਦੇ ਦੋਸਤ ਦੀਪਕ ਨੂੰ ਫ਼ਿਲਹਾਲ ਗ੍ਰਿਫਤਾਰ ਕਰ ਲਿਆ ਹੈ ਤੇ ਅੱਗੇ ਦੀ ਕਾਰਵਾਈ ਜਾਰੀ ਹੈ।

## ਸਕੇ ਭਰਾਵਾਂ ਨੇ 6ਵੀਂ ਜਮਾਤ ਦੀ ਕੁੜੀ ਨਾਲ ਕੀਤਾ ਬਲਾਤਕਾਰ

ਸਾਹਨੇਵਾਲ/ਕੁਹਾੜਾ, 18 ਮਾਰਚ : ਨਾਬਾਲਗ ਬੱਚੀਆਂ ਨਾਲ ਜਬਰ-ਜ਼ਿਨਾਹ ਅਤੇ ਸਰੀਰਕ ਸ਼ੋਸ਼ਣ ਵਰਗੀਆਂ ਘਟਨਾਵਾਂ ਸਾਡੇ ਸਮਾਜ 'ਚ ਆਮ ਹੁੰਦੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਦੀ ਇਕ ਘਟਨਾ ਥਾਣਾ ਸਾਹਨੇਵਾਲ ਦੇ ਇਕ ਇਲਾਕੇ ਦੀ ਸਾਹਮਣੇ ਆਈ ਹੈ।

ਥਾਣਾ ਸਾਹਨੇਵਾਲ ਦੀ ਚੌਕੀ ਕੰਗਣਵਾਲ ਦੇ ਇਲਾਕੇ ਦੀ ਰਹਿਣ ਵਾਲੀ ਇਕ ਲਾਚਾਰ ਮਾਂ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦੀ ਧੀ ਨਾਲ ਕੁਝ ਦਰਿੰਦਿਆਂ ਨੇ ਜਬਰ-ਜਿਨਾਹ ਕਰਕੇ ਉਸ ਨੂੰ ਗਰਭਵਤੀ ਕਰ ਦਿੱਤਾ। ਪੁਲਸ ਨੂੰ ਦਿੱਤੀ ਗਈ ਜਾਣਕਾਰੀ 'ਚ ਇਕ ਮਾਂ ਨੇ ਦੱਸਿਆ ਕਿ ਉਸ ਦੀ 6ਵੀਂ ਜਮਾਤ 'ਚ ਪੜ੍ਹਦੀ ਨਾਬਾਲਗ ਧੀ ਨਾਲ ਉਨ੍ਹਾਂ ਦੇ ਗੁਆਂਢ 'ਚ ਰਹਿਣ ਵਾਲੇ ਦੋ ਲੜਕਿਆਂ ਜੋ ਸਕੇ ਭਰਾ ਹਨ ਨੇ ਜਬਰ-ਜਨਾਹ ਕਰਕੇ ਉਸ ਨੂੰ ਗਰਭਵਤੀ ਕਰ ਦਿੱਤਾ ਹੈ।

# ਚੋਣਾਂ ਤੋਂ ਪਹਿਲਾਂ ਜਾਣੋ ਪੰਜਾਬ ਦੇ ਮੈਂਬਰਾਂ ਦਾ ਸੰਸਦ 'ਚ ਪ੍ਰਦਰਸ਼ਨ, ਇਨ੍ਹਾਂ ਮੈਂਬਰਾਂ ਨੇ ਪੁੱਛੇ ਸੰਨੀ ਦਿਓਲ ਤੋਂ ਸਵਾਲ

ਚੰਡੀਗੜ੍ਹ, 18 ਮਾਰਚ : ਲੋਕ ਸਭਾ ਚੋਣਾਂ 2024 ਦਾ ਬਿਗੁਲ ਵੱਜ ਚੁੱਕਿਆ ਹੈ। ਚੋਣ ਕਮਿਸ਼ਨ ਵੱਲੋਂ ਤਾਰੀਖਾਂ ਦੇ ਐਲਾਨ ਦੇ ਨਾਲ ਹੀ ਦੇਸ਼ ਭਰ ਵਿਚ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਸਿਆਸੀ ਆਗੂਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ। ਉੱਥੇ ਹੀ ਜੇਕਰ ਪਿਛਲੀ ਵਾਰ ਚੁਣ ਕੇ ਭੇਜੇ ਪੰਜਾਬ ਦੇ ਸੰਸਦ ਮੈਂਬਰਾਂ ਦੀ ਪਾਰਲੀਮੈਂਟ ਵਿਚ ਹਿੱਸੇਦਾਰੀ ਦੀ ਗੱਲ ਕਰੀਏ ਤਾਂ ਕਈ ਮੈਂਬਰਾਂ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਪਿਛਲੇ 5 ਸਾਲਾਂ ਵਿਚ ਸੰਸਦ ਵਿਚ ਕੁੱਲ੍ਹ 274 ਬੈਠਕਾਂ ਹੋਈਆਂ। ਇਸ ਦੌਰਾਨ ਕੁਝ ਸੰਸਦ ਮੈਂਬਰਾਂ ਨੇ ਤਾਂ ਜਨਤਾ ਦੇ ਕਈ ਮੁੱਦੇ ਚੁੱਕੇ, ਪਰ ਕਈ ਜਾਂ ਤਾਂ ਬਿਲਕੁੱਲ ਹੀ ਚੁੱਪ ਰਹੇ ਜਾਂ ਬਹੁਤ ਘੱਟ ਮੁੱਦੇ ਚੁੱਕੇ। ਆਓ ਮਾਰਦੇ ਹਾਂ ਪੰਜਾਬ ਦੇ ਸੰਸਦ ਮੈਂਬਰਾਂ ਦੇ ਪਾਰਲੀਮੈਂਟ ਵਿਚ ਪ੍ਰਦਰਸ਼ਨ 'ਤੇ ਇਕ ਝਾਤ: ਗੁਰਦਾਸਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਸੰਨੀ ਦਿਓਲ ਦੀ ਲੋਕ ਸਭਾ ਵਿਚ ਸਭ ਤੋਂ ਘੱਟ ਹਾਜਰੀ ਦਰਜ ਕੀਤੀ ਗਈ। ਉਨ੍ਹਾਂ ਦੀ ਹਾਜਰੀ ਮਹਿਜ 17 ਫੀਸਦੀ ਹੀ ਰਹੀ। ਸੁਖਬੀਰ ਬਾਦਲ ਵੀ 20 ਫੀਸਦੀ ਬੈਠਕਾਂ ਵਿਚ ਹੀ ਪਹੁੰਚੇ। ਇਸ ਮਾਮਲੇ ਵਿਚ ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾੜੀ 95 ਫੀਸਦੀ ਹਾਜਰੀ ਨਾਲ ਸਭ ਤੋਂ ਅੱਗੇ ਰਹੇ। ਇਸ ਤੋਂ ਇਲਾਵਾ ਜਸਬੀਰ ਸਿੰਘ ਗਿੱਲ 93 ਫੀਸਦੀ, ਰਵਨੀਤ ਬਿੱਟੂ 90 ਫੀਸਦੀ, ਗੁਰਜੀਤ ਸਿੰਘ ਔਜਲਾ ਤੇ ਅਮਰ ਸਿੰਘ ਦੀ ਹਾਜਰੀ 86 ਫੀਸਦੀ ਰਹੀ। ਪਾਰਲੀਮੈਂਟ ਵਿਚ ਪੰਜਾਬ ਦੇ ਦੀ



| ਹਾਜਰੀ ਸੰਸਦ ਮੈਂਬਰ | ਹਾਜਰੀ |
|---|---|
| ਮਨੀਸ਼ ਤਿਵਾੜੀ | 95 ਫੀਸਦੀ |
| ਜਸਬੀਰ ਸਿੰਘ ਗਿੱਲ | 93 ਫੀਸਦੀ |
| ਰਵਨੀਤ ਬਿੱਟੂ | 90 ਫੀਸਦੀ |
| ਗੁਰਜੀਤ ਸਿੰਘ ਔਜਲਾ | 86 ਫੀਸਦੀ |
| ਅਮਰ ਸਿੰਘ | 86 ਫੀਸਦੀ |
| ਪਰਨੀਤ ਕੌਰ | 85 ਫੀਸਦੀ |
| ਸਿਮਰਨਜੀਤ ਮਾਨ | 85 ਫੀਸਦੀ |
| ਸਵ. ਚੌਧਰੀ ਸੰਤੋਖ ਸਿੰਘ | 82 ਫੀਸਦੀ |
| ਸੁਸ਼ੀਲ ਰਿੰਕੂ | 64 ਫੀਸਦੀ |
| ਮੁਹੰਮਦ ਸਦੀਕ | 64 ਫੀਸਦੀ |
| ਹਰਸਿਮਰਤ ਕੌਰ ਬਾਦਲ | 61 ਫੀਸਦੀ |
| ਸੁਖਬੀਰ ਬਾਦਲ | 20 ਫੀਸਦੀ |
| ਸੰਨੀ ਦਿਓਲ | 17 ਫੀਸਦੀ |

ਸਵਾਲ ਪੁੱਛਣ ਦੇ ਮਾਮਲੇ 'ਚ ਸੰਨੀ ਦਿਓਲ ਤੋਂ ਵੀ ਪਿੱਛੇ ਰਹੇ ਇਹ ਮੈਂਬਰ

ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਸੰਨੀ ਦਿਓਲ ਦੀ ਸਿਆਸਤ ਵਿਚ ਘੱਟ ਸਰਗਰਮੀ ਕਾਰਨ ਕਈ ਵਾਰ ਆਲੋਚਨਾ ਹੁੰਦੀ ਰਹੀ ਹੈ। ਫ਼ਿਲਮਾਂ ਵਿਚ ਆਪਣੇ ਧਮਾਕੇਦਾਰ ਡਾਇਲਾਗ ਲਈ ਮਸ਼ਹੂਰ ਸੰਨੀ ਦਿਓਲ ਪਾਰਲੀਮੈਂਟ ਵਿਚ ਲੋਕਾਂ ਦੇ ਹੱਕ ਵਿਚ ਆਵਾਜ ਬੁਲੰਦ ਕਰਦੇ ਨਜਰ ਨਹੀਂ ਆਏ। ਉਨ੍ਹਾਂ ਨੇ ਆਪਣੇ ਕਾਰਜਕਾਲ ਵਿਚ ਮਹਿਜ 4 ਸਵਾਲ ਹੀ ਪੁੱਛੇ। ਉੱਥੇ ਹੀ ਪੰਜਾਬ ਦੇ 2 ਹੋਰ ਸੰਸਦ ਮੈਂਬਰ ਵੀ ਹਨ ਜਿਹੜੇ ਸਵਾਲ ਪੁੱਛਣ ਦੇ ਮਾਮਲੇ 'ਚ ਸੰਨੀ ਦਿਓਲ ਤੋਂ ਵੀ ਪਿੱਛੇ ਰਹਿ ਗਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੀਟ ਸੰਗਰੂਰ 'ਤੇ ਹੋਈ ਜ਼ਿਮਣੀ ਚੋਣ ਵਿਚ ਜਿੱਤਣ ਵਾਲੇ ਸਿਮਰਨਜੀਤ ਸਿੰਘ ਮਾਨ ਨੇ ਪਾਰਲੀਮੈਂਟ ਵਿਚ ਇਕ ਵੀ ਸਵਾਲ ਨਹੀਂ ਪੁੱਛਿਆ। ਉੱਥੇ ਹੀ ਫਰੀਦਕੋਟ ਤੋਂ ਸੰਸਦ ਮੈਂਬਰ ਮੁਹੰਮਦ ਸਦੀਕ ਨੇ ਵੀ 5 ਸਾਲਾਂ ਵਿਚ ਮਹਿਜ 2 ਹੀ ਸਵਾਲ ਪੁੱਛੇ। ਉੱਥੇ ਹੀ ਰਵਨੀਤ ਸਿੰਘ ਬਿੱਟੂ 265 ਸਵਾਲਾਂ ਨਾਲ ਇਸ ਮਾਮਲੇ ਵਿਚ ਪੰਜਾਬ ਦੇ ਬਾਕੀ ਸਾਰੇ ਮੈਂਬਰਾਂ ਤੋਂ ਅੱਗੇ ਰਹੇ।

# ਸ਼ਹੀਦ ਅੰਮ੍ਰਿਤਪਾਲ ਸਿੰਘ ਦਾ ਅੱਜ ਹੋਵੇਗਾ ਅੰਤਿਮ ਸੰਸਕਾਰ, ਗੌਰਵ ਯਾਦਵ ਨੇ ਸ਼ਹਾਦਤ ਨੂੰ ਕੀਤਾ ਸਲਾਮ

ਮੁਕੇਰੀਆਂ, 18 ਮਾਰਚ : ਥਾਣਾ ਮੁਕੇਰੀਆਂ ਅਧੀਨ ਪੈਂਦੇ ਪਿੰਡ ਮਨਸੂਰਪੁਰ ਮਹਿਤਪੁਰ ਵਿਖੇ ਸੀ. ਆਈ. ਏ. ਸਟਾਫ ਹੁਸ਼ਿਆਰਪੁਰ ਵੱਲੋਂ ਇਕ ਨਸ਼ਾ ਸਮੱਗਲਰ ਸੁਖਵਿੰਦਰ ਸਿੰਘ ਰਾਣਾ ਪੁੱਤਰ ਜਰਨੈਲ ਸਿੰਘ ਵਾਸੀ ਮਨਸੂਰਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਗੋਲੀ ਲੱਗਣ ਕਾਰਨ ਮੁਲਾਜਮ ਅੰਮ੍ਰਿਤਪਾਲ ਸਿੰਘ ਦੀ ਮੌਤ ਹੋ ਗਈ ਸੀ। ਉਥੇ ਹੀ ਸ਼ਹੀਦ ਹੋਏ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਡੀ. ਜੀ. ਪੀ. ਗੌਰਵ ਯਾਦਵ ਵੱਲੋਂ ਸ਼ਰਧਾਂਜਲੀ ਦਿੱਤੀ ਗਈ ਹੈ। ਉਨ੍ਹਾਂ ਟਵੀਟ ਕਰਦੇ ਹੋਏ ਕਿਹਾ ਕਿ ਡਿਊਟੀ ਦੌਰਾਨ ਹੁਸ਼ਿਆਰਪੁਰ ਪੁਲਸ ਦੇ ਸੀ.ਆਈ.ਏ. ਸਟਾਫ ਦੇ ਸ਼ਹੀਦ ਹੋਏ ਮੁਲਾਜਮ ਅੰਮ੍ਰਿਤਪਾਲ ਸਿੰਘ ਨੂੰ ਸਲਾਮ। ਅਸੀਂ ਦੁੱਖ ਦੇ ਸਮੇਂ ਵਿਚ ਉਨ੍ਹਾਂ ਦੇ ਪਰਿਵਾਰ ਦੇ ਨਾਲ ਖੜ੍ਹੇ ਹਾਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਸਾਡੀਆਂ ਪ੍ਰਾਥਨਾਵਾਂ ਉਨ੍ਹਾਂ ਦੇ ਪਰਿਵਾਰ ਦੇ ਨਾਲ ਹਨ। ਇਥੇ ਇਹ ਵੀ ਦੱਸ ਦੇਈਏ ਕਿ ਜਿਵੇਂ ਹੀ ਅੰਮ੍ਰਿਤਪਾਲ ਸਿੰਘ ਦੇ ਸ਼ਹੀਦ ਹੋਣ ਦਾ ਪਤਾ ਪਰਿਵਾਰ ਨੂੰ ਲੱਗਾ ਤਾਂ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਪਈ। ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਪਿਆ ਹੈ। ਅੰਮ੍ਰਿਤਪਾਲ ਸਿੰਘ ਦਾ ਅੱਜ ਅੰਤਿਮ ਸੰਸਕਾਰ ਕਰ ਦਿੱਤਾ ਜਾਵੇਗਾ।



ਜ਼ਿਕਰਯੋਗ ਹੈ ਕਿ ਬੀਤੇ ਦਿਨ ਪਿੰਡ ਮਨਸੂਰਪੁਰ ਮਹਿਤਪੁਰ ਵਿਖੇ ਸੀ. ਆਈ. ਏ. ਸਟਾਫ ਹੁਸ਼ਿਆਰਪੁਰ ਵੱਲੋਂ ਇਕ ਨਸ਼ਾ ਸਮੱਗਲਰ ਸੁਖਵਿੰਦਰ ਸਿੰਘ ਰਾਣਾ ਪੁੱਤਰ ਜਰਨੈਲ ਸਿੰਘ ਵਾਸੀ ਮਨਸੂਰਪੁਰ ਨੂੰ ਫੜਨ ਲਈ ਛਾਪੇਮਾਰੀ ਕੀਤੀ ਗਈ ਸੀ। ਇਸ ਦੌਰਾਨ ਗੋਲੀ ਲੱਗਣ ਕਾਰਨ ਮੁਲਾਜਮ ਅੰਮ੍ਰਿਤਪਾਲ ਸਿੰਘ ਦੀ ਮੌਤ ਹੋ ਗਈ ਸੀ। ਜਦੋਂ ਸੀ. ਆਈ. ਏ. ਸਟਾਫ ਦੇ ਇੰਚਾਰਜ ਲਖਵੀਰ ਸਿੰਘ ਅਤੇ ਪੁਲਸ ਮੁਲਾਜਮਾਂ ਨੇ ਸੁਖਵਿੰਦਰ ਸਿੰਘ ਰਾਣਾ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਫਾਇਰਿੰਗ ਕਰ ਦਿੱਤੀ। ਸਿੱਟੇ ਵੱਜੋਂ ਪੁਲਸ ਮੁਲਾਜਮ ਅੰਮ੍ਰਿਤਪਾਲ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ ਪਿੰਡ ਜੰਡੌਰ ਦੀ ਛਾਤੀ ਵਿਚ ਗੋਲੀ ਲੱਗੀ।

# ਪੁਰਾਣੇ ਸਮਿਆਂ 'ਚ ਡੱਬਿਆਂ 'ਚ ਉਮੀਦਵਾਰਾਂ ਦੇ ਨਾਂ ਲਿਖੇ ਹੁੰਦੇ ਸੀ, ਉਸੇ 'ਚ ਵੋਟ ਪਾਉਂਦੇ ਸੀ ਲੋਕ

ਲੁਧਿਆਣਾ, 18 ਮਾਰਚ : ਇਕ ਸਮਾਂ ਅਜਿਹਾ ਸੀ, ਜਦੋਂ ਚੋਣਾਂ ਵੇਲੇ ਟੇਬਲਾਂ 'ਤੇ ਉਮੀਦਵਾਰਾਂ ਦੇ ਨਾਂ ਵਾਲੇ ਡੱਬੇ ਹੁੰਦੇ ਸਨ ਅਤੇ ਉਨ੍ਹਾਂ 'ਚ ਪਰਚੀ ਪਾਉਣੀ ਹੁੰਦੀ ਸੀ ਪਰ ਹੁਣ ਸਮਾਂ ਬਹੁਤ ਬਦਲ ਚੁੱਕਾ ਹੈ ਅਤੇ ਈ. ਵੀ. ਐੱਮ. ਦਾ ਜਮਾਨਾ ਆ ਗਿਆ ਹੈ। ਆਜਾਦੀ ਤੋਂ ਬਾਅਦ 1962 'ਚ ਪਹਿਲੀ ਵਾਰ ਵੋਟ ਪਾਉਣ ਵਾਲੇ 82 ਸਾਲਾ ਕਾਰੋਬਾਰੀ ਜਸਵੰਤ ਸਿੰਘ ਦੱਸਦੇ ਹਨ ਕਿ ਉਸ ਸਮੇਂ ਉਨ੍ਹਾਂ ਨੂੰ ਇਕ ਹੀ ਪਰਚੀ ਦਿੱਤੀ ਜਾਂਦੀ ਸੀ। ਜੇਕਰ 5 ਉਮੀਦਵਾਰ ਮੈਦਾਨ 'ਚ ਹੁੰਦੇ ਸਨ ਤਾਂ ਉਨ੍ਹਾਂ ਦੇ ਨਾਂ ਦੇ ਡੱਬੇ ਰੱਖੇ ਹੁੰਦੇ ਸਨ। ਉਨ੍ਹਾਂ ਡੱਬਿਆਂ 'ਚ ਆਪਣੇ ਪਸੰਦ ਦਾ ਉਮੀਦਵਾਰ ਦੇਖ ਕੇ ਪਰਚੀ ਪਾਉਣੀ ਪੈਂਦੀ ਸੀ। ਕਈ ਲੋਕ ਤਾਂ ਪਰਚੀ ਪਾਉਣ ਤੋਂ ਬਾਅਦ ਮੱਥਾ ਤੱਕ ਵੀ ਟੇਕ ਦਿੰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਉਸ ਵੇਲੇ 60 ਫੀਸਦੀ ਲੋਕਾਂ ਨੂੰ ਵੋਟਾਂ ਬਾਰੇ ਕੁੱਝ ਪਤਾ ਹੀ ਨਹੀਂ ਹੁੰਦਾ ਸੀ ਅਤੇ ਜਿਹੜੇ ਉਮੀਦਵਾਰਾਂ ਨਾਲ ਉਨ੍ਹਾਂ ਦੀ ਜਾਣ-ਪਛਾਣ ਹੁੰਦੀ ਸੀ, ਉਹ ਉਸ ਨੂੰ ਹੀ ਵੋਟ ਪਾ ਦਿੰਦੇ ਸਨ। 1970 ਤੋਂ ਬਾਅਦ ਵਿਧਾਨ ਸਭਾ ਚੋਣਾਂ 'ਚ ਜਲਸੇ ਹੋਣੇ ਸ਼ੁਰੂ ਹੋ ਗਏ ਸਨ। ਉਸ ਸਮੇਂ ਲੋਕਾਂ ਨੂੰ ਪੋਲਿੰਗ ਏਜੰਟ ਦੀ ਅਹਿਮੀਅਤ ਦਾ ਪਤਾ ਲੱਗਿਆ। ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਖੁਦ ਕਾਂਗਰਸ ਦੇ ਕਪੂਰ ਸਾਹਿਬ ਅਤੇ ਅਕਾਲੀ ਦਲ ਦੇ ਅਮਰਜੀਤ ਸਿੰਘ ਭਾਟੀਆ ਦੇ ਪੋਲਿੰਗ ਏਜੰਟ ਦੀ ਭੂਮਿਕਾ ਨਿਭਾਈ ਹੈ। ਉਸ ਵੇਲੇ ਆਗੂਆਂ 'ਚ ਕਿਸੇ ਤਰ੍ਹਾਂ ਦਾ ਵੈਰ ਨਹੀਂ ਹੁੰਦਾ ਸੀ। ਸਾਰੇ ਇਕੱਠੇ ਬੈਠ ਕੇ ਚਾਹ-ਨਾਸ਼ਤਾ ਕਰਦੇ ਸਨ। 1980 ਦੇ ਆਸ-ਪਾਸ ਮੋਹਰ ਲਾ ਕੇ ਵੋਟ ਪਾਉਣ ਦਾ ਰਿਵਾਜ ਸ਼ੁਰੂ ਹੋਇਆ। ਉਸ ਸਮੇਂ ਵੀ ਠੱਗੀ ਹੁੰਦੀ ਸੀ ਪਰ ਜ਼ਿਆਦਾਤਰ ਲੋਕਾਂ ਨੂੰ ਇਸ ਬਾਰੇ ਪਤਾ ਨਹੀਂ ਸੀ। ਜਸਵੰਤ ਸਿੰਘ ਦੱਸਦੇ ਹਨ ਕਿ ਉਸ ਵੇਲੇ ਬਿਰਾਦਰੀ ਅਤੇ ਭਾਈਚਾਰੇ ਤੋਂ ਜ਼ਿਆਦਾ ਵੋਟਾਂ ਮਿਲਦੀਆਂ ਸਨ। ਆਟਾ-ਦਾਰੂ ਨਾਂ ਦੇ ਬਰਾਬਰ ਵੰਡੀ ਜਾਂਦੀ ਸੀ ਅਤੇ ਉਮੀਦਵਾਰ ਜ਼ਿਆਦਾ ਖਰਚਾ ਵੀ ਨਹੀਂ ਕਰਦੇ ਸਨ ਪਰ ਅੱਜ ਦੇ ਜਮਾਨੇ 'ਚ ਜਿੱਥੇ ਲੋਕਾਂ ਨੂੰ ਪੂਰੀ ਸਮਝ ਹੈ, ਉੱਥੇ ਹੀ ਉਮੀਦਵਾਰ ਵੀ ਵੋਟਰਾਂ ਨੂੰ ਲੁਭਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਣਾ ਰਹੇ ਹਨ।

## ਜਲੰਧਰ 'ਚ ਫਲ-ਸਬਜੀਆਂ ਦੀ ਸਪਲਾਈ ਹੋ ਸਕਦੀ ਹੈ ਪ੍ਰਭਾਵਿਤ

ਜਲੰਧਰ, 18 ਮਾਰਚ : ਜਲੰਧਰ ਵਿਚ ਫਲ ਅਤੇ ਸਬਜੀਆਂ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਦਰਅਸਲ, ਮਕਸੂਦਾਂ ਸਬਜੀ ਮੰਡੀ ਵਿਚ ਸਬਜੀ ਤੇ ਫਲਾਂ ਦੀ ਫੜ੍ਹੀ ਲਗਾਉਣ ਵਾਲੇ ਹੜ੍ਹਤਾਲ 'ਤੇ ਉਤਰ ਗਏ ਹਨ। ਇਹ ਹੜ੍ਹਤਾਲ ਤਕਰੀਬਨ 3 ਮੰਗਾਂ ਨੂੰ ਲੈ ਕੇ ਸ਼ੁਰੂ ਕੀਤੀ ਗਈ ਹੈ, ਜਿਸ ਦੇ ਜਲਦਿਆਂ ਮੰਡੀ ਵਿਚੋਂ ਰਿਟੇਲ ਦੀ ਕੀਮਤ 'ਤੇ ਸਬਜੀਆਂ ਤੇ ਫਲ ਮਿਲਣੇ ਬੰਦ ਹੋ ਗਏ ਹਨ। ਮੰਡੀ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਸ਼ੰਕਰ ਗੁਪਤਾ ਨੇ ਦੱਸਿਆ ਕਿ ਮਾਰਕੀਟ ਕਮੇਟੀ ਵੱਲੋਂ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਠੇਕਾ ਨਿੱਜੀ ਹੱਥਾਂ ਵਿਚ ਦੇ ਦਿੱਤਾ ਗਿਆ, ਜਦਕਿ ਕਮੇਟੀ ਨੇ ਉਨ੍ਹਾਂ ਦੀਆਂ ਫੜ੍ਹੀਆਂ ਪਿੱਛੇ ਹਟਵਾਈਆਂ ਸੀ।

## ਰਸੋਈ 'ਚ ਰੋਟੀ ਬਣਾਉਂਦਿਆਂ ਸਿਲੰਡਰ ਨੂੰ ਲੱਗੀ ਅੱਗ

ਖੰਨਾ, 18 ਮਾਰਚ : ਖੰਨਾ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਇੱਥੇ ਇਕ ਘਰ ਅੰਦਰ ਰਸੋਈ ਗੈਸ ਸਿਲੰਡਰ ਨੂੰ ਅਚਾਨਕ ਅੱਗ ਲੱਗ ਗਈ। ਇਸ ਵਿਚ ਪਰਿਵਾਰ ਦੇ 4 ਜੀਅ ਝੁਲਸ ਗਏ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੋਂ ਇਕ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਹੈ। ਪੀੜਤਾਂ ਵਿਚ 3 ਬੱਚੇ ਵੀ ਸ਼ਾਮਲ ਹਨ। ਜਾਣਕਾਰੀ ਮੁਤਾਬਕ ਖੰਨਾ ਦੇ ਪਿੰਡ ਅਲੌੜ ਵਿਖੇ ਘਰ ਅੰਦਰ ਮਹਿਲਾ ਰਸੋਈ ਵਿਚ ਰੋਟੀ ਬਣਾ ਰਹੀ ਸੀ। ਇਸ ਦੌਰਾਨ ਅਚਾਨਕ ਸਿਲੰਡਰ ਨੂੰ ਅੱਗ ਲੱਗ ਗਈ।

# ਚੋਣਾਂ ਦੇ ਐਲਾਨ ਮਗਰੋਂ ਪ੍ਰੀਖਿਆ ਦੀਆਂ ਤਾਰੀਖਾਂ ਨੂੰ ਲੈ ਕੇ ਵੱਡੀ ਅਪਡੇਟ

ਲੁਧਿਆਣਾ, 18 ਮਾਰਚ : 12ਵੀਂ ਦੀਆਂ ਪ੍ਰੀਖਿਆਵਾਂ ਦੇਣ ਦੇ ਬਾਅਦ ਦੇਸ਼ ਦੀਆਂ ਵੱਖ-ਵੱਖ ਸਿੱਖਿਆ ਸੰਸਥਾਵਾਂ 'ਚ ਦਾਖਲਾ ਲੈਣ ਦੇ ਰਾਹ ਦੇਖ ਰਹੇ ਵਿਦਿਆਰਥੀਆਂ ਦੇ ਲਈ ਇਹ ਖਬਰ ਕਾਫੀ ਅਹਿਮ ਹੈ। ਦਰਅਸਲ ਨੈਸ਼ਨਲ ਯੂਨੀਵਰਸਿਟੀ ਐਂਟਰਸ ਐਗਜਾਮ ਸੀ. ਯੂ. ਈ. ਟੀ. ਯੂ. ਜੀ. 'ਤੇ ਆਈ ਤਾਜਾ ਅਪਡੇਟ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸ ਪ੍ਰੀਖਿਆ ਦੀਆਂ ਸੰਭਾਵਿਤ ਤਰੀਕਾਂ 'ਚ ਬਦਲਾਅ ਹੋਣ ਦੀਆਂ ਚਰਚਾਵਾਂ 'ਤੇ ਰੋਕ ਲਾ ਦਿੱਤੀ ਹੈ। ਯੂਨੀਵਰਸਿਟੀ ਗ੍ਰਾਂਟ ਕਮਿਸ਼ਨ (ਯੂ. ਜੀ. ਸੀ.) ਦੇ ਪ੍ਰਮੁੱਖ ਜਗਦੀਸ਼ ਕੁਮਾਰ ਨੇ ਐਤਵਾਰ ਨੂੰ ਆਪਣੇ ਟਵਿਟਰ ਹੈਂਡਲ 'ਤੇ ਟਵੀਟ ਕਰ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਸੀ. ਯੂ. ਈ. ਟੀ. ਯੂ. ਜੀ. ਦੀ ਪ੍ਰੀਖਿਆ 15 ਤੋਂ 31 ਮਈ ਦੇ ਵਿਚਕਾਰ ਹੀ ਹੋਵੇਗੀ। ਭਾਵੇਂਕਿ ਪਹਿਲਾ ਯੂ. ਜੀ. ਸੀ. ਨੇ ਕਿਹਾ ਸੀ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੀ. ਯੂ. ਈ. ਟੀ. ਦੀਆਂ ਤਾਰੀਕਾਂ ਬਦਲੀਆਂ ਜਾ ਸਕਦੀਆਂ ਹਨ ਪਰ ਹੁਣ ਜਦ ਸ਼ਨੀਵਾਰ ਨੂੰ ਲੋਕ ਸਭਾ ਚੋਣ ਦੀ ਤਾਰੀਕ ਘੋਸ਼ਿਤ ਹੋਣ ਦੇ ਬਾਅਦ ਯੂ. ਜੀ. ਸੀ. ਪ੍ਰਮੁੱਖ ਨੇ ਸਾਫ ਕਰ ਦਿੱਤਾ ਕਿ 2 ਤਾਰੀਖਾਂ 20 ਅਤੇ 25 ਮਈ ਚੋਣਾਂ ਦੀ ਤਾਰੀਕ ਦੇ ਨਾਲ ਓਵਰਲੈਪ ਹੋ ਰਹੀ ਹੈ, ਪਰ ਪ੍ਰੀਖਿਆ ਦੀ ਤਾਰੀਖ ਨਹੀਂ ਬਦਲੇਗੀ। ਇਸ ਦੇ ਬਾਅਦ ਇਹ ਪਤਾ ਲੱਗ ਸਕੇਗਾ ਕਿ ਕਿੰਨੇ ਵਿਦਿਆਰਥੀਆਂ ਨੇ ਰਜਿਸਟਰ ਕੀਤਾ ਹੈ। ਯੂ. ਜੀ. ਸੀ. ਮੁਤਾਬਕ ਰਜਿਸਟਰੇਸ਼ਨ ਕਰਵਾਉਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਨਾਲ ਉਨ੍ਹਾਂ ਦੇ ਜਿਓਗ੍ਰਾਫਿਕਲ ਡਿਸਟ੍ਰੀਬਿਊਸ਼ਨ ਦਾ ਵੀ ਪਤਾ ਲੱਗ ਸਕੇਗਾ। ਮਤਲਬ ਕਿਸ ਰਾਜ, ਕਿਸ ਖੇਤਰ ਨਾਲ ਕਿੰਨੇ ਵਿਦਿਆਰਥੀ ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਹਨ। ਇਸ ਡਾਟਾ ਅਤੇ ਚੋਣ ਤਾਰੀਕ ਦੇ ਆਧਾਰ 'ਤੇ ਐੱਨ. ਟੀ. ਏ., ਸੀ. ਯੂ. ਈ. ਟੀ. ਯੂ. ਜੀ. ਦੀ ਡਿਟੇਲ ਡੇਟਸ਼ੀਟ ਜਾਰੀ ਕਰੇਗਾ।



ਇੰਸਟੀਚਿਊਟ ਆਫ ਚਾਰਟਿਡ ਅਕਾਊਂਟੇਂਟਸ ਆਫ ਇੰਡੀਆ (ਆਈ. ਸੀ. ਏ. ਆਈ.) ਨੇ ਲੋਕ ਸਭਾ ਚੋਣਾਂ ਦੇ ਮੱਦੇਨਜਰ ਮਈ-ਜੂਨ ਵਿਚ ਹੋਣ ਵਾਲੀ ਚਾਰਟਿਡ ਅਕਾਊਂਟੈਂਟ ਦੀ ਪ੍ਰੀਖਿਆ ਮੁਲਤਵੀ ਕਰ ਦਿੱਤੀ ਹੈ। ਚੋਣਾਂ ਦੀਆਂ ਤਾਰੀਖਾਂ ਦੇ ਐਲਾਨ ਤੋਂ ਬਾਅਦ ਆਈ. ਸੀ. ਏ. ਆਈ. ਨੇ ਇਹ ਫੈਸਲਾ ਲੈਂਦੇ ਇੰਸਟੀਚਿਊਟ ਆਫ ਚਾਰਟਿਡ ਅਕਾਊਂਟੈਂਟ ਆਫ ਇੰਡੀਆ ਦੀ ਆਫੀਸ਼ੀਅਲ ਵੈਬਸਾਈਟ 'ਤੇ ਜਾਰੀ ਨੋਟਿਸ ਵਿਚ ਕਿਹਾ ਕਿ ਸੀ. ਏ. ਮਈ ਐਗਜਾਮ ਦਾ ਰਿਵਾਈਜਡ ਸ਼ੈਡਿਊਲ 19 ਮਾਰਚ ਨੂੰ ਅਧਿਕਾਰਿਕ ਵੈੱਬਸਾਈਟ 'ਤੇ ਜਾਰੀ ਕੀਤਾ ਜਾਵੇਗਾ।

# ਨਸ਼ੇ ਦਾ ਕਹਿਰ ! ਜ਼ਿਆਦਾ ਸ਼ਰਾਬ ਪੀਣ ਨਾਲ ਪਿਓ ਦੀ ਮੌਤ, ਭੋਗ ਵਾਲੇ ਦਿਨ ਓਵਰਡੋਜ ਕਾਰਨ ਪੁੱਤ ਨੇ ਵੀ ਤੋੜਿਆ ਦਮ

ਫਿਰੋਜ਼ਪੁਰ, 18 ਮਾਰਚ : ਸੂਬੇ ਵਿਚ ਨਸ਼ੇ ਦਾ ਕਹਿਰ ਲਗਾਤਾਰ ਜਾਰੀ ਹੈ। ਫ਼ਿਰੋਜਪੁਰ ਵਿਚ ਇਕ ਵਿਅਕਤੀ ਦੀ ਜ਼ਿਆਦਾ ਸ਼ਰਾਬ ਪੀਣ ਨਾਲ ਮੌਤ ਹੋ ਗਈ, ਉਸ ਦੇ ਭੋਗ ਵਾਲੇ ਦਿਨ ਨਸ਼ੇ ਦੇ ਆਦੀ ਪੁੱਤਰ ਦੀ ਵੀ ਮੌਤ ਹੋ ਗਈ। ਪਿਓ ਦੇ ਭੋਗ ਵਾਲੇ ਦਿਨ ਹੀ ਉਸ ਦੇ ਪੁੱਤਰ ਦਾ ਸਸਕਾਰ ਵੀ ਕਰਨਾ ਪਿਆ। 10 ਦਿਨਾਂ ਦੇ ਅੰਦਰ ਪਿਓ-ਪੁੱਤਰ ਦੀ ਮੌਤ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ। ਜਾਣਕਾਰੀ ਮੁਤਾਬਕ ਪਿੰਡ ਸੁਰ ਸਿੰਘ ਵਾਲਾ ਦੇ ਰਹਿਣ ਵਾਲੇ ਗੁਰਬਚਨ ਸਿੰਘ ਦੇ ਜ਼ਿਆਦਾ ਸ਼ਰਾਬ ਪੀਣ ਨਾਲ ਗੁਰਦੇ ਖਰਾਬ ਹੋਣ ਕਾਰਨ 7 ਮਾਰਚ ਨੂੰ ਮੌਤ ਹੋ ਗਈ ਸੀ। ਇਸ ਦੀ ਸੂਚਨਾ ਦੇ ਕੇ ਉਸ ਦੇ ਪੁੱਤਰ ਸ਼ੇਰੂ ਨੂੰ ਫੋਨ ਕਰ ਕੇ ਮੱਧ ਪ੍ਰਦੇਸ਼ ਤੋਂ ਬੁਲਾਇਆ ਗਿਆ ਜੋ ਕੰਬਾਈਨ 'ਤੇ ਕੰਮ ਕਰਨ ਲਈ ਗਿਆ ਹੋਇਆ ਸੀ।

ਉਸ ਨੇ ਆ ਕੇ ਪਿਤਾ ਦੀਆਂ ਸਾਰੀਆਂ ਅੰਤਿਮ ਰਸਮਾਂ ਕੀਤੀਆਂ। ਪਿੰਡ ਵਾਸੀਆਂ ਨੇ ਦੱਸਿਆ ਕਿ 15 ਮਾਰਚ ਰਾਤ ਨੂੰ ਸ਼ੇਰੂ ਘਰੋਂ ਗਿਆ ਅਤੇ ਬਾਹਰੋਂ ਨਸ਼ਾ ਕਰ ਕੇ ਆਇਆ, ਉਹ ਬੇਹੋਸ਼ ਹੋ ਗਿਆ। ਸ਼ਨੀਵਾਰ ਤੜਕਾਰ ਉਸ ਦੀ ਨਸ਼ੇ ਦੀ ਓਵਰਡੋਜ ਨਾਲ ਮੌਤ ਹੋ ਗਈ। ਮਾਂ ਬਲਜਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪੁੱਤਰ ਸ਼ਮਸ਼ੇਰ ਸਿੰਘ ਉਰਫ ਸ਼ੇਰੂ ਲੰਬੇ ਸਮੇਂ ਤੋਂ ਨਸ਼ੇ ਦਾ ਆਦੀ ਸੀ।

**Public Notice**

It is for general information that I, PARAMJIT SINGH S/o RESHAM SINGH, R/o Mona Kalan, Hoshiarpur, Punjab-146112, declare that name of mine, my father and my wife have been wrongly written as PARAMJIT, RESHAM and GURWINDER KAUR respectively, in my Passport No. E6353552. The actual name of mine, my father and my wife are PARAMJIT SINGH, RESHAM SINGH and HARBANS KAUR respectively.

# ਮਾਤਾ ਨੈਣਾ ਦੇਵੀ ਪੈਦਲ ਚਾਲੇ ਲਈ ਤਿਆਰੀਆ ਸ਼ੁਰੂ

## 10 ਅਪ੍ਰੈਲ ਨੂੰ ਹੋਵੇਗੀ ਝੰਡਾ ਪੂਜਾ ਤੇ ਸ਼ਹਿਰ ਫੇਰੀ



**ਮਾਛੀਵਾੜਾ ਸਾਹਿਬ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਦੁਰਗਾ ਸਕਤੀ ਮੰਦਰ ਕਮੇਟੀ ਦੀ ਬੈਠਕ ਪ੍ਰਧਾਨ ਨੰਦ ਕਿਸੋਰ ਦੀ ਪ੍ਰਧਾਨਗੀ ਵਿੱਚ ਮੰਦਰ ਹਾਲ ਵਿੱਚ ਹੋਈ। ਬੈਠਕ ਵਿੱਚ ਮਾਤਾ ਨੈਣਾ ਦੇਵੀ ਦੇ ਦਰਸ਼ਨਾਂ ਲਈ ਜਾਣ ਵਾਲੇ ਪੈਦਲ ਚਾਲੇ ਦੇ ਜਾਣ ਸਬੰਧੀ ਤਿਆਰੀਆਂ ਦੀ ਰੂਪ ਰੇਖਾ ਤਿਆਰੀ ਕੀਤੀ ਗਈ। ਇਸ ਦੀ ਤਿਆਰੀਆ ਸਬੰਧੀ ਬੈਠਕ ਉਪਰੰਤ ਸ੍ਰੀ ਦੁਰਗਾ ਸਕਤੀ ਮੰਦਰ ਕਮੇਟੀ ਦੇ ਪ੍ਰਧਾਨ ਨੰਦ ਕਿਸੋਰ ਨੇ ਦੱਸਿਆ ਕਿ ਪੈਦਲ ਚਾਲੇ ਵਿੱਚ ਜਾਣ ਵਾਲੇ ਸ਼ਰਧਾਲੂ ਮੰਦਰ ਹਾਲ ਵਿੱਚ ਆਪਣਾ ਅਧਾਰ ਕਾਰਡ ਜਾਂ ਕਿਸੇ ਹੋਰ ਰਿਹਾਇਸ਼ੀ ਪਹਿਚਾਣ ਪੱਤਰ ਨਾਲ 08 ਅਪ੍ਰੈਲ ਤੱਕ ਰਜਿਸ਼ਟੇਸ਼ਨ ਕਰਵਾ ਸਕਦੇ ਹਨ। ਬੈਠਕ ਵਿੱਚ ਪੈਦਲ ਚਾਲੇ ਲਈ ਮੈਬਰਾਂ ਦੀਆ ਡਿਊਟੀਆਂ ਲਗਾਈਆ ਗਈਆ। ਪ੍ਰਧਾਨ ਨੇ ਦੱਸਿਆ ਕਿ ਇਲਾਕੇ ਤੋ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਦੇ ਇੱਕ ਦਿਨ ਪਹਿਲਾਂ ਰਾਤ ਰਹਿਣ ਦਾ ਪ੍ਰਬੰਧ ਵੀ ਮੰਦਰ ਹਾਲ ਵਿੱਚ ਕੀਤਾ ਗਿਆ ਹੈ। ਬੈਠਕ ਵਿੱਚ ਪੈਦਲ ਚਾਲੇ ਦੇ ਇੰਚਾਰਜ ਸ਼ਿਵਚਰਨ ਸ਼ਰਮਾ ਤੇ ਉਨ੍ਹਾਂ ਦੇ ਨਾਲ ਸੋਨੂੰ ਸੇਠੀ, ਰਾਜਿੰਦਰ ਵਰਮਾ ਤੇ ਅਸ਼ੋਕ ਲਹਿਲ ਨੂੰ ਚਾਲੇ ਦਾ ਇੰਚਾਰਜ ਬਣਾਇਆ ਗਿਆ। ਜਦਕਿ ਬਾਕੀ ਨੌਜਵਾਨ ਮੈਬਰਾਂ ਨੂੰ ਵੀ ਵੱਖ ਵੱਖ ਡਿਊਟੀਆਂ ਦਿੱਤੀਆ ਗਈਆ। ਉਨ੍ਹਾ ਦੱਸਿਆ ਕਿ ਪਿਛਲੇ 64 ਸਾਲਾਂ ਤੋ ਲਗਾਤਾਰ ਹਰ ਸਾਲ ਚੇਤ ਦੇ ਨਵਰਾਤਿਆਂ ਵਿੱਚ ਮਾਤਾ ਸ਼੍ਰੀ ਨੈਣਾ ਦੇਵੀ ਜੀ ਦੇ ਮੰਦਰ ਹਿਮਾਚਲ ਪ੍ਰਦੇਸ਼ ਜਾਣ ਵਾਲਾ ਪੈਦਲ ਚਾਲਾ ਇਸ ਵਾਰ 11ਅਪ੍ਰੈਲ ਦਿਨ ਵੀਰਵਾਰ ਨੂੰ ਰਵਾਨਾ ਹੋਵੇਗਾ। ਜਦਕਿ 10 ਅਪ੍ਰੈਲ ਬੁੱਧਵਾਰ ਨੂੰ ਝੰਡਾ ਪੂਜਾ ਹੋਣ ਉਪਰੰਤ ਸ਼ਹਿਰ ਵਿੱਚ ਫੇਰੀ ਕੱਢੀ ਜਾਵੇਗੀ। ਅਪ੍ਰੈਲ 11 ਦੀ ਸਵੇਰ ਨੂੰ ਤੜਕੇ ਦੋ ਵਜੇ ਪੈਦਲ ਯਾਤਰਾ ਮੰਦਰ ਤੋਂ ਹੀ ਸ਼ੁਰੂ ਹੋਵੇਗੀ ਅਤੇ ਇਸੇ ਦਿਨ ਥਾਣੇ ਦੇ ਪੱਤਣ ਨਾਮ ਦੇ ਪਿੰਡ ਵਿੱਚ ਰਾਤ ਨੂੰ ਆਰਾਮ ਦੇ ਦੌਰਾਨ ਮਾਤਾ ਭਗਵਤੀ ਜੀ ਦੀ ਚੌਂਕੀ ਵੀ ਲਗਾਈ ਜਾਵੇਗੀ। ਜਦਕਿ ਦੂਜੇ ਦਿਨ 12 ਅਪ੍ਰੈਲ ਨੂੰ ਰਾਤ ਅੱਠ ਵਜੇ ਸ਼੍ਰੀ ਨੈਣਾ ਦੇਵੀ ਸਿੱਧਪੀਠ ਮੰਦਰ ਹਿਮਾਚਲ ਪ੍ਰਦੇਸ਼ ਵਿਖੇ ਪਹੁੰਚ ਕੇ ਮੰਦਰ ਕਮੇਟੀ ਦੇ ਮੈਬਰ ਅਤੇ ਪੈਦਲ ਯਾਤਰਾ ਵਾਲੇ ਸਰਧਾਲੂ ਮਾਤਾ ਦੀ ਚੌਂਕੀ ਸਜਾਉਣਗੇ। ਜਦਕਿ 13ਅਪ੍ਰੈਲ ਨੂੰ ਸਵੇਰੇ ਸੱਤ ਵਜੇ ਝੰਡਾ ਚੜ੍ਹਾਉਣ ਦੀ ਰਸਮ ਅਦਾ ਕਰਣਗੇ। ਇਸ ਮੌਕੇ ਅਸ਼ਵਨੀ ਸ਼ਰਮਾ,ਸਿਵਚਰਨ ਸ਼ਰਮਾ,ਮੰਗਤ ਰਾਏ ਬੱਤਰਾ,ਸੰਨੀ ਓਹਰੀ, ਊਮੈਸ ਸੂਈ,ਸੋਨੂੰ ਵਰਮਾ, ਅੰਕਿਤ ਸੇਠੀ,ਵਿੱਕੀ ਗੁਪਤਾ, ਮਦਨ ਲਾਲ ਬਿੱਟੂ,ਖੁਸਕਰਨ ਕੌਸ਼ਲ,ਰਾਜੇਸ਼ ਆਨੰਦ,ਦੁਸਯੰਤ ਕੌਸ਼ਲ, ਸਨੀ ਮੱਕੜ ਸੋਨੂੰ ਪੰਡਿਤ,ਸੋਨੂੰ ਵਰਮਾ, ਨਿਤਨ ਲਖਨਪਾਲ ਆਦਿ ਮੌਜੂਦ ਸਨ।

**ਅੱਠ ਦਿਨੀ ਲੰਗਰ 9 ਅਪ੍ਰੈਲ ਤੋ ਸ਼ੁਰੂ**

ਸ਼੍ਰੀ ਦੁਰਗਾ ਸਕਤੀ ਮੰਦਰ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਹਰ ਸਾਲ ਲੱਗਣ ਵਾਲਾ ਸਲਾਨਾ ਲੰਗਰ ਇਸ ਵਾਰ 09 ਅਪ੍ਰੈਲ ਤੋਂ ਸ਼ੁਰੂ ਹੋ ਕੇ ਲਗਾਤਾਰ ਅੱਠ ਦਿਨ ਚੱਲੇਗਾ। ਸ਼੍ਰੀ ਨੈਣਾ ਦੇਵੀ ਮੰਦਰ ਵਿੱਚ ਜਾਣ ਵਾਲੇ ਸ਼ਰਧਾਲੂਆਂ ਲਈ ਲੰਗਰ ਛੱਕਣ ਤੇ ਆਰਾਮ ਕਰਨ ਦੀ ਸਹੂਲਤ ਲਈ ਮੰਦਰ ਕਮੇਟੀ ਵੱਲੋ ਸ਼੍ਰੀ ਆਤਮਾ ਨੰਦ ਜੀ ਭੂਰੀ ਵਾਲਿਆ ਦੀ ਧਰਮਸ਼ਾਲਾ ਵਿਖ ਪ੍ਰਬੰਧ ਕੀਤਾ ਗਿਆ ਹੈ ਜਿੱਥੇ ਸਰਧਾਲੂ ਆਪਣੀ ਯਾਤਰਾ ਦੌਰਾਨ ਆਰਾਮ ਕਰ ਸਕਦੇ ਹਨ ਤੇ ਵੱਖ ਵੱਖ ਪਕਵਾਨਾ ਦੇ ਲੰਗਰਾਂ ਦਾ ਆਨੰਦ ਲੈ ਸਕਦੇ ਹਨ।

# ਚੇਤਨ ਸਿੰਘ ਜੌੜਾਮਾਜਰਾ ਨੇ ਨਮਾਦਾਂ ਰਜਵਾਹਾ ਸਿਸਟਮ ਦਾ ਕੀਤਾ ਉਦਘਾਟਨ

## 18 ਕਰੋੜ ਰੁਪਏ ਦੀ ਲਾਗਤ ਨਾਲ ਮੁੜ ਉਸਾਰੇ ਗਏ ਰਜਵਾਹੇ ਦਾ 80 ਪਿੰਡਾਂ ਨੂੰ ਹੋਇਆ ਲਾਭ : ਜਲ ਸਰੋਤ ਮੰਤਰੀ

**ਸਮਾਣਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਜਲ ਸਰੋਤ ਵਿਭਾਗ ਦੇ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ 18 ਕਰੋੜ ਰੁਪਏ ਦੀ ਲਾਗਤ ਨਾਲ 51 ਕਿਲੋਮੀਟਰ ਲੰਮੇ ਨਮਾਦਾਂ ਰਜਵਾਹਾ ਸਿਸਟਮ ਦੀ ਹੋਈ ਮੁੜ ਉਸਾਰੀ ਦਾ ਉਦਘਾਟਨ ਕਰਕੇ ਇਲਾਕਾ ਨਿਵਾਸੀਆਂ ਨੂੰ ਸਮਰਪਿਤ ਕੀਤਾ। ਇਸ ਰਜਵਾਹੇ ਦੀ ਮੁੜ ਉਸਾਰੀ ਨਾਲ ਸਮਾਣਾ, ਸ਼ੁਤਰਾਣਾ ਤੇ ਸੰਗਰੂਰ ਦੇ ਕਰੀਬ 80 ਪਿੰਡਾਂ ਨੂੰ ਲਾਭ ਹੋਇਆ ਹੈ।

ਇਸ ਮੌਕੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਜਿਨ੍ਹਾਂ ਕੋਲ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਖਣਨ ਤੇ ਭੂ-ਵਿਗਿਆਨ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਵਿਭਾਗ ਵੀ ਹਨ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਲਗਾਤਾਰ ਦੋ ਸਾਲਾਂ ਤੋਂ ਖੇਤਾਂ ਤੱਕ ਪਾਣੀ ਪਹੁੰਚਾਉਣ ਲਈ ਕੱਸੀਆਂ, ਸੂਇਆ ਤੇ ਨਾਲਿਆਂ ਦੀ ਮੁਰੰਮਤ ਅਤੇ ਸਫ਼ਾਈ ਦਾ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਮਾਦਾਂ ਰਜਵਾਹਾ ਸਿਸਟਮ ਦੀ 51 ਕਿਲੋਮੀਟਰ ਦੀ ਮੁੜ ਉਸਾਰੀ ਕਰਨ 'ਤੇ ਕੁੱਲ 18.11 ਕਰੋੜ ਰੁਪਏ ਲਾਗਤ ਆਈ ਹੈ। ਉਨ੍ਹਾਂ ਕਿਹਾ ਕਿ ਇਸ ਸੂਏ ਵਿਚੋਂ 5 ਮਾਈਨਰ ਨਿਕਲਦੇ ਹਨ, ਜਿਨ੍ਹਾਂ ਵਿਚੋ ਦੋ ਤਿਆਰ ਹੋ ਗਏ ਹਨ ਅਤੇ ਤਿੰਨ ਦਾ ਕੰਮ ਆਉਣ ਵਾਲੇ ਦਿਨਾਂ 'ਚ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਮਾਣਾ ਵਿਖੇ ਸਵਾ ਦੋ ਕਿਲੋਮੀਟਰ ਸੜਕ ਦੇ ਨਿਰਮਾਣ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਵਾਰਡ ਨੰ: 2 ਤੇ 3, ਨਵਾਂ ਨੂਰਪੁਰਾ, ਵੜੈਚਾ, ਫਤਿਹਮਾਜਰੀ, ਸਦਰਪੁਰ ਪਿੰਡਾਂ ਨੂੰ ਲਾਭ ਹੋਵੇਗਾ ਅਤੇ ਸਰਕਾਰੀ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਤੇ ਐਂਬੂਲੈਂਸਾਂ ਨੂੰ ਵੀ ਸ਼ਹਿਰ ਦੀ ਟਰੈਫ਼ਿਕ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਵਿਕਾਸ ਦੇ ਸ਼ੁਰੂ ਕੀਤੇ ਗਏ ਕੰਮਾਂ ਨੂੰ ਰਿਕਾਰਡ ਸਮੇਂ ਵਿੱਚ ਪੂਰਾ ਕੀਤਾ ਜਾ ਰਿਹਾ ਹੈ।

ਇਸ ਮੌਕੇ ਹਰਜਿੰਦਰ ਸਿੰਘ ਮਿੱਠੂ ਜੌੜਾਮਾਜਰਾ, ਬਲਕਾਰ ਸਿੰਘ ਗੱਜੂਮਾਜਰਾ, ਗੁਲਜ਼ਾਰ ਸਿੰਘ ਵਿਰਕ, ਗੁਰਦੇਵ ਸਿੰਘ ਟਿਵਾਣਾ, ਸੁਰਜੀਤ ਸਿੰਘ ਫ਼ੌਜੀ, ਸੋਨੂੰ ਥਿੰਦ, ਐਕਸੀਅਨ ਨਵਰੀਤ ਸਿੰਘ ਘੁੰਮਣ, ਐਸ.ਈ. ਸੁਰਜੀਤ ਸਿੰਘ, ਐਸ.ਡੀ.ਓ ਅੰਮ੍ਰਿਤਪਾਲ ਕੁੰਜ ਤੇ ਹੈਰੀ ਗੋਇਲ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।



ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨਮਾਦਾਂ ਰਜਵਾਹਾ ਸਿਸਟਮ ਦੀ ਹੋਈ ਮੁੜ ਉਸਾਰੀ ਦਾ ਉਦਘਾਟਨ ਕਰਦੇ ਹੋਏ।

# ਲੋਕ ਸਭਾ ਚੋਣਾਂ 'ਚ 'ਆਪ' ਹੂੰਝਾਫੇਰ ਜਿੱਤ ਹਾਸਲ ਕਰੇਗੀ: ਤੇਜਿੰਦਰ ਮਹਿਤਾ



**ਪਟਿਆਲਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਅਗਾਮੀ ਲੋਕ ਸਭਾ ਚੋਣਾਂ 'ਚ 'ਆਪ ' ਪੰਜਾਬ 'ਚ ਹੂੰਝਾਫੇਰ ਜਿੱਤ ਹਾਸਲ ਕਰੇਗੀ।ਇਸ ਗੱਲ ਦਾ ਪ੍ਰਗਟਾਵਾ ਤੇਜਿੰਦਰ ਮਹਿਤਾ ਜ਼ਿਲਾ ਪ੍ਰਧਾਨ ਆਮ ਆਦਮੀ ਪਾਰਟੀ ਪਟਿਆਲਾ (ਸ਼ਹਿਰੀ) ਨੇ ਵਾਰਡ ਨੰ: 46,47,48 ਤੇ 51 ਦੇ ਆਪ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨਾ ਕਿਹਾਕਿ ਸਾਨੂੰ ਹੁਣ ਤੋਂ ਲੋਕ ਸਭਾ ਚੋਣਾਂ ਲਈ ਕਮਰਕੱਸਾ ਕਰ ਲੈਣਾ ਚਾਹੀਦੈ। ਉਨਾ ਆਪ ਵਰਕਰਾਂ ਨੂੰ ਡੋਰ ਟੂ ਡੋਰ ਰਾਬਤਾ ਕਾਇਮ ਕਰਨ ਦਾ ਸੱਦਾ ਦਿਤਾ ਤੇ ਡਾ: ਬਲਬੀਰ ਸਿੰਘ ਨੂੰ ਪਟਿਆਲਾ ਪਾਰਲੀਮਾਨੀ ਸੀਟ ਤੋਂ ਟਿਕਟ ਦੇਣ ਤੇ ਉਨ੍ਹਾਂ ਨੂੰ ਵਧਾਈ ਦਿਤੀ ਤੇ ਕਿਹਾਕਿ ਪਟਿਆਲਾ ਸੀਟ ਵੱਡੇ ਮਾਰਜਨ ਨਾਲ ਜਿਤਾਂਗੇ ।ਉਨਾ ਮਾਨ ਸਰਕਾਰ ਦੇ ਸਫ਼ਲਤਾਪੂਰਵਕ 2 ਸਾਲ ਪੂਰੇ ਹੋਣ 'ਤੇ ਵੀ ਵਧਾਈ ਦਿਤੀ ।

ਇਹ ਮੀਟਿੰਗ ਜੋਕਿ ਬਲਾਕ ਪ ?ਧਾਨ ਪਟਿਆਲਾ ਸ਼ਹਿਰੀ ਅਮਰਜੀਤ ਸਿੰਘ ਵੱਲੋਂ ਆਯੋਜਿਤ ਕੀਤੀ ਗਈ ਸੀ ਜਿਸ 'ਚ ਬਲਾਕ ਪ੍ਰਭਾਰੀ ਗੁਲਜ਼ਾਰ ਸਿੰਘ ਵਿਰਕ ਨੇ ਵੀ ਸ਼ਮੂਲੀਅਤ ਕੀਤੀ। ਉਨਾ ਕਿਹਾਕਿ ਆਪ ਦੀ ਸਰਕਾਰ ਨੇ ਪਿਛਲੇ ਦੋ ਸਾਲਾਂ 'ਚ ਜੋ ਵਿਕਾਸ ਦੀ ਹਨੇਰੀ ਲਿਆਂਦੀ ਹੈ, ਉਹ ਪਿਛਲੀਆਂ ਸਰਕਾਰਾਂ ਨੇ 70 ਸਾਲ 'ਚ ਨਹੀਂ ਕੀਤਾ ।ਵਿਰਕ ਨੇ ਕਿਹਾਕਿ ਮਾਨ-ਕੇਜਰੀਵਾਲ ਦੀ ਆਦਰਸ਼ਵਾਦੀ ਸੋਚ ਦਾ ਹੀ ਨਤੀਜਾ ਹੈ ਪੰਜਾਬ ਅੱਜ ਵਿਕਾਸ ਵੱਲ ਵਧ ਰਿਹਾ ਹੈ।

ਇਸ ਮੌਕੇ ਅਮਨ ਬਾਂਸਲ ਬਲਾਕ ਪ੍ਰਧਾਨ, ਵਿਜੇ ਕਨੌਜੀਆ ਬਲਾਕ ਪ੍ਰਧਾਨ,ਜਗਤਾਰ ਸਿੰਘ ਤਾਰੀ, ਰਾਜੇਸ਼ ਕੁਮਾਰ, ਸੁਮਿਤ ਟਕੇਜਾ, ਪੀ ਐਸ ਜੋਸ਼ੀ, ਜਸਬੀਰ ਸਿੰਘ ਬਿੱਟੂ , ਸੋਨੀਆ ਸ਼ਰਮਾ , ਕੰਵਲਜੀਤ ਸਿੰਘ ਮਲਹੋਤਰਾ ਬਲਾਕ ਸ਼ੋਸ਼ਲ ਮੀਡੀਆ ਪ੍ਰਧਾਨ ਤੇ ਹੋਰ ਵਲੰਟੀਅਰ ਵੱਡੀ ਗਿਣਤੀ 'ਚ ਹਾਜ਼ਰ ਸਨ ।

# ਈਫਕੋ ਦੇ ਸਹਿਯੋਗ ਨਾਲ ਦੰਦਰਾਲਾ ਖਰੋੜ ਵਿਖੇ ਮੈਡੀਕਲ ਕੈਂਪ ਲਗਾਇਆ



**ਪਟਿਆਲਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਪਿਛਲੇ 30 ਸਾਲਾਂ ਤੋਂ ਮੈਡੀਕਲ ਕੈਂਪ ਲਗਾ ਰਹੀ ਹੈ। ਜਿਸ ਵਿੱਚ ਹਜਾਰਾਂ ਲੋਕਾਂ ਦਾ ਲਾਭ ਹੋਇਆ ਹੈ। ਜਿਨ੍ਹਾਂ ਨੂੰ ਆਪਣੀਆਂ ਬਿਮਾਰੀਆਂ ਬਾਰੇ ਨਹੀਂ ਪਤਾ ਹੁੰਦਾ ਉਹਨਾਂ ਨੂੰ ਆਪਣੀਆਂ ਬਿਮਾਰੀਆਂ ਬਾਰੇ ਪਤਾ ਲੱਗ ਜਾਂਦਾ ਹੈ ਅਤੇ ਉਹ ਆਪਣਾ ਸਹੀ ਇਲਾਜ ਕਰਵਾ ਲੈਂਦੇ ਹਨ। ਅੱਜ ਪਟਿਆਲਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਵਲੋਂ ਈਫਕੋ ਦੇ ਸਹਿਯੋਗ ਨਾਲ ਦੰਦਰਾਲਾ ਖਰੋੜ ਵਿਖੇ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿੱਚ ਡਾ. ਨਵਜਿੰਦਰ ਸੋਢੀ ਸਾਬਕਾ ਸੀਨੀਅਰ ਮੈਡੀਕਲ ਅਫਸਰ, ਡਾ. ਜੇ.ਪੀ.ਐਸ. ਸੋਢੀ ਅੱਖਾਂ ਦੇ ਮਾਹਿਰ ਨੇ ਮਰੀਜਾਂ ਦਾ ਮੁਫ਼ਤ ਚੈਕਅੱਪ ਕੀਤਾ, ਅਤੇ ਮਰੀਜਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿੱਚ 180 ਮਰੀਜਾਂ ਦਾ ਮੁਫਤ ਚੈਕਅੱਪ ਕੀਤਾ ਗਿਆ ਅਤੇ ਦਵਾਈਆਂ ਦਿੱਤੀਆਂ ਗਈਆਂ। ਪਿੰਡ ਦੇ ਸਰਪੰਚ ਸ੍ਰ. ਮਨਜੀਤ ਸਿੰਘ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਜਲਦੀ ਇਸ ਤਰ੍ਹਾਂ ਕੈਂਪ ਅੱਗੇ ਨੂੰ ਵੀ ਲਗਾਇਆ ਜਾਵੇਗਾ। ਇਸ ਅਵਸਰ ਤੇ ਈਫਕੋ ਦੇ ਫੀਲਡ ਅਫਸਰ ਨਵਜੋਤ ਸਿੰਘ ਸੈਣੀ ਵੀ ਹਾਜਰ ਸਨ। ਵਿਜੇ ਕੁਮਾਰ ਗੋਇਲ ਪ੍ਰਧਾਨ ਸੁਸਾਇਟੀ ਨੇ ਇਹ ਕੈਂਪ ਲੋਕਾਂ ਲਈ ਲਾਭਕਾਰੀ ਦੱਸਿਆ। ਸ੍ਰ. ਮਲਕੀਤ ਸਿੰਘ ਸਿੱਧੂ ਪ੍ਰੋਜੈਕਟ ਇੰਚਾਰਜ ਨੇ ਇਸ ਕੈਂਪ ਦੀ ਪ੍ਰਸੰਸਕਾ ਕੀਤੀ ਅਤੇ ਕਿਹਾ ਈਫਕੋ ਸਮੇਂ—ਸਮੇਂ ਤੇ ਵਧੀਆ ਕਾਰਜ ਕਰ ਰਿਹਾ ਹੈ। ਅੱਜ ਦਾ ਮੈਡੀਕਲ ਕੈਂਪ ਇਸ ਦਾ ਉਦਾਹਰਨ ਹੈ।

# ਸੀਏਏ ਕਾਨੂੰਨ ਦੱਬੇ-ਕੁਚਲੇ ਘੱਟ-ਗਿਣਤੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵੱਲ ਇੱਕ ਅਹਿਮ ਕਦਮ: ਸੰਨੀ ਬੈਂਸ



**ਕਪੂਰਥਲਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋਣ ਤੋਂ ਬਾਅਦ ਦੇਸ਼ ਭਰ ਵਿੱਚ ਜਸ਼ਨ ਮਨਾਏ ਜਾ ਰਹੇ ਹਨ।ਵਿਰਾਸਤੀ ਸ਼ਹਿਰ ਕਪੂਰਥਲਾ ਵਿੱਚ ਯੂਥ ਭਾਜਪਾ ਵਰਕਰਾਂ ਨੇ ਲੱਡੂ ਵੰਡ ਕੇ ਸੀਏਏ ਲਾਗੂ ਹੋਣ ਦਾ ਜਸ਼ਨ ਮਨਾਇਆ।ਯੂਥ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਨੀ ਬੈਂਸ ਦੀ ਅਗਵਾਈ ਹੇਠ ਵਰਕਰਾਂ ਨੇ ਇੱਕ ਦੂਜੇ ਨੂੰ ਮਠਿਆਈਆਂ ਖਿਲਾ ਕੇ ਜਸ਼ਨ ਮਨਾਇਆ।ਯੂਥ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਨੀ ਬੈਂਸ ਦੀ ਅਗਵਾਈ ਹੇਠ ਵਰਕਰਾਂ ਨੇ ਇੱਕ ਦੂਜੇ ਨੂੰ ਮਠਿਆਈਆਂ ਖਿਲਾ ਕੇ ਖੁਸ਼ੀ ਮਨਾਈ।

ਇਸ ਮੌਕੇ ਸੰਨੀ ਬੈਂਸ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਨੂੰ ਲਾਗੂ ਕੀਤੇ ਜਾਣ ਦਾ ਸਵਾਗਤ ਕੀਤਾ।ਬੈਂਸ ਨੇ ਕਿਹਾ ਕਿ ਇਸ ਨਾਲ ਧਾਰਮਿਕ ਤੁਸ਼ਟੀਕਰਨ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਵੱਡਾ ਝਟਕਾ ਲੱਗੇਗਾ। ਬੀਜੇਪੀ ਦੇ 2019 ਦੇ ਚੋਣ ਮਨੋਰਥ ਪੱਤਰ ਵਿੱਚ ਸੀਏਏ ਨੂੰ ਲਾਗੂ ਕਰਨ ਦਾ ਮਤਾ ਪੇਸ਼ ਕੀਤਾ ਗਿਆ ਸੀ।ਇਸ ਨਾਲ ਭਾਰਤ ਵਿੱਚ ਦੱਬੇ-ਕੁਚਲੇ ਲੋਕਾਂ ਨੂੰ ਨਾਗਰਿਕਤਾ ਮਿਲਣ ਦਾ ਰਾਹ ਪੱਧਰਾ ਹੋ ਜਾਵੇਗਾ।ਕੇਂਦਰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ (ਸੀਏਏ)ਦਾ ਨੋਟੀਫਿਕੇਸ਼ਨ ਜਾਰੀ ਕਰਕੇ ਆਪਣੀ ਗਾਰੰਟੀ ਪੂਰੀ ਕਰ ਦਿੱਤੀ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਹ ਇਤਿਹਾਸਕ ਕਦਮ ਦੱਬੇ-ਕੁਚਲੇ ਅਤੇ ਘੱਟ ਗਿਣਤੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ।ਉਨ੍ਹਾਂ ਕਿਹਾ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਲੋਕ ਖੁਸ਼ ਹਨ।ਬੈਂਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਦਾ ਸਵਾਗਤ ਕਰਦਿਆਂ ਨਾਗਰਿਕਤਾ ਸੋਧ ਕਾਨੂੰਨ ਬਿੱਲ ਪਾਸ ਹੋਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਯੂਥ ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸਾਹਿਲ ਵਾਲੀਆ, ਮੰਡਲ 2 ਦੇ ਪ੍ਰਧਾਨ ਸਰਬਜੀਤ ਸਿੰਘ ਬੰਟੀ, ਜ਼ਿਲ੍ਹਾ ਮੀਤ ਪ੍ਰਧਾਨ ਰਾਜਨ ਚੌਹਾਨ, ਸਕੱਤਰ ਦੀਪਕ ਕੁਮਾਰ, ਮੰਡਲ ਇੱਕ ਦੇ ਪ੍ਰਧਾਨ ਜੌਨੀ ਕੋਹਲੀ,ਰਾਜਨ ਠੀਗੀ, ਗੁਰਪ੍ਰੀਤ ਸਿੰਘ ਗੋਪੀ ਹਾਜ਼ਰ ਸਨ।

# ਐਸ.ਡੀ.ਐਮ. ਨੇ ਅਗਾਮੀ ਲੋਕ ਸਭਾ ਚੋਣਾਂ ਸਬੰਧੀ ਰਾਜਨੀਤਿਕ ਪਾਰਟੀਆਂ ਨਾਲ ਕੀਤੀ ਮੀਟਿੰਗ

**ਮਾਨਸਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਐਸ.ਡੀ.ਐਮ. ਮਾਨਸਾ ਸ਼੍ਰੀ ਮਨਜੀਤ ਸਿੰਘ ਰਾਜਲਾ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਆਗਾਮੀ ਲੋਕ ਸਭਾ ਚੋਣਾਂ 2024 ਦੇ ਸਬੰਧ ਵਿੱਚ ਮੀਟਿੰਗ ਕੀਤੀ।

ਉਨ੍ਹਾਂ ਹਲਕਾ ਮਾਨਸਾ ਵਿੱਚ ਸਥਾਪਿਤ ਕੀਤੇ ਗਏ 223 ਪੋਲਿੰਗ ਸਟੇਸ਼ਨਾਂ ਬਾਰੇ ਜਾਣਕਾਰੀ ਦਿੱਤੀ ਅਤੇ ਪੋਲਿੰਗ ਬੂਥਾਂ ਉੱਪਰ ਵੋਟਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾ ਸਬੰਧੀ ਵੀ ਜਾਣੂ ਕਰਵਾਇਆ। ਉਨ੍ਹਾਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਮਾਡਲ ਕੋਡ ਆਫ ਕੰਡਕਟ ਦੀ ਪਾਲਣਾ ਸਬੰਧੀ ਦਿਸ਼ਾ ਨਿਰਦੇਸ਼ ਦਿੱਤੇ। ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋ ਵੀ ਚੋਣਾਂ ਦੌਰਾਨ ਅਮਨ ਭਾਈਚਾਰਾ ਬਣਾ ਕੇ ਰੱਖਣ ਦਾ ਭਰੋਸਾ ਦਿੱਤਾ ਗਿਆ।



# ਗੁਰਜੰਟ ਸਿੰਘ ਸਿਵੀਆਂ ਨੇ ਵਾਇਸ ਚੇਅਰਮੈਨ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਪੰਜਾਬ ਦਾ ਅਹੁਦਾ ਸੰਭਾਲਿਆ



**ਬਠਿੰਡਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਬਹੁਤ ਹੀ ਮਿਹਨਤੀ ਅਤੇ ਸੰਘਰਸ਼ਸ਼ੀਲ ਆਗੂ ਗੁਰਜੰਟ ਸਿੰਘ ਸਿਵੀਆਂ ਨੇ ਵਾਇਸ ਚੇਅਰਮੈਨ ਪੰਜਾਬ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਦੇ ਮੁੱਖ ਦਫ਼ਤਰ ਸੈਕਟਰ 17 ਚੰਡੀਗੜ੍ਹ ਵਿਖੇ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਅਹੁਦਾ ਸੰਭਾਲਣ ਦੇ ਸਾਦੇ ਅਤੇ ਪ੍ਰਭਾਵਸ਼ਾਲੀ ਸਮਾਗਮ ਵਿਚ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ ਪੰਜਾਬ, ਸ਼ਾਮਿੰਦਰ ਖਿੰਦਾ ਚੇਅਰਮੈਨ ਪੰਜਾਬ ਐਗਰੋ ਅਤੇ ਸੁਖਵੀਰ ਸਿੰਘ ਮਾਈਸਰਖਾਨਾ ਐਮ ਐਲ ਏ ਹਲਕਾ ਮੌੜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਹਨਾ ਤੋਂ ਇਲਾਵਾ ਗੁਰਜੰਟ ਸਿਵੀਆ ਦੇ ਪਰਿਵਾਰਕ ਮੈਂਬਰ, ਆਪ ਸੀਨੀਅਰ ਲੀਡਰਸ਼ਿਪ, ਅਧਿਕਾਰੀਆਂ ਸਮੇਤ ਪਤਵੰਤੇ ਸੱਜਣਾ ਬਲਕਾਰ ਸਿੰਘ ਭੋਖੜਾ ਅਤੇ ਬਲਵਿੰਦਰ ਸਿੰਘ ਬੱਲੋ ਮੈਂਬਰ ਮੰਡੀ ਬੋਰਡ ਪੰਜਾਬ, ਬਲਜਿੰਦਰ ਕੌਰ ਤੁੰਗਵਾਲੀ ਸੂਬਾ ਜੋਆਇੰਟ ਸਕੱਤਰ, ਯਾਦਵਿੰਦਰ ਸ਼ਰਮਾਂ ਜਿਲ੍ਹਾ ਪ੍ਰਧਾਨ ਸਪੋਰਟਸ ਵਿੰਗ,ਰਜਨੀਸ਼ ਰਾਜੂ ਬਲਾਕ ਪ੍ਰਧਾਨ ਗੋਨਿਆਣਾ ਮੰਡੀ, ਪ੍ਰੰਨੂੰ ਰੋਮਾਣਾ,ਜਸਪ੍ਰੀਤ ਸਿੰਘ ਅਕਲੀਆ, ਡਾ. ਬੂਟਾ ਸਿੰਘ, ਲੱਖਾ ਸਿੰਘ, ਹਰਪ੍ਰੀਤ ਕੋਠੇ ਨਥੀਆਨਾ, ਸੋਨੀ ਜਵੰਧਾ, ਈਸ਼ਰ ਸਿੰਘ, ਠਾਣਾ ਸਿੰਘ, ਮੇਂਗਲ ਸਿੰਘ, ਬਲਵਿੰਦਰ ਸਿੰਘ ਸਿਵੀਆ ਅਤੇ ਹੋਰ ਆਪ ਆਗੂਆਂ ਨੇ ਹਾਜ਼ਰੀ ਭਰੀ।

ਇਸ ਸਮੇਂ ਗੁਰਜੰਟ ਸਿੰਘ ਸਿਵੀਆ ਨੇ ਕਿਹਾ ਕਿ ਉਹ ਸਰਕਾਰ ਦੁਆਰਾ ਦਿੱਤੀ ਗਈ ਨਵੀਂ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਆਪਣੇ ਭਾਈਚਾਰੇ ਲਈ ਵੱਧ ਚੜ੍ਹ ਕੇ ਕੰਮ ਕਰਨਗੇ ਉਹਨਾਂ ਦੇ ਚੰਗੇਰੇ ਭਵਿੱਖ ਲਈ ਕੰਮ ਕਰਨਗੇ। ਉਹਨਾਂ ਨੇ ਇਸ ਨਿਯੁਕਤੀ ਲਈ ਮੁਖ ਤੌਰ ਤੇ 'ਆਪ' ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਪ' ਦੇ ਕੌਮੀ ਜਨਰਲ ਸਕੱਤਰ ਡਾ: ਸੰਦੀਪ ਪਾਠਕ, ਰਾਜ ਸਭਾ ਦੇ ਮੈਂਬਰ ਸ੍ਰੀ ਰਾਘਵ ਚੱਢਾ ਅਤੇ ਪ੍ਰਿੰਸੀਪਲ ਬੁੱਧ ਰਾਮ ਐਮ ਐਲ ਏ ਬੁਢਲਾਡਾ ਕਾਰਜਕਾਰਨੀ ਪੰਜਾਬ ਪ੍ਰਧਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਗੁਰਜੰਟ ਸਿੰਘ ਸਿਵੀਆ ਨੇ ਕਿਹਾ ਕਿ ਵਿਭਾਗ ਦੁਆਰਾ ਨਿਰਧਾਰਤ ਦੂਰਅੰਦੇਸ਼ੀ ਟੀਚਿਆਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਦਿਨ ਰਾਤ ਮਿਹਨਤ ਕਰਨਗੇ।

# ਫੂਡ ਸੇਫਟੀ ਆਨ ਵ੍ਹੀਲ ਵੈਨ 14 ਮਾਰਚ ਤੋਂ ਜ਼ਿਲ੍ਹੇ ਦੇ ਵੱਖ ਵੱਖ ਖੇਤਰਾਂ 'ਚ ਕਰੇਗੀ ਫੂਡ ਸੈਂਪਲਿੰਗ

**ਮਾਨਸਾ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਵਲ ਸਰਜਨ ਕਮ ਡੀ.ਐਚ.ਓ ਮਾਨਸਾ ਡਾ.ਰਣਜੀਤ ਸਿੰਘ ਰਾਏ ਦੀ ਨਿਗਰਾਨੀ ਹੇਠ ਜ਼ਿਲ੍ਹਾ ਮਾਨਸਾ ਵਿਖੇ ਸਿਹਤ ਵਿਭਾਗ ਵੱਲੋਂ ਫੂਡ ਸੇਫਟੀ ਆਨ ਵੀਲ ਵੈਨ ਦਾ ਰੂਟ ਪਲਾਨ ਜਾਰੀ ਕੀਤਾ ਗਿਆ।

ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਇਹ ਜਾਗਰੂਕਤਾ ਵੈਨ 50/- ਰੁਪਏ ਪ੍ਰਤੀ ਟੈਸਟਿੰਗ ਫੀਸ ਨਾਲ ਦੁੱਧ, ਦਹੀਂ, ਦੇਸੀ ਘਿਓ, ਰਿਫਾਇੰਡ, ਮਸਾਲੇ ਅਤੇ ਪਾਣੀ ਆਦਿ ਦੀ ਜਾਂਚ ਕਰਕੇ ਰਿਪੋਰਟ ਦੇਵੇਗੀ, ਜਿਸ ਨਾਲ ਲੋਕਾਂ 'ਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਹੋਵੇਗੀ ਅਤੇ ਉਹ ਖਾਣ ਪੀਣ ਦੇ ਪਦਾਰਥਾਂ ਦੀ ਵਰਤੋਂ 'ਚ ਸਾਵਧਾਨੀਆਂ ਵਰਤਣਗੇ।

ਉਨ੍ਹਾਂ ਦੱਸਿਆ ਕਿ ਇਹ ਵੈਨ 14 ਮਾਰਚ ਨੂੰ ਪਿੰਡ ਜੋਗਾ ਤੇ ਰੱਲਾ, 18 ਮਾਰਚ ਨੂੰ ਖਿਆਲਾ ਕਲਾਂ, 16 ਮਾਰਚ ਨੂੰ ਨੇੜੇ ਬਸ ਸਟੈਂਡ ਮਾਨਸਾ, 17 ਮਾਰਚ ਨੂੰ ਰੋਇਲ ਸਿਟੀ ਬੁਢਲਾਡਾ, 19 ਮਾਰਚ ਨੂੰ ਦਾਤੇਵਾਸ, 20 ਮਾਰਚ ਨੂੰ ਜਵਾਹਰਕੇ, 21 ਨੂੰ ਕੋਟ ਧਰਮੂ, 22 ਨੂੰ ਬਸ ਸਟੈਂਡ ਝੁਨੀਰ, 23 ਨੂੰ ਬਸ ਸਟੈਂਡ ਸਰਦੂਲਗੜ੍ਹ ਅਤੇ 24 ਨੂੰ ਸੈਂਟਰਲ ਪਾਰਕ ਮਾਨਸਾ ਵਿਖੇ ਖਾਣ ਦੀਆਂ ਵਸਤਾਂ ਟੈਸਟ ਕਰਕੇ ਮੌਕੇ 'ਤੇ ਰਿਪੋਰਟ ਕਰੇਗੀ ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਕੋਈ ਵੀ ਵਿਅਕਤੀ ਆਪਣੀ ਇੱਛਾ ਅਨੁਸਾਰ ਸੈਂਪਲ ਚੈਕਿੰਗ ਕਰਵਾ ਸਕਦਾ ਹੈ। ਉਨ੍ਹਾਂ ਖਾਦ ਪਦਾਰਥ ਵਿਕਰੇਤਾ ਨੂੰ ਇਹ ਵੀ ਕਿਹਾ ਕਿ ਸਾਫ ਸਫਾਈ ਵੱਲ ਵਿਸ਼ੇਸ ਧਿਆਨ ਰੱਖਿਆ ਜਾਵੇ, ਖਾਣ ਪੀਣ ਨਾਲ ਸਬੰਧਤ ਜੋ ਵੀ ਚੀਜ਼ਾਂ ਬਣਾਈਆਂ ਜਾਂਦੀਆਂ ਹਨ ਜਾਂ ਵੇਚੀਆਂ ਜਾਂਦੀਆਂ ਹਨ ਉਹ ਸਾਰੀਆਂ ਵਸਤਾਂ ਸਰਕਾਰ ਦੇ ਮਾਪਦੰਡ ਅਨੁਸਾਰ ਪੂਰੀਆਂ ਹੋਣਗੀਆਂ ਚਾਹੀਦੀਆਂ ਹਨ।

# ਮੁਫ਼ਤ ਪਾਣੀ ਦੇ ਐਲਾਨ 'ਤੇ ਖ਼ਫ਼ਾ ਹੋਏ ਰਾਜਪਾਲ- ਜਦੋਂ ਤੱਕ ਮੈਂ ਹਾਂ, ਚੰਡੀਗੜ੍ਹ ਨੂੰ ਡੁੱਬਣ ਨਹੀਂ ਦਿਆਂਗਾ

**ਚੰਡੀਗੜ੍ਹ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ 'ਚ ਮੁਫ਼ਤ ਪਾਣੀ ਦੇ ਮੁੱਦੇ 'ਤੇ ਬੋਲਦਿਆਂ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ ਜੇਕਰ ਪੈਸਾ ਨਹੀਂ ਹੈ ਤਾਂ ਫਿਰ ਮੁਫ਼ਤ ਪਾਣੀ ਦੇ ਐਲਾਨ ਦਾ ਕੀ ਮਤਲਬ ਹੈ ਅਤੇ ਇਸ ਦੇ ਲਈ ਪੈਸਾ ਕਿੱਥੋਂ ਆਵੇਗਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਪਹਿਲਾਂ ਹੀ ਘਾਟੇ 'ਚ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਐਲਾਨ ਕਰਨਾ ਵੀ ਹੈ ਤਾਂ ਪਹਿਲਾਂ ਇਸ ਨੂੰ ਸੋਚ-ਵਿਚਾਰ ਲਓ ਅਤੇ ਮੇਰੇ ਤੋਂ ਮਨਜ਼ੂਰੀ ਲਓ ਪਰ ਅਜਿਹਾ ਕੁੱਝ ਨਹੀਂ ਹੋਇਆ।

ਉਨ੍ਹਾਂ ਕਿਹਾ ਕਿ ਇਸ ਤਰੀਕੇ ਨਾਲ ਸੱਤਾ ਕਿਵੇਂ ਚੱਲੇਗੀ ਕਿਉਂਕਿ ਇਹ ਜੰਗਲ ਰਾਜ ਨਹੀਂ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੇ ਮੇਅਰ ਪਹਿਲਾਂ ਇਸ ਗੱਲ ਦਾ ਜਵਾਬ ਦੇਣ ਕਿ ਮੁਫ਼ਤ ਪਾਣੀ ਦੇ ਲਈ ਇੰਨਾ ਪੈਸਾ ਉਨ੍ਹਾਂ ਕੋਲ ਕਿੱਥੋਂ ਆਵੇਗਾ। ਰਾਜਪਾਲ ਨੇ ਕਿਹਾ ਕਿ ਕੋਈ ਮੁਫ਼ਤ 'ਚ ਪਾਣੀ ਮੰਗ ਵੀ ਨਹੀਂ ਰਿਹਾ ਅਤੇ ਮੇਅਰ ਦੱਸਣ ਕਿ ਕਿੱਥੇ ਅੰਦੋਲਨ ਹੋਇਆ ਹੈ ਕਿ ਸਾਨੂੰ ਮੁਫ਼ਤ ਪਾਣੀ ਚਾਹੀਦਾ ਹੈ।

ਰਾਜਪਾਲ ਨੇ ਕਿਹਾ ਕਿ ਹਰ ਗੱਲ ਲਈ ਨਿਯਮ ਹਨ, ਸਿਸਟਮ ਹੈ, ਜਿਸ ਨੂੰ ਧਿਆਨ 'ਚ ਰੱਖ ਕੇ ਹੀ ਹਰ ਕੰਮ ਕੀਤਾ ਜਾਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਬੀਤੇ ਦਿਨ ਨਗਰ ਨਿਗਮ ਦੀ ਹੋਈ ਮੀਟਿੰਗ ਦੌਰਾਨ ਸ਼ਹਿਰ ਵਾਸੀਆਂ ਨੂੰ 20 ਹਜ਼ਾਰ ਲਿਟਰ ਪਾਣੀ ਮੁਫ਼ਤ ਦੇਣ ਦਾ ਏਜੰਡਾ ਪਾਸ ਕੀਤਾ ਗਿਆ ਸੀ। ਇਸ ਮੁੱਦੇ ਨੂੰ ਲੈ ਕੇ ਹੀ ਰਾਜਪਾਲ ਨੇ ਸਵਾਲ ਚੁੱਕੇ ਹਨ।



# ਹਰਜੋਤ ਬੈਂਸ ਕੈਬਨਿਟ ਮੰਤਰੀ ਵੱਲੋਂ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚਲੇ ਪਿੰਡਾਂ ਲਈ ਗ੍ਰਾਂਟਾਂ ਜਾਰੀ

## ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਸਾਝੇ ਤੌਰ 'ਤੇ ਵੰਡੀਆਂ ਗ੍ਰਾਂਟਾਂ

**ਸ੍ਰੀ ਅਨੰਦਪੁਰ ਸਾਹਿਬ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੂਚਨਾ ਕੇਂਦਰ ਨੂੰ ਲੋਕ ਅਰਪਣ ਕਰਨ ਉਪਰੰਤ ਵੱਖ ਵੱਖ ਪਿੰਡਾਂ ਨੂੰ ਗ੍ਰਾਂਟਾਂ ਦੇ ਗੱਫੇ ਵੰਡੇ ਅਤੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੀ ਨੁਹਾਰ ਬਦਲਣ ਦਾ ਦਾਅਵਾ ਦੁਹਰਾਇਆ।

ਇਸ ਮੌਕੇ ਦੋਵੇਂ ਆਗੂਆਂ ਨੇ 7.22 ਲੱਖ ਦੀ ਗ੍ਰਾਂਟ ਗੰਗੂਵਾਲ ਤੇ ਝਿੰਜੜੀ ਅੱਪਰ ਲਈ ਦਿੱਤੀ। ਉਨ੍ਹਾਂ ਨੇ ਭਲਾਣ 6.50 ਲੱਖ ਰੁਪਏ, ਭਨੂਪਲੀ 3.75 ਲੱਖ ਰੁਪਏ, ਸੂਰੇਵਾਲ ਅੱਪਰ 3 ਲੱਖ ਰੁਪਏ, ਨੰਗਲੀ 2 ਲੱਖ ਰੁਪਏ, ਰਾਏਪੁਰ ਅੱਪਰ 2 ਲੱਖ, ਬੀਕਾਪੁਰ ਅੱਪਰ 2 ਲੱਖ, ਮਾਣਕਪੁਰ 1.5 ਲੱਖ, ਜਿੰਦਵੜੀ/ਦਬਖੇੜਾ/ਭਾਲੋਵਾਲ/ ਗੰਗੂਵਾਲ/ਬਾਸੋਵਾਲ/ ਖਮੇੜਾ ਲੋਅਰ ਨੂੰ 1 -1 ਲੱਖ ਰੁਪਏ, ਜਿੰਦਵੜੀ 1 ਲੱਖ ਰੁਪਏ ਦੇ ਚੈਕ ਵੰਡੇ ਗਏ। ਇਹ ਰਾਸ਼ੀ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਬੇਹੱਦ ਸਹਾਈ ਤੇ ਉਪਯੋਗੀ ਸਿੱਧ ਹੋਵੇਗੀ।

ਹਲਕੇ ਦੀ ਬਦਲ ਰਹੀ ਨੁਹਾਰ ਬਾਰੇ ਸਪੀਕਰ ਕੁਲਤਾਰ ਸਿੰਘ ਸੰਧਵਾ ਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਇਸ ਸਮਾਰੋਹ ਵਿੱਚ ਸਾਮਿਲ ਹੋਏ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਰੋੜਾਂ ਰੁਪਏ ਦੇ ਵਿਕਾਸ ਦੇ ਕੰਮ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਚੱਲ ਰਹੇ ਹਨ ਜਾਂ ਮੁਕੰਮਲ ਹੋ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਅਸੀ ਵਿਕਾਸ ਪ੍ਰੋਜੈਕਟ ਸਮੁੱਚੀ ਲੋਕਾਈ ਨੂੰ ਅਰਪਣ ਕਰ ਰਹੇ ਹਾਂ। ਵੱਡੇ ਪ੍ਰੋਜੈਕਟਾਂ ਤੋ ਇਲਾਵਾ ਪਿੰਡਾਂ ਵਿਚ ਛੋਟੇ ਵਿਕਾਸ ਕਾਰਜਾਂ ਦੀ ਬੇਹੱਦ ਜਰੂਰਤ ਪੈਂਦੀ ਹੈ, ਜਿਸ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਗ੍ਰਾਂਟਾਂ ਦੀ ਵੰਡ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਪਿੰਡਾਂ ਵਿਚ ਗਲੀਆਂ/ਨਾਲੀਆਂ, ਗੰਦੇ ਪਾਣੀ ਦੀ ਨਿਕਾਸੀ, ਟੋਬੇ/ਛੱਪੜਾ ਦੀ ਸਫਾਈ, ਸਟਰੀਟ ਲਾਈਟ, ਸੁੱਧ ਪਾਣੀ ਦੀ ਸਪਲਾਈ, ਸਿੱਖਿਆ ਲਈ ਚੰਗੇ ਸਰਕਾਰੀ ਸਕੂਲ, ਲੋਕਾਂ ਨੂੰ ਸਿਹਤਮੰਦ ਰੱਖਣ ਲਈ ਸਿਹਤ ਕੇਂਦਰ ਵਰਗੀਆਂ ਸਹੂਲਤਾਂ ਦੇਣ ਵਿੱਚ ਪਿਛਲੀਆਂ ਸਰਕਾਰਾ 75 ਸਾਲ ਪਿੱਛੜ ਗਈਆਂ ਸਨ, ਸਾਡੀ ਸਰਕਾਰ ਦੀ ਨੇਕ ਨੀਅਤ ਤੇ ਇਮਾਨਦਾਰੀ ਨਾਲ ਦੋ ਸਾਲਾ ਵਿੱਚ ਹੀ ਪੰਜਾਬ ਦੀ ਨੁਹਾਰ ਬਦਲ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕਰੋੜਾਂ ਦੇ ਪ੍ਰੋਜੈਕਟ ਹਰ ਜਿਲ੍ਹੇ ਵਿੱਚ ਚੱਲ ਰਹੇ ਹਨ, ਮਾਨ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀ ਹੈ, ਇਸ ਲਈ ਵਿਕਾਸ ਦੀ ਰਫਤਾਰ ਵਿਚ ਕੋਈ ਕਮੀ ਨਹੀ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਵੱਖ ਵੱਖ ਪਿੰਡਾਂ ਲਈ ਗ੍ਰਾਂਟਾਂ ਤਕਸੀਮ ਕੀਤੀਆਂ।

ਇਸ ਮੌਕੇ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ, ਡਾ.ਸੰਜੀਵ ਗੌਤਮ ਮੈਂਬਰ ਮੈਡੀਕਲ ਕੋਂਸਲ ਪੰਜਾਬ, ਕਮਿੱਕਰ ਸਿੰਘ ਡਾਢੀ ਚੇਅਰਮੈਨ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਜਸਵੀਰ ਸਿੰਘ ਅਰੋੜਾ ਸੀਨੀਅਰ ਆਗੂ, ਦਵਿੰਦਰ ਸਿੰਘ ਸਿੰਦੂ ਬਲਾਕ ਪ੍ਰਧਾਨ, ਬਲਵਿੰਦਰ ਕੌਰ ਬੈਂਸ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਸੁਖਦੇਵ ਸਿੰਘ ਬੀਟੀ, ਵਿੱਕੀ ਬੀਟੀ, ਐਲਕਸ, ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ ਪ੍ਰਧਾਨ,ਪੱਮੂ ਢਿੱਲੋਂ, ਦਲਜੀਤ ਸਿੰਘ ਕੈਂਥ ਕੋਸਲਰ, ਬੀਬੀ ਬਲਵੀਰ ਕੋਰ ਕੌਸਲਰ, ਬਿਕਰਮਜੀਤ ਸਿੰਘ ਸੰਧੁ ਕੋਸਲਰ, ਕਮਲਜੀਤ ਸਿੰਘ ਭੱਟੀ ਕੋਸਲਰ, ਗੁਰਵਿੰਦਰ ਸਿੰਘ ਬੰਟੀ ਵਾਲੀਆ ਕੋਸਲਰ, ਪ੍ਰਵੀਨ ਕੋਸ਼ਲ ਸੀਨੀਅਰ ਮੀਤ ਪ੍ਰਧਾਨ, ਮਨਪ੍ਰੀਤ ਕੌਰ ਅਰੋੜਾ ਕੋਸਲਰ, ਪਰਮਵੀਰ ਸਿੰਘ ਰਾਣਾ ਕੋਸਲਰ, ਗੀਟਾ ਅਡਵਾਲ ਮੀਤ ਪ੍ਰਧਾਨ, ਸ਼ੰਮੀ ਬਰਾਰੀ ਯੂਥ ਆਗੂ, ਗੁਰਮੀਤ ਸਿੰਘ ਕਲੋਤਾ, ਕੈਪਟਨ ਗੁਰਨਾਮ ਸਿੰਘ, ਰਾਜਪਾਲ ਮੋਹੀਵਾਲ, ਸੋਹਣ ਸਿੰਘ ਨਿੱਕੂਵਾਲ, ਊਸ਼ਾ ਰਾਣੀ, ਕਮਲੇਸ਼ ਨੱਡਾ, ਰਾਮਪਾਲ ਕਾਹੀਵਾਲ, ਬਲਵਿੰਦਰ ਝਿੰਜੜੀ, ਜਿੰਮੀ ਡਾਢੀ ਅਤੇ ਹੋਰ ਉੱਚ ਅਧਿਕਾਰੀ ਤੇ ਪਤਵੰਤੇ ਹਾਜਰ ਸਨ।



# ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਮਕਾਨ ਉਸਾਰੀ ਦੀਆਂ ਗ੍ਰਾਂਟਾਂ ਗਬਨ ਕਰਨ ਦੇ ਮਾਮਲੇ ਵਿੱਚ ਇੱਕ ਹੋਰ ਮੁਲਜ਼ਮ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ



**ਚੰਡੀਗੜ੍ਹ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸਾਲ 2011-2012 ਵਿੱਚ ਗ੍ਰਾਮ ਪੰਚਾਇਤ ਖਾਨਗਾਹ ਜ਼ਿਲ੍ਹਾ ਕਪੂਰਥਲਾ ਨੂੰ ਮਿਲੀ ਕੁੱਲ 4,95,000 ਰੁਪਏ ਦੀ ਕੇਂਦਰੀ ਗ੍ਰਾਂਟ ਵਿੱਚੋਂ 45,000 ਰੁਪਏ ਦੀ ਗ੍ਰਾਂਟ ਦਾ ਗਬਨ ਕਰਨ ਦੇ ਦੋਸ਼ ਹੇਠ ਇੱਕ ਹੋਰ ਮੁਲਜ਼ਮ ਗੁਰਦੇਵ ਸਿੰਘ ਵਾਸੀ ਪਿੰਡ ਖਾਨਗਾਹ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਫੰਡ ਉਕਤ ਪੰਚਾਇਤ ਨੂੰ ਇੰਦਰਾ ਆਵਾਸ ਯੋਜਨਾ ਤਹਿਤ ਗਰੀਬਾਂ ਅਤੇ ਬੇਘਰਿਆਂ ਲਈ ਪੱਕਾ ਮਕਾਨ ਬਣਾਉਣ ਲਈ ਮਿਲੇ ਸਨ। ਜ਼ਿਕਰਯੋਗ ਹੈ ਕਿ ਇਹ ਮੁਲਜ਼ਮ ਪਿਛਲੇ ਸੱਤ ਸਾਲਾਂ ਤੋਂ ਫ਼ਰਾਰ ਸੀ।

ਦੱਸਣਯੋਗ ਹੈ ਕਿ ਕਰੀਬ 7 ਸਾਲ ਪਹਿਲਾਂ ਦਰਜ ਹੋਏ ਇਸ ਕੇਸ ਵਿੱਚ ਸ਼ਾਮਲ ਕੁੱਲ 132 ਮੁਲਜ਼ਮਾਂ ਵਿੱਚੋਂ ਹੁਣ ਤੱਕ 119 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ 11 ਮੁਲਜ਼ਮਾਂ ਦੀ ਮੌਤ ਹੋ ਚੁੱਕੀ ਹੈ ਜਦਕਿ ਬਾਕੀ ਦੋ ਮੁਲਜ਼ਮਾਂ ਦੀ ਭਾਲ ਜਾਰੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਾਲ 2011-2012 ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਿਵਾਰਾਂ (ਬੀ.ਪੀ.ਐਲ.) ਲਈ ਪਿੰਡ ਖਾਨਗਾਹ ਦੀ ਪੰਚਾਇਤ ਨੂੰ ਪ੍ਰਾਪਤ ਹੋਈ ਕੁੱਲ 4,95,000 ਰੁਪਏ ਦੀ ਕੇਂਦਰੀ ਗ੍ਰਾਂਟ ਵਿੱਚੋਂ ਤਤਕਾਲੀ ਏ.ਡੀ.ਸੀ. ਵਿਕਾਸ-ਕਮ-ਮੁੱਖ ਕਾਰਜਕਾਰੀ ਅਧਿਕਾਰੀ, ਜ਼ਿਲ੍ਹਾ ਪ੍ਰੀਸ਼ਦ, ਕਪੂਰਥਲਾ ਸਤੀਸ਼ ਚੰਦਰ ਵਸ਼ਿਸ਼ਟ ਨੇ ਪਿੰਡ ਮਹਿਮਦਵਾਲ ਦੇ ਸਰਪੰਚ ਆਸਾ ਸਿੰਘ ਅਤੇ ਉਸ ਸਮੇਂ ਦੇ ਪੰਚਾਇਤ ਸਕੱਤਰ ਕੁਲਵੰਤ ਸਿੰਘ ਨਾਲ ਮਿਲੀਭੁਗਤ ਕਰਕੇ ਅਯੋਗ ਲਾਭਪਾਤਰੀਆਂ ਦੇ ਨਾਂ 'ਤੇ ਚੈੱਕ ਜਾਰੀ ਕਰਕੇ ਗ੍ਰਾਂਟਾਂ ਦਾ ਗਬਨ ਕੀਤਾ ਸੀ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਕਪੂਰਥਲਾ ਦੀ ਸਿਫ਼ਾਰਸ਼ 'ਤੇ ਵੱਖ-ਵੱਖ ਅਧਿਕਾਰੀਆਂ ਵਾਲੀ ਪੰਜ ਮੈਂਬਰੀ ਕਮੇਟੀ ਨੇ ਉਕਤ ਗ੍ਰਾਂਟਾਂ ਦੀ ਵਰਤੋਂ ਸਬੰਧੀ ਪੜਤਾਲ ਕੀਤੀ ਸੀ, ਜਿਸ ਦੌਰਾਨ ਇਹ ਪਾਇਆ ਗਿਆ ਕਿ ਸਾਲ 2011-12 ਦੌਰਾਨ ਕਪੂਰਥਲਾ ਜ਼ਿਲ੍ਹੇ ਦੇ 31 ਪਿੰਡਾਂ ਨਾਲ ਸਬੰਧਤ 411 ਅਯੋਗ ਲਾਭਪਾਤਰੀਆਂ ਨੂੰ 1,80,00,000 ਰੁਪਏ ਦੀ ਗਲਤ ਅਦਾਇਗੀ ਕੀਤੀ ਗਈ।

ਇਸ ਸਬੰਧੀ ਵਿਜੀਲੈਂਸ ਬਿਊਰੋ ਨੇ ਵਿਜੀਲੈਂਸ ਬਿਊਰੋ ਥਾਣਾ ਜਲੰਧਰ ਰੇਂਜ ਵਿਖੇ 132 ਮੁਲਜ਼ਮਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 409, 420, 467, 468, 471, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1), 13(2) ਤਹਿਤ ਮੁਕੱਦਮਾ ਨੰਬਰ 01 ਮਿਤੀ 03-02-17 ਨੂੰ ਕੇਸ ਦਰਜ ਕੀਤਾ ਸੀ।

ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਗੁਰਦੇਵ ਸਿੰਘ ਨੇ ਅਯੋਗ ਲਾਭਪਾਤਰੀ ਹੁੰਦਿਆਂ ਪਿੰਡ ਖਾਨਗਾਹ ਦੀ ਸਰਪੰਚ ਕੁਲਵਿੰਦਰ ਕੌਰ ਅਤੇ ਪੰਚਾਇਤ ਸਕੱਤਰ ਕੁਲਵੰਤ ਸਿੰਘ ਨਾਲ ਮਿਲੀਭੁਗਤ ਕਰਕੇ 25,000-25,000 ਰੁਪਏ ਦੇ ਦੋ ਚੈੱਕਾਂ ਜ਼ਰੀਏ ਕ੍ਰਮਵਾਰ ਮਿਤੀ 07-03-2012 ਅਤੇ 12-03-2012 ਨੂੰ 45,000 ਰੁਪਏ ਦੀ ਕੇਂਦਰੀ ਗ੍ਰਾਂਟ ਹੜੱਪ ਲਈ ਸੀ।

# ਨਾਇਬ ਸਿੰਘ ਦੇ ਲਈ ਮਨੋਹਰ ਲਾਲ ਨੇ ਕਰਨਾਲ ਵਿਧਾਨ ਸਭਾ ਤੋਂ ਦਿੱਤਾ ਤਿਆਗਪੱਤਰ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਾਰਦਰਸ਼ਿਤਾ ਦੇ ਮਾਮਲੇ ਵਿਚ ਹਰਿਆਣਾ ਦੀ ਬੀਜੇਪੀ ਸਰਕਾਰ ਨੇ ਪਿਛਲੇ ਸਾਢੇ 9 ਸਾਲਾਂ ਦੇ ਕਾਰਜਕਾਲ ਵਿਚ ਅਨੇਕ ਪਹਿਲਾਂ ਕੀਤੀਆਂ ਹਨ, ਜਿਸ ਵਿਚ ਜਨਤਾ ਨੂੰ ਲਾਭ ਮਿਲਿਆ ਹੈ।

ਅਸੀਂ ਸੱਤਾ ਨੂੰ ਭੋਗਣ ਦੀ ਬਜਾਏ ਸੱਤਾ ਨੂੰ ਸੇਵਾ ਦਾ ਸਰੋਤ ਬਣਾਇਆ ਹੈ, ਤਕਨੀਕ ਦਾ ਸਹਾਰਾ ਲੈਂਦੇ ਹੋਏ ਵਿਅਕਤੀ ਦੀ ਬਜਾਏ ਸਿਸਟਮ ਨੂੰ ਮਹਤੱਵ ਦਿੱਤਾ ਅਤੇ ਇਸੀ ਸੋਚ ਦੇ ਨਾਲ ਆਖੀਰੀ ਸਾਹ ਤਕ ਹਰਿਆਣਾ ਦੀ ਜਨਤਾ ਦੀ ਸੇਵਾ ਕਰਦਾ ਰਹੂੰਗਾ।

ਉਨ੍ਹਾਂ ਨੇ ਸਦਨ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਸਦਨ ਦੀ ਅਗਵਾਈ ਕਰਨ ਦਾ ਮੌਕਾ ਲਗਭਗ ਸਾਢੇ 9 ਸਾਲ ਪਹਿਲਾਂ ਮਿਲਿਆ ਸੀ, ਪਰ ਪਹਿਲੀ ਵਾਰ ਜਦੋਂ ਉਹ ਮੁੱਖ ਮੰਤਰੀ ਬਣੇ ਸਨ ਤਾਂ ਉਸ ਸਮੇਂ ਵਿਰੋਧੀ ਧਿਰ ਦੇ ਲੋਕ ਕਹਿੰਦੇ ਸਨ ਕਿ ਬਤੌਰ ਮੁੱਖ ਮੰਤਰੀ ਉਨ੍ਹਾਂ ਨੂੰ ਕੋਈ ਤਜਰਬਾ ਨਹੀਂ ਹੈ। ਇਸ ਵਿਸ਼ਾ ਨੂੰ ਲੈ ਕੇ ਉਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ ਤਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਤੁਸੀ ਤਾਂ ਵਿਧਾਇਕ ਬਣ ਕੇ ਮੁੱਖ ਮੰਤਰੀ ਬਣੇ ਹਨ, ਜਦੋਂ ਕਿ ਉਹ ਬਿਨ੍ਹਾਂ ਵਿਧਾਇਕ ਮੁੱਖ ਮੰਤਰੀ ਬਣੇ ਸਨ, ਜਿਸ ਤਰ੍ਹਾ ਅੱਜ ਸ੍ਰੀ ਨਾਇਬ ਸਿੰਘ ਮੁੱਖ ਮੰਤਰੀ ਬਣੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੁੱਝ ਗੱਲਾਂ ਤਾਂ ਜਨਤਾ ਸਿਖਾ ਦਵੇਗੀ, ਕੁੱਝ ਵਿਧਾਨਸਭਾ ਵਿਚ ਵਿਰੋਧੀ ਧਿਰ ਦੇ ਮੈਂਬਰ ਸਿਖਾ ਦੇਣਗੇ।

ਸ੍ਰੀ ਮਨੋਹਰ ਲਾਲ ਨੇ ਸਦਨ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਸੱਭ ਨੇ ਮੈਨੂੰ ਤਰਾਸ਼ਨ ਦਾ ਕੰਮ ਕੀਤਾ ਅਤੇ ਮੈਨੂੰ ਇਸ ਪੱਧਰ 'ਤੇ ਲੈ ਕੇ ਆਏ। ਮੈਂ ਹਮੇਸ਼ਾ ਹਰਿਆਣਾ ਦੀ ਜਨਤਾ ਦੀ ਸੇਵਾ ਨੂੰ ਹੀ ਸੱਭ ਤੋਂ ਉੱਪਰ ਰੱਖਿਆ ਅਤੇ ਹਰਿਆਣਾ ਇਕ-ਹਰਿਆਣਵੀ ਇਕ ਦੇ ਮੂਲਮੰਤਰ 'ਤੇ ਚਲਦੇ ਹੋਏ ਤਕਨੀਕ ਦੇ ਸਹਾਰੇ ਸਿਸਟਮ ਵਿਚ ਸੁਧਾਰ ਕਰਦੇ ਹੋਏ ਨਾਗਰਿਕਾਂ ਨੂੰ ਲਾਭ ਦਿੱਤਾ। ਅੱਜ ਸਾਡੀ ਯੋਜਨਾਵਾਂ ਦਾ ਅਨੁਸਰਣ ਬਹੁਤ ਸਾਰੇ ਹੋਰ ਸੂਬੇ ਵੀ ਕਰ ਰਹੇ ਹਨ। ਇਸ ਸਾਰੀ ਕਾਰਜਪ੍ਰਣਾਲੀ ਵਿਚ ਯੋਜਨਾਵਾਂ ਦਾ ਜਮੀਨੀ ਪੱਧਰ 'ਤੇ ਲਾਗੂ ਕਰਨ ਲਈ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਬਦਲਾਅ ਜੀਵਨ ਦਾ ਹੱਸਾ ਹੈ ਅਤੇ ਮੋੜ ਆ ਜਾਵੇ, ਤਾਂ ਮੁੜਨਾ ਪੈਂਦਾ ਹੈ, ਇਸ ਨੂੰ ਰਸਤਾ ਬਦਲਣਾ ਨਹੀਂ ਕਹਿੰਦੇ। ਉਨ੍ਹਾਂ ਨੇ ਸ਼ਾਇਰਾਨਾ ਅੰਦਾਜ ਵਿਚ ਕਿਹਾ ਕਿ ਹਮ ਨਾ ਹੋਣਗੇ, ਕੋਈ ਹਮਸਾ ਹੋਗਾ, ਤੋ ਹਮਾਰੇ ਨਾਇਬ ਸੈਨੀ ਜੈਸਾ ਹੋਗਾ। ਉਨ੍ਹਾਂ ਨੇ ਕਿਹਾ ਕਿ ਸੂਬੇ ਵਿਚ ਪਹਿਲਾਂ ਵੀ ਜਿਮਨੀ ਚੋਣ ਹੋਏ ਹਨ।ਨਵੀਂ ਵਿਵਸਥਾ ਤਕ ਜਿਮਨੀ ਚੋਣ ਵਾਲੀ ਵਿਧਾਨਸਭਾ ਦੀ ਦੇਖਰੇਖ ਦੀ ਜਿਮੇਵਾਰੀ ਉਨ੍ਹਾਂ ਨੇ ਮੁੱਖ ਮੰਤਰੀ ਰਹਿੰਦੇ ਹੋਏ ਸੰਭਾਲੀ। ਕਰਨਾਲ ਦੇ ਲੋਕਾਂ ਨੇ ਮੈਨੂੰ 2 ਵਾਰ ਭਾਰੀ ਵੋਟਾਂ ਨਾਲ ਜਿਤਾ ਕੇ ਵਿਧਾਨਸਭਾ ਵਿਚ ਭੇਜਿਆ ਅਤੇ ਅੱਜ ਉਹ ਕਰਨਾਲ ਵਿਧਾਨਸਭਾ ਤੋਂ ਆਪਣਾ ਤਿਆਗਪੱਤਰ ਦਿੰਦੇ ਹਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਕਰਨਾਲ ਵਿਧਾਨਸਭਾ ਦੀ ਜਿਮੇਵਾਰੀ ਸੰਭਾਲਣਗੇ। ਸੰਗਠਨ ਜੋ ਵੀ ਜਿਮੇਵਾਰੀ ਤੈਅ ਕਰੇਗਾ ਉਸ ਦਾ ਹੋਰ ਵੀ ਜਿਮੇਵਾਰੀ ਨਾਲ ਉਹ ਨਿਭਾਉਣਗੇ।

# ਭਾਰਤ ਦੀ ਲੋਕਤੰਤਰ ਵਿਵਸਥਾ ਵਿਚ ਹਰੇਕ ਵੋਟ ਦਾ ਮਹਤੱਵਪੂਰਣ ਯੋਗਦਾਨ - ਅਨੁਰਾਗ ਅਗਰਵਾਲ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਭਾਰਤ ਦੀ ਲੋਕਤੰਤਰ ਵਿਵਸਥਾ ਵਿਚ ਹਰ ਵੋਟ ਦਾ ਮਹਤੱਵਪੂਰਣ ਯੋਗਦਾਨ ਹੈ। ਚੋਣ ਕਮਿਸ਼ਨ ਚਾਹੁੰਦਾ ਹੈ ਕਿ ਹਰ ਵੋਟਰ ਆਪਣੀ ਵੋਟ ਦਾ ਅਧਿਕਾਰ ਦੀ ਵਰਤੋ ਕਰ ਚੋਣ ਦੇ ਪਰਵ ਨੂੰ ਇਕ ਉਤਸਵ ਦੀ ਤਰ੍ਹਾ ਮਨਾਉਣ।

ਸ੍ਰੀ ਅਗਰਵਾਲ ਅੱਜ ਸੂਬੇ ਵਿਚ ਹੋਣ ਵਾਲੇ ਲੋਕਸਭਾ 2024 ਚੋਣ ਦੇ ਸਬੰਧ ਕੀਤੇ ਜਾ ਰਹੇ ਪ੍ਰਬੰਧਾਂ 'ਤੇ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੀਟਿੰਗ ਵਿਚ ਜਾਣਕਾਰੀ ਦਿੱਤੀ ਗਈ ਕਿ ਰਾਜ ਵਿਚ 18 ਤੋਂ 22 ਸਾਲ ਉਮਰ ਵਰਗ ਦੇ ਵੋਟਰਾਂ ਦੀ ਗਿਣਤੀ 12,53,170 ਹੈ, ਜੋ ਪਹਿਲੀ ਵਾਰ ਆਪਣੇ ਵੋਟ ਅਧਿਕਾਰ ਦੀ ਵਰਤੋ ਕਰਣਗੇ। ਚੋਣ ਕਮਿਸ਼ਨ ਦਾ ਇਹ ਯਤਨ ਰਹੇਗਾ ਕਿ ਵੱਧ ਤੋਂ ਵੱਧ ਯੁਵਾ ਵੋਟਰ ਰਾਜ ਵਿਚ ਹੋਣ ਵਾਲੇ ਇਸ ਚੋਣ ਵਿਚ ਹਿੱਸਾ ਲੈ ਕੇ ਚੋਣ ਦਾ ਪਰਵ ਦੇਸ਼ ਦਾ ਗਰਵ ਨਾਮਕ ਯੱਗ ਵਿਚ ਆਹੂਤੀ ਜਰੂਰ ਪਾਉਣ।

ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਯੁਵਾ ਦੇਸ਼ ਦਾ ਭਵਿੱਖ ਹੀ ਨਹੀਂ ਸਗੋ ਯੁੱਗ ਨਿਰਮਾਤਾ ਵੀ ਹੈ। ਨੌਜੁਆਨਾਂ ਨੂੰ ਬੂਥ ਪੱਧਰ 'ਤੇ ਆਪਣੇ ਖੇਤਰ ਦੇ ਕਿਸੇ ਖਿਡਾਰੀ, ਸਮਾਜਸੇਵੀ, ਬੁੱਧੀਜੀਵਾਂ, ਕਲਾਕਾਰ ਨੂੰ ਚੋਣ ਦਾ ਆਈਕਾਨ ਬਨਾਉਣਾ ਚਾਹੀਦਾ ਹੈ। ਚੋਣ ਕਮਿਸ਼ਨ ਵੱਲੋਂ 85 ਸਾਲ ਤੋਂ ਵੱਧ ਉਮਰ ਵਰਗ ਦੇ ਵੋਟਰਾਂ ਦੇ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਚੋਣ ਕਰਨ ਵਿਚ ਕੋਈ ਮੁਸ਼ਕਲ ਵਿਕਲਪ ਲੈਣਗੇ ਅਤੇ ਉਨ੍ਹਾਂ ਨੂੰ ਪੋਸਟਲ ਬੈਲੇਟ ਦਿੱਤਾ ਜਾਵੇਗਾ।

ਜੇਕਰ ਉਹ ਪੋਲਿੰਗ ਸਟੇਸ਼ਨ ਵਿਚ ਆ ਕੇ ਹੀ ਵੋਟ ਪਾਉਂਦਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਘਰ ਤੋਂ ਪੋਲਿੰਗ ਸਟੇਸ਼ਨ ਤਕ ਟ੍ਰਾਂਸਪੋਟੇਸ਼ਨ ਦੀ ਵਿਵਸਥਾ ਕੀਤੀ ਜਾਵੇਗੀ।

# ਕੈਂਸਰ ਰੋਗੀਆਂ ਨੂੰ ਵੀ ਮਿਲੇਗੀ 3 ਹਜਾਰ ਆਰਥਕ ਸਹਾਇਤਾ - ਨਾਇਬ ਸਿੰਘ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਸਰਕਾਰ ਸਾਰੇ ਨਾਗਰਿਕਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ ਸੰਕਲਪਬੱਧ ਹੈ। ਇਸ ਦਿਸ਼ਾ ਵਿਚ ਸਮਾਜ ਦੇ ਕਮਜੋਰ ਵਰਗਾਂ ਨੂੰ ਸਮਾਜਿਕ ਸੁਰੱਖਿਆ ਪੈਂਸ਼ਨ ਤੋਂ ਇਲਾਵਾ ਮੈਡੀਕਲ ਸੁਰੱਖਿਆ ਵੀ ਪ੍ਰਦਾਨ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਅੱਜ ਵਿੱਤੀ ਸਹਾਇਤਾ 3 ਤੇ 4 ਸਟੇਜ ਕੈਂਸਰ ਰੋਗੀ ਪੋਰਟਲ ਦੀ ਸ਼ੁਰੂਆਤ ਕਰ ਰਹੇ ਸਨ। ਉਨ੍ਹਾਂ ਨੇ ਕੈਂਸਰ ਅਤੇ 55 ਹੋਰ ਦੁਰਲਭ ਬੀਮਾਰੀਆਂ ਤੋਂ ਪੀੜਤ ਲੋਕਾਂ ਨੂੰ ਵਿੱਤੀ ਮਦਦ ਲਈ ਦੋ ਨਵੀਂ ਯੋਜ਼ਨਾਵਾਂ ਦਾ ਆਨਲਾਇਨ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਮੰਤਰੀ ਜੇ ਪੀ ਦਲਾਲ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਕੈਂਸਰ 3 ਤੇ 4 ਸਟੇਜ਼ ਦੇ ਰੋਗੀਆਂ ਨੂੰ ਵੀ ਪ੍ਰਤੀ ਮਹੀਨਾ 3000 ਰੁਪਏ ਦੀ ਆਰਥਕ ਸਹਾਇਤਾ ਮਿਲੇਗੀ। ਕੈਂਸਰ ਅਤੇ 55 ਹੋਰ ਬੀਮਾਰੀਆਂ ਤੋਂ ਗ੍ਰਸਤ ਵਿਅਕਤੀ ਸਰਲ ਪੋਰਟਲ ਰਾਹੀਂ ਆਨਲਾਇਨ ਬਿਨੈ ਕਰ ਕੇ ਲਾਭ ਚੁੱਕ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਵਿੱਤੀ ਸਹਾਇਤਾ ਕਿਸੇ ਹੋਰ ਸਮਾਜਿਕ ਸੁਰੱਖਿਆ ਪੈਂਸ਼ਨ ਯੋਜਨਾ ਤਹਿਤ ਮਿਲ ਰਹੇ ਲਾਭਾਂ ਤੋਂ ਇਲਾਵਾ ਹੋਵੇਗੀ। ਇਹ ਯੋਜ਼ਲਾ ਸਾਰੇ ਉਮਰ ਵਰਗ ਦੇ ਲੋਕਾਂ ਲਈ ਲਾਗੂ ਕੀਤੀ ਗਈ ਹੈ। ਇਸ ਵਿਚ ਸਾਲਾਨਾ ਆਮਦਨ 3 ਲੱਖ ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਕੈਂਸਰ ਪੀੜਤ ਮਰੀਜਾਂ ਨੂੰ ਇਕ ਸਹਾਇਤ ਸਮੇਤ ਹਰਿਆਣਾ ਰਾਜ ਟ੍ਰਾਂਸਪੋਰਟ ਦੀ ਬੱਸਾਂ ਵਿਚ ਉਨ੍ਹਾਂ ਦੇ ਘਰ ਤੋਂ ਕੈਂਸਰ ਸੰਸਥਾਨ ਤਕ ਮੁਫਤ ਯਾਤਰਾ ਸਹੂਲਤ ਵੀ ਦਿੱਤੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੈਂਯਰ ਰੋਗੀ ਸਿਵਲ ਸਰਜਨ ਵੱਲੋਂ ਤਸਦੀਕ ਮੈਡੀਕਲ ਰਿਕਾਰਡ ਦੇ ਨਾਲ ਸਰਲ ਪੋਰਟਲ 'ਤੇ ਬਿਨੈ ਕਰ ਸਕਦੇ ਹਨ। ਇਸ ਦੇ ਬਾਅਦ ਜਿਲ੍ਹਾ ਸਮਾਜ ਭਲਾਈ ਅਧਿਕਾਰੀ ਵੱਲੋਂ ਆਨਲਾਇਨ ਮੰਜੂਰੀ ਦਿੱਤੀ ਜਾਵੇਗੀ।

# ਸੀਐਮ ਐਲਾਨਾਂ ਨੂੰ ਤੈਅ ਸਮੇਂ ਵਿਚ ਪੂਰਾ ਕੀਤਾ ਜਾਵੇਗਾ - ਮੁੱਖ ਮੰਤਰੀ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬਾ ਸਰਕਾਰ ਵੱਲੋਂ ਚਾਲੂ ਕੀਤੀ ਗਈ ਭਲਾਈਕਾਰੀ ਯੋਜਨਾਵਾਂ ਨੂੰ ਬਦਸਤੂਰ ਜਾਰੀ ਰੱਖਿਆ ਜਾਵੇਗਾ ਅਤੇ ਕਾਰਜ ਵਿਚ ਪੂਰੀ ਪਾਰਦਰਸ਼ਿਤਾ ਵਰਤੀ ਜਾਵੇਗੀ।ਮੁੱਖ ਮੰਤਰੀ ਅੱਜ ਇੱਥੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੁੱਖ ਮੰਤਰੀ ਨੇ ਇਸ ਮੌਕੇ 'ਤੇ ਕਿਹਾ ਕਿ ਪਹਿਲਾਂ ਕੀਤੇ ਗਏ ਸੀਐਮ ਐਲਾਨਾਂ ਨੂੰ ਤੈਅ ਸਮੇਂ ਵਿਚ ਪੂਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਜਨਸੰਵਾਦ ਅਤੇ ਸੀਐਮ ਵਿੰਡੋਂ 'ਤੇ ਆਈ ਸ਼ਿਕਾਇਤਾਂ ਦਾ ਪ੍ਰਾਥਮਿਕਤਾ ਨਾਲ ਹੱਲ ਕੀਤਾ ਜਾਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਦੀ ਸਲਾਹ ਦਿੰਦੇ ਹੋਏ ਕਿਹਾ ਕਿ ਉਹ ਵੱਖ-ਵੱਖ ਯੋਜਨਾਵਾਂ ਅਤੇ ਪਰਿਯੋਜਨਾਵਾਂ ਨੂੰ ਪੂਰਾ ਕਰਵਾਉਣ ਵਿਚ ਪੂਰੀ ਤਰ੍ਹਾ ਨਾਲ ਪਾਰਦਰਸ਼ਿਤਾ ਵਰਤਣ। ਰਾਜ ਸਰਕਾਰ ਦਾ ਪ੍ਰਮੁੱਖ ਟੀਚਾ ਅੰਤੋਂਦੇਯ ਦੀ ਭਾਵਨਾ ਨਾਲ ਕੰਮ ਕਰਦੇ ਹੋਏ ਸਮਾਜ ਦੇ ਗਰੀਬ ਤੋਂ ਗਰੀਬ ਵਿਅਕਤੀ ਤਕ ਯੋਜਨਾਵਾਂ ਅਤੇ ਸੇਵਾਵਾਂ ਦਾ ਲਾਭ ਪਹੁੰਚਾਉਣਾ ਹੈ।

# ਵਾਂਝੇ ਸਮਾਜ ਦੀ ਮਹਿਲਾਵਾਂ ਤੇ ਪੁਰਸ਼ਾਂ ਦੇ ਆਰਥਕ ਉਥਾਨ ਲਈ ਸੂਰਜ ਪੋਰਟਲ ਹੋਵੇਗਾ ਕਾਰਗਰ ਸਾਬਤ - ਨਾਇਬ ਸਿੰਘ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਸੋਚ ਹੈ ਕਿ ਸਾਲ 2047 ਤਕ ਭਾਰਤ ਨੂੰ ਵਿਸ਼ਵ ਦਾ ਵਿਕਸਿਤ ਰਾਸ਼ਟਰ ਬਨਾਉਣਾ ਹੈ। ਇਸ ਟੀਚੇ ਨੂੰ ਪੂਰਾ ਕਰਨ ਅਤੇ ਦੇਸ਼ ਦੇ ਹਰ ਜ਼ਰੂਰਤਮੰਦ ਵਿਅਕਤੀ ਤਕ ਕੇਂਦਰ ਤੇ ਸੂਬਾ ਸਰਕਾਰ ਦੀ ਜਨਹਿਤੇਸ਼ੀ ਨੀਤੀਆਂ ਨੂੰ ਪਹੁੰਚਾਉਣ ਲਈ ਸੂਬਾ ਸਰਕਾਰ ਤਿਆਰ ਹੈ। ਵਾਂਝੇ ਸਮਾਜ ਦੀ ਮਹਿਲਾਵਾਂ ਤੇ ਪੁਰਸ਼ਾਂ ਦੇ ਵੱਧ ਉਥਾਨ ਲਈ ਪ੍ਰਧਾਨ ਮੰਤਰੀ ਸਮਾਜਿਕ ਉਥਾਨ ਅਤੇ ਰੁਜ਼ਗਾਰ ਅਧਾਰਿਤ ਜਨਭਲਾਈ (ਪੀਐਮ ਸੂਰਜ) ਪੋਰਟਲ ਕਾਰਗਰ ਸਾਬਿਤ ਹੋਵੇਗਾ। ਵੀਡੀਓ ਕਾਨਫ੍ਰੈਂਸਿੰਗ ਰਾਹੀਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਬੁੱਧਵਾਰ ਨੂੰ ਸੂਰਜ ਪੋਰਟਲ ਦਾ ਉਦਘਾਟਨਕੀਤਾ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਅੱਜ ਇੱਥੇ ਨਮਸਤੇ ਮਿੱਤਰ ਯੋਜਨਾ ਤਹਿਤ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਪੰਚਕੂਲਾ ਦੇ ਸੀਵਰਮੈਨ ਗੁਰਜੀਤ ਸਿੰਘ, ਜਗਦੀਪ ਸਿੰਘ, ਸੈਂਟੀ, ਰਾਜੇਸ਼ ਕੁਮਾਰ ਅਤੇ ਜਸਵਿੰਦਰ ਨੂੰ ਨਮਸਤੇ ਆਈਡੀ ਅਤੇ ਆਯੂਸ਼ਮਾਨ ਕਾਰਡ ਸੌਂਪ ਕੇ ਵਧਾਈ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਦਾ ਯਤਨ ਹੈ ਕਿ ਵਾਂਝੇ ਸਮਾਜ ਦੇ ਮਹਿਲਾ ਅਤੇ ਪੁਰਸ਼ ਸਵੈਰੁਜਗਾਰ ਅਪਣਾ ਕੇ ਆਤਮਨਿਰਭਰ ਬਨਣ, ਇਸ ਦੇ ਲਈ ਉਹ ਸੂਰਜ ਪੋਰਟਲ 'ਤੇ ਬਿਨੈ ਕਰ ਕਰਜਾ ਪ੍ਰਾਪਤ ਕਰਨ। ਮੁੱਖ ਮੰਤਰੀ ਨੇ ਇਸ ਦੌਰਾਨ ਸਰਕਾਰ ਨੂੰ ਯੋਜਨਾਵਾਂ ਦਾ ਲਾਭ ਲੈ ਕੇ ਸਵੈਰੁਜਗਾਰ ਤੋਂ ਆਰਥਕ ਤੌਰ ਖੁਸ਼ਹਾਲ ਬਣੇ ਮਹਿਲਾ ਅਤੇ ਪੁਰਸ਼ਾਂ ਨੇ ਤਜਰਬਾ ਵੀ ਸਾਂਝਾ ਕੀਤੇ। ਇਕ ਮਹਿਲਾ ਨੇ ਮੁੱਖ ਮੰਤਰੀ ਨੂੰ ਦਸਿਆ ਕਿ ਆਰਥਕ ਤੰਗੀ ਦੀ ਵਜ੍ਹਾ ਨਾਲ ਪਹਿਲਾਂ ਉਸ ਨੂੰ ਪਰਿਵਾਰ ਦਾ ਪੋਸ਼ਣ ਕਰਨ ਵਿਚ ਮੁਸ਼ਕਲ ਹੋ ਰਹੀ ਸੀ। ਫਿਰ ਉਸ ਨੇ ਸਰਕਾਰ ਦੀ ਯੋਜ਼ਨਾ ਰਾਹੀਂ ਕਰਜਾ ਲੈ ਕੇ ਬੂਟਿਕ ਦਾ ਕੰਮ ਸ਼ੁਰੂ ਕੀਤਾ, ਜਿਸ ਨਾਲ ਨਾ ਸਿਰਫ ਉਹ ਆਪਣੇ ਪਰਿਵਾਰ ਦਾ ਪੋਸ਼ਣ ਕਰਨ ਵਿਚ ਚੰਗੀ ਤਰ੍ਹਾ ਸਫਲ ਹੋਈ, ਸਗੋ ਕਈ ਹੋਰ ਮਹਿਲਾਵਾਂ ਨੂੰ ਵੀ ਰੁਜ਼ਗਾਰ ਦਿੱਤਾ। ਮੁੱਖ ਮੰਤਰੀ ਨੇ ਸਵੈਰੁਜ਼ਗਾਰ ਅਪਣਾ ਕੇ ਖੁਸ਼ਹਾਲੀ ਦੇ ਰਾਹ 'ਤੇ ਚੱਲਣ ਵਾਲੀ ਮਹਿਲਾਵਾਂ ਤੇ ਪੁਰਸ਼ਾਂ ਦੀ ਹੋਰ ਲੋਕਾਂ ਨੂੰ ਵੀ ਉਨ੍ਹਾਂ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਸਿੰਚਾਈ ਵਿਭਾਗ ਦੇ ਪ੍ਰਧਾਨ ਸਕੱਤਰ ਪੰਕਜ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਦੇ ਮਹਾਨਿਦੇਸ਼ਕ ਮਨਦੀਪ ਸਿੰਘ ਬਰਾੜ ਮੌਜੂਦ ਰਹੇ।

# ਨਰਮਾ ਫਸਲ ਦੇ ਖਰਾਬੇ ਦੇ 87.95 ਕਰੋੜ ਰੁਪਏ ਕੀਤੇ ਜਾਰੀ - ਮੁੱਖ ਮੰਤਰੀ ਨਾਇਬ ਸਿੰਘ



ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸੈਨੀ ਨੇ ਕਿਹਾ ਕਿ ਮੌਜੂਦਾ ਰਬੀ ਫਸਲ ਵਿਚ ਗੜ੍ਹੇਮਾਰੀ ਨਾਲ ਹੋਏ ਫਸਲੀ ਨੁਕਸਾਨ ਲਈ ਈ-ਸ਼ਤੀਪੂਰਤੀ ਪੋਰਟਲ 18 ਮਾਰਚ ਤਕ ਖੋਲਿਆ ਗਿਆ ਹੈ। ਕਿਸਾਨ ਗੜ੍ਹੇਮਾਰੀ ਨਾਲ ਹੋਏ ਫਸਲੀ ਨੁਕਸਾਨ ਨੂੰ ਪੋਰਟਲ 'ਤੇ ਅਪਲੋਡ ਕਰ ਸਕਦੇ ਹਨ।

ਮੁੱਖ ਮੰਤਰੀ ਅੱਜ ਇੱਥੇ ਸਾਲ 2023 ਦੌਰਾਨ ਹੜ੍ਹ ਦੇ ਾਕਰਨ ਖਰਾਬ ਹੋਈ ਨਰਮਾ ਦੀ ਫਸਲ ਸਬੰਧੀ 12 ਜਿਲ੍ਹਿਆਂ ਦੇ ਕਿਸਾਨਾਂ ਨੂੰ 87.95 ਕਰੋੜ ਰੁਪਏ ਦੀ ਮੁਆਵਜਾ ਰਕਮ ਜ਼ਾਰੀ ਕਰ ਰਹੇ ਸਨ। ਇੰਨ੍ਹਾਂ ਵਿਚ ਭਿਵਾਨੀ, ਚਰਖੀ ਦਾਦਰੀ, ਫਤਿਹਾਬਾਦ, ਗੁਰੂਗ੍ਰਾਮ, ਹਿਸਾਰ, ਝੱਜਰ, ਜੀਂਦ, ਮਹੇਂਦਰਗੜ੍ਹ, ਰਿਵਾੜੀ, ਰੋਹਤਕ, ਸਿਰਸਾ ਅਤੇ ਸੋਨੀਪਤ ਸ਼ਾਮਿਲ ਹਨ। ਇਸ ਮੌਕੇ 'ਤੇ ਮੰਤਰੀ ਜੇ ਪੀ ਦਲਾਲ ਵੀ ਮੌਜੂਦ ਰਹੇ।

ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਸਾਲ 2023 ਦੌਰਾਨ ਹੜ੍ਹ ਨਾਲ ਖਰਾਬ ਹੋਈ ਨਰਮਾ ਦੀ ਫਸਲ ਦਾ ਮੁਆਵਜਾ ਪ੍ਰਦਾਨ ਕਰ ਦਿੱਤਾ ਹੈ। ਇਸ ਤਰ੍ਹਾ ਸਰਕਾਰ ਸਦਾ ਕਿਸਾਨਾਂ ਦੀ ਸਹਾਇਤਾ ਲਈ ਤਿਆਰ ਹੈ ਅਤੇ ਇਸ ਤੋਂ ਪਹਿਲਾਂ ਵੀ ਸਰਕਾਰ ਨੇ ਕਿਸਾਨ ਹਿੱਤ ਵਿਚ ਹੀ ਅਨੇਕ ਫੈਸਲੇ ਕੀਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2023 ਦੌਰਾਨ ਹੜ੍ਹ ਨਾਲ ਖਰਾਬ ਹੋਈ ਨਰਮਾ ਦੀ ਫਸਲ ਦਾ ਮੁਆਵਜਾ ਲੈਣ ਲਈ 2 ਲੱਖ 43 ਹਜਾਰ 287 ਏਕੜ ਭੂਮੀ ਦਾ ਰਜਿਸਟ੍ਰੇਸ਼ਣ ਕਰਵਾਇਆ ਗਿਆ। ਇਸ ਵਿੱਚੋਂ ਤਸਦੀਕ ਦੇ ਬਾਅਦ 84 ਹਜਾਰ 483 ਏਕੜ ਭੂਮੀ ਦੇ ਖਰਾਬ ਦੀ ਪੁਸ਼ਟੀ ਹੋਈ ਜਿਸ ਦਾ ਕਿਸਾਨਾਂ ਨੇ ਈ-ਸ਼ਤੀਪੂਰਤੀ ਪੋਰਟਲ 'ਤੇ ਅਪਲੋਡ ਕੀਤਾ ਗਿਆ। ਇਸ ਦੀ ਤਸਦੀਕ ਦੇ ਬਾਅਦ ਸੂਬੇ ਦੇ 33483 ਕਿਸਾਨਾਂ ਨੂੰ ਮੁਆਵਜਾ ਦਿੱਤਾ ਜ਼ਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਸਾਲ 2023 ਦੌਰਾਨ ਆਏ ਹੜ੍ਹ ਦੇ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਹੋਰ ਫਸਲਾਂ ਦਾ 130 ਕਰੋੜ 88 ਲੱਖ ਰੁਪਏ ਦਾ ਮੁਆਵਜਾ ਕਿਸਾਨਾਂ ਨੂੰ ਸਰਕਾਰ ਵੱਲੋਂ ਪਹਿਲਾਂ ਦੀ ਜਾਰੀ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾ ਕਿਸਾਨਾਂ ਨੂੰ ਸਾਲ 2023 ਦੌਰਾਨ 218 ਕਰੋੜ 83 ਲੱਖ ਰੁਪਏ ਦਾ ਮੁਆਵਜਾ ਦਿੱਤਾ ਜ਼ਾ ਚੁੱਕਾ ਹੈ। ਮੀਟਿੰਗ ਵਿਚ ਵਧੀਕ ਮੁੱਖ ਸਕੱਤਰ ਟੀਵੀਐਸਐਨ ਪ੍ਰਸਾਦ, ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਕਮਿਸ਼ਨਰ ਅਤੇ ਸਕੱਤਰ ਪੰਕਜ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ, ਆਸ਼ਿਮਾ ਬਰਾੜ, ਮਹਾਨਿਦੇਸ਼ਕ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਮਨਦੀਪ ਸਿੰਘ ਬਰਾੜ, ਸਕੱਤਰ ਮਾਲ ਐਸ ਨਾਰਾਇਣ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

# 7211 ਲਾਭਕਾਰਾਂ ਨੂੰ 274 ਕਰੋੜ 23 ਲੱਖ ਰੁਪਏ ਦੀ ਆਰਥਕ ਸਹਾਇਤਾ ਦਿੱਤੀ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਦੀਨ ਦਿਆਲ ਉਪਾਧਿਆਏ ਅੰਤੋਂਦੇਯ ਪਰਿਵਾਰ ਸੁਰੱਖਿਆ (ਦਿਆਲੂ) ਯੋਜਨਾ ਲਾਗੂ ਕੀਤੀ ਜਾ ਰਹੀ ਹੈ। ਇਸ ਯੋਜਨਾ ਤਹਿਤ 1.80 ਲੱਖ ਰੁਪਏ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਮੈਂਬਰ ਦੀ ਅਚਾਨਕ ਮੌਤ ਹੋ ਜਾਣ 'ਤੇ ਇਕ ਲੱਖ ਤੋਂ 5 ਲੱਖ ਰੁਪਏ ਦੀ ਆਰਥਕ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

ਮੁੱਖ ਮੰਤਰੀ ਅੱਜ ਦਿਆਲੂ ਸਕੀਮ ਤਹਿਤ ਰਾਜ ਦੇ 2200 ਪਰਿਵਾਰਾਂ ਨੂੰ 108 ਕਰੋੜ ਰੁਪਏ ਦੀ ਰਕਮ ਜਾਰੀ ਕਰ ਰਹੇ ਸਨ। ਇਸ ਮੌਕੇ 'ਤੇ ਮੰਤਰੀ ਜ਼ੇ ਪੀ ਦਲਾਲ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਗਰੀਬ ਪਰਿਵਾਰ ਦੇ 6 ਸਲਾ ਤੋਂ 60 ਸਾਲ ਤਕ ਦੀ ਉਮਰ ਦੇ ਮੈਂਬਰ ਦੀ ਅਚਾਨਕ ਦੁਰਘਟਨਾ ਹੋਣ 'ਤੇ ਮੌਤ ਜ਼ਾਂ 70 ਫੀਸਦੀ ਦਿਵਆਂਗ ਹੋ ਜਾਣ 'ਤੇ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿਚ 6 ਤੋਂ 12 ਸਾਲ ਉਮਰ ਤਕ ਇਕ ਲੱਖ ਰੁਪਏ, 12 ਤੋਂ 18 ਸਾਲ ਉਮਰ ਤਕ 2 ਲੱਖ ਰੁਪਏ, 18 ਤੋਂ 25 ਸਾਲ ਉਮਰ ਤਕ 3 ਲੱਖ ਰੁਪਏ, 25 ਸਾਲ ਤੋਂ 45 ਸਾਲ ਉਮਰ ਤਕ 5 ਲੱਖ ਰੁਪਏ ਅਤੇ 45 ਤੋਂ 60 ਸਾਲ ਉਮਰ ਤਕ 3 ਲੱਖ ਰੁਪਏ ਦੀ ਆਰਥਕ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।ਇਸ ਲਾਭ ਵਿਚ 18 ਤੋਂ 40 ਸਾਲ ਉਮਰ ਵਰਗ ਵਿਚ ਪ੍ਰਧਾਨ ਮੰਤਰੀ ਜ਼ੀਵਨ ਰੋਤੀ ਬੀਮਾ ਯੋਜਨਾ ਤਹਿਤ ਮਿਲਣ ਵਾਲੀ 2 ਲੱਖ ਰੁਪਏ ਦੀ ਰਕਮ ਵੀ ਸ਼ਾਮਿਲ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜ਼ਨਾ ਤਹਿਤ ਹੁਣ ਤਕ 4327 ਲਾਭਕਾਰਾਂ ਦੇ ਬੈਂਕ ਖਾਤਿਆਂ ਵਿਚ 166 ਕਰੋੜ 23 ਲੱਖ ਰੁਪਏ ਦੀ ਰਕਮ ਸਿੱਧੇ ਪਾਈ ਗਈ ਹੈ। ਇਸ ਤਰ੍ਹਾ ਹੁਣ ਤਕ ਕੁੱਲ 7211 ਲਾਭਕਾਰਾਂ ਨੂੰ 274 ਕਰੋੜ 23 ਲੱਖ ਰੁਪਏ ਦੀ ਆਰਥਕ ਸਹਾਇਤਾ ਸਰਕਾਰ ਵੱਲੋਂ ਪ੍ਰਦਾਨ ਕੀਤੀ ਜਾ ਚੁੱਕੀ ਹੈ।

ਮੀਟਿੰਗ ਵਿਚ ਵਧੀਕ ਮੁੱਖ ਸਕੱਤਰ ਟੀਵੀਐਸਐਨ ਪ੍ਰਸਾਦ, ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਕਮਿਸ਼ਨਰ ਅਤੇ ਸਕੱਤਰ ਪੰਕਜ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ, ਆਸ਼ਿਮਾ ਬਰਾੜ, ਮਹਾਨਿਦੇਸ਼ਕ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਮਨਦੀਪ ਸਿੰਘ ਬਰਾੜ, ਸਕੱਤਰ ਮਾਲ ਐਸ ਨਾਰਾਇਣ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

# ਪੰਜਾਬ ਮੰਡੀ ਬੋਰਡ ਦੇ ਨਵੇਂ ਮੈਂਬਰਾਂ ਨੇ ਅਹੁਦਾ ਸੰਭਾਲਿਆ



ਪੰਜਾਬ ਮੰਡੀ ਬੋਰਡ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਦੇ ਨਾਲ ਚੇਅਰਮੈਨ ਸ. ਹਰਚੰਦ ਸਿੰਘ ਬਰਸਟ

ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦੀ ਅਗੁਵਾਈ ਵਿੱਚ ਅੱਜ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੰਡੀ ਬੋਰਡ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਵੱਜੋਂ ਸ਼੍ਰੀ ਇੰਦਰਜੀਤ ਸਿੰਘ, ਸ਼੍ਰੀ ਬਲਵਿੰਦਰ ਸਿੰਘ, ਸ਼੍ਰੀ ਬਲਕਾਰ ਭੋਖੜਾ, ਸ਼੍ਰੀ ਬਲਜੀਤ ਸਿੰਘ, ਸ਼੍ਰੀ ਸੁਖਵਿੰਦਰ ਸਿੰਘ, ਸ਼੍ਰੀ ਗੁਰਦਿੱਤਾ ਸਿੰਘ ਸੰਧੂ, ਸ਼੍ਰੀ ਬਲਜਿੰਦਰ ਸਿੰਘ, ਸ਼੍ਰੀ ਕਰਨੈਲ ਸਿੰਘ, ਸ਼੍ਰੀ ਹਰਪ੍ਰੀਤ ਸਿੰਘ ਨੇ ਆਪਣਾ ਅਹੁਦਾ ਸੰਭਾਲਿਆ।

ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਸਾਰੇ ਨਵੇਂ ਮੈਂਬਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਕਿਸਾਨਾਂ ਅਤੇ ਲੋਕਾਂ ਦੇ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਇਮਾਨਦਾਰ, ਨਿਰਪੱਖ ਅਤੇ ਪ੍ਰਗਤੀਸ਼ੀਲ ਸੋਚ ਵਾਲੇ ਆਗੂਆਂ ਨੂੰ ਲੋਕਾਂ ਦੀ ਸੇਵਾ ਲਈ ਅੱਗੇ ਲਿਆ ਰਹੀ ਹੈ। ਇਸੇ ਸੋਚ ਤਹਿਤ ਅੱਜ ਇਨ੍ਹਾਂ ਮੈਂਬਰਾਂ ਦੀ ਨਿਯੁਕਤੀ ਕੀਤੀ ਗਈ ਹੈ। ਚੇਅਰਮੈਨ ਨੇ ਉਮੀਦ ਪ੍ਰਗਟਾਈ ਕਿ ਨਵੇਂ ਮੈਂਬਰ ਕਿਸਾਨਾਂ ਤੇ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਗੇ ਅਤੇ ਵੱਖ-ਵੱਖ ਸਰਕਾਰੀ ਸਕੀਮਾਂ ਲੋਕਾਂ ਤੱਕ ਪੁੱਜਦੀਆਂ ਕਰਨਗੇ। ਇਸ ਦੌਰਾਨ ਨਵਨਿਯੁਕਤ ਮੈਂਬਰਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਬਰਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗੇ।

ਇਸ ਮੌਕੇ ਸ਼੍ਰੀਮਤੀ ਅੰਮ੍ਰਿਤ ਕੌਰ ਗਿੱਲ, ਸਕੱਤਰ ਮੰਡੀ ਬੋਰਡ, ਸ. ਗੁਰਦੇਵ ਸਿੰਘ ਚੇਅਰਮੈਨ, ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ, ਸ. ਗੁਰਵਿੰਦਰ ਸਿੰਘ, ਚੇਅਰਮੈਨ, ਜਿਲ੍ਹਾਂ ਯੋਜਨਾ ਬੋਰਡ ਤਰਨਤਾਰਨ, ਸ. ਰਜਿੰਦਰ ਸਿੰਘ ਉਸਮਾਂ, ਚੇਅਰਮੈਨ, ਇੰਪਰੂਵਮੈਂਟ ਟਰੱਸਟ ਤਰਨਤਾਰਨ, ਸ. ਗੁਰਦੀਪ ਸਿੰਘ, ਇੰਜੀਨਿਅਰ-ਇਨ-ਚੀਫ, ਸ. ਜਤਿੰਦਰ ਸਿੰਘ ਭੰਗੂ ਮੁੱਖ ਇੰਜੀਨਿਅਰ, ਸ. ਗੁਰਿੰਦਰ ਸਿੰਘ ਚੀਮਾ, ਮੁੱਖ ਇੰਜੀਨੀਅਰ, ਸ. ਪਰਮਜੀਤ ਸਿੰਘ, ਚੀਫ਼ ਓਪਰੇਟਿੰਗ ਅਫ਼ਸਰ, ਸ. ਸਵਰਨ ਸਿੰਘ ਡੀ.ਜੀ.ਐਮ. ਮਾਰਕਿਟਿੰਗ ਸਮੇਤ ਸਮੂਹ ਉੱਚ ਅਧਿਕਾਰੀ ਮੌਜੂਦ ਰਹੇ।

# ਕਾਰ ਤੇ ਟਰੈਕਟਰ ਟਰਾਲੀ ਦੀ ਟੱਕਰ, ਸਾਬਕਾ ਸਰਪੰਚ ਵਾਲ-ਵਾਲ ਬਚਿਆ



ਸ਼ਾਹਬਾਦ ਮਾਰਕੰਡਾ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਬਾਬੈਨ ਦੇ ਪਿਪਲੀ ਚੌਕ ਵਿੱਚ ਟਰੈਕਟਰ ਟਰਾਲੀ ਅਤੇ ਮਾਰੂਤੀ ਕਾਰ ਦੀ ਟੱਕਰ ਹੋ ਗਈ। ਇਸ ਹਾਦਸੇ ਵਿੱਚ ਕਾਰ ਡਰਾਈਵਰ ਸਾਬਕਾ ਸਰਪੰਚ ਸੁਰਿੰਦਰ ਸਿੰਘ ਵਾਸੀ ਸੰਗਰੂਰ ਵਾਲ-ਵਾਲ ਬਚ ਗਏ।

ਰਾਹਗੀਰਾਂ ਨੇ ਕਾਰ ਦੇ ਸ਼ੀਸ਼ੇ ਤੋੜ ਕੇ ਸੁਰਿੰਦਰ ਸਿੰਘ ਨੂੰ ਹਾਦਸਾਗ੍ਰਸਤ ਕਾਰ ਵਿੱਚੋਂ ਬਾਹਰ ਕੱਢਿਆ। ਸੰਗਰੂਰ ਦਾ ਸਾਬਕਾ ਸਰਪੰਚ ਆਪਣੀ ਮਾਰੂਤੀ ਕਾਰ ਵਿੱਚ ਪਿਪਲੀ ਤੋਂ ਬਾਬੈਨ ਆ ਰਿਹਾ ਸੀ। ਜਦ ਉਹ ਬਾਬੈਨ ਦੇ ਪਿਪਲੀ ਚੌਕ ਕੋਲ ਪੁੱਜਿਆ ਤਾਂ ਸ਼ਾਹਬਾਦ ਵੱਲੋਂ ਆ ਰਹੇ ਤੇਜ਼ ਰਫਤਾਰ ਟਰੈਕਟਰ ਟਰਾਲੀ ਕਾਰ ਨੂੰ ਟੱਕਰ ਮਾਰੀ। ਇਸ ਨਾਲ ਕਾਰ ਸੜਕ ਦੇ ਕਿਨਾਰੇ ਲੱਗੀ ਗਰਿੱਲ ਵਿੱਚ ਫਸ ਗਈ। ਕਾਰ ਡਰਾਈਵਰ ਸੁਰਿੰਦਰ ਸਿੰਘ ਵੀ ਕਾਰ ਵਿੱਚ ਫਸ ਗਿਆ ਗਿਆ। ਪਿਪਲੀ ਚੌਕ 'ਤੇ ਖੜ੍ਹੇ ਲੋਕਾਂ ਨੇ ਕਾਫੀ ਮੁਸ਼ੱਕਤ ਮਗਰੋਂ ਕਾਰ ਦਾ ਸ਼ੀਸ਼ਾ ਤੋੜ ਕੇ ਉਸ ਨੂੰ ਬਾਹਰ ਕੱਢਿਆ। ਪੁਲੀਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਮ ਚੋਣਾਂ ਦੇ ਮੱਦੇਨਜ਼ਰ ਸਰਕਾਰੀ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ



ਰਤੀਆ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਉਪ ਮੰਡਲ ਮੈਜਿਸਟਰੇਟ ਜਗਦੀਸ਼ ਚੰਦਰ ਨੇ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਵਿੱਚ ਆਗਾਮੀ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਮੀਟਿੰਗ ਕੀਤੀ।

ਉਨ੍ਹਾਂ ਕਿਹਾ ਕਿ ਚੋਣਾਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਲਈ ਹਰ ਤਰ੍ਹਾਂ ਦੀਆਂ ਤਿਆਰੀਆਂ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਵਿੱਚ ਐੱਸਡੀਐੱਮ ਨੇ ਚੋਣ ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਚੋਣ ਕੰਮ ਮੁਕੰਮਲ ਹੋਣ ਤੱਕ ਛੁੱਟੀ ਨਹੀਂ ਲੈਣਗੇ ਅਤੇ ਨਾ ਹੀ ਆਪਣਾ ਹੈੱਡਕੁਆਰਟਰ ਛੱਡਣਗੇ।

ਉਨ੍ਹਾਂ ਕਿਹਾ ਕਿ ਜੇ ਚੋਣ ਸਬੰਧੀ ਡਿਊਟੀ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਪਾਈ ਗਈ ਤਾਂ ਉਸ ਖ਼ਿਲਾਫ਼ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 134 ਤਹਿਤ ਕਾਰਵਾਈ ਕੀਤੀ ਜਾਵੇਗੀ।

ਐੱਸਡੀਐੱਮ ਜਗਦੀਸ਼ ਚੰਦਰ ਨੇ ਚੋਣ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜ਼ਿਲ੍ਹਾ ਚੋਣ ਦਫ਼ਤਰ ਤੋਂ ਵੋਟਿੰਗ ਲਈ ਹਰ ਤਰ੍ਹਾਂ ਦੀ ਚੋਣ ਸਮੱਗਰੀ ਪ੍ਰਾਪਤ ਕਰਨ ਅਤੇ ਪੋਲਿੰਗ ਸਟੇਸ਼ਨ ਵਾਈਜ਼ ਕਿੱਟ ਬੈਗ ਤਿਆਰ ਕਰਨ ਅਤੇ ਰਿਹਰਸਲ ਅਤੇ ਸਾਰੇ ਪੋਲਿੰਗ ਲਈ ਟੈਂਟ, ਕੁਰਸੀਆਂ, ਪਾਣੀ, ਫਰਨੀਚਰ ਆਦਿ ਦਾ ਪ੍ਰਬੰਧ ਕੀਤਾ ਜਾਵੇ।

ਪਾਰਟੀ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਲੋਕ ਸਭਾ ਚੋਣਾਂ ਦੀਆਂ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕਰ ਲਈਆਂ ਜਾਣ। ਸਾਰੇ ਬੂਥਾਂ ਵਿੱਚ ਬਿਜਲੀ, ਪਾਣੀ ਅਤੇ ਰੈਂਪ ਵਰਗੀਆਂ ਬੁਨਿਆਦੀ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਗਠਿਤ ਟੀਮਾਂ ਵੱਲੋਂ ਸਮੇਂ-ਸਮੇਂ 'ਤੇ ਈ.ਵੀ.ਐਮ ਮਸ਼ੀਨਾਂ ਬਾਰੇ ਸਿਖਲਾਈ ਦਿੱਤੀ ਜਾਵੇਗੀ ਸਾਰੇ ਅਧਿਕਾਰੀ ਅਤੇ ਕਰਮਚਾਰੀ ਚੋਣ ਕੈਲੰਡਰ ਅਨੁਸਾਰ ਚੋਣਾਂ ਦੇ ਐਲਾਨ ਤੋਂ ਬਾਅਦ ਸਮਾਂ ਸੀਮਾ ਦੇ ਅੰਦਰ-ਅੰਦਰ ਆਪਣਾ ਕੰਮ ਕਰਨਗੇ ਅਤੇ ਚੋਣਾਂ ਨਾਲ ਸਬੰਧਤ ਸਾਰੇ ਕੰਮਾਂ ਨੂੰ ਸਮੇਂ ਸਿਰ ਅਪਡੇਟ ਕਰਨਗੇ।

ਇਸ ਮੌਕੇ ਤਹਿਸੀਲਦਾਰ ਵਿਜੈ ਕੁਮਾਰ, ਬੀਡੀਪੀਓ ਹਨੀਸ਼ ਕੁਮਾਰ, ਵਿਕਾਸ ਕੁਮਾਰ ਲੰਗਿਆਣ, ਨਗਰਪਾਲਿਕਾ ਸਕੱਤਰ ਪੰਕਜ ਜੂਨ, ਬੀਈਓ ਅਨੀਤਾ ਬਾਈ, ਮਾਰਕੀਟ ਕਮੇਟੀ ਸਕੱਤਰ ਨਰਿੰਦਰ ਕੁੰਡੂ, ਚੋਣ ਕਾਨੂੰਗੋ ਸਤਬੀਰ, ਉਹ ਜ਼ਿਲ੍ਹਾ ਚੋਣ ਦਫ਼ਤਰ ਤੋਂ ਵੋਟਿੰਗ ਲਈ ਹਰ ਤਰ੍ਹਾਂ ਦੀ ਚੋਣ ਸਮੱਗਰੀ ਪ੍ਰਾਪਤ ਕਰਨ ਅਤੇ ਪੋਲਿੰਗ ਸਟੇਸ਼ਨ ਵਾਈਜ਼ ਕਿੱਟ ਬੈਗ ਤਿਆਰ ਕਰਨ ਅਤੇ ਰਿਹਰਸਲ ਅਤੇ ਸਾਰੇ ਪੋਲਿੰਗ ਲਈ ਟੈਂਟ,ਐੱਸਡ.ਓ ਆਂਚਲ ਜੈਨ, ਪਾਣੀ ਅਤੇ ਰੈਂਪ ਵਰਗੀਆਂ ਬੁਨਿਆਦੀ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।ਸਹਾਇਕ ਸਕੱਤਰ ਨਿਸ਼ਾਂਤ ਕੁਮਾਰ, ਜੇਈ ਅਮਨ ਅਤੇ ਗ੍ਰਾਮ ਸਕੱਤਰ, ਪਟਵਾਰੀ ਤੇ ਹੋਰ ਹਾਜ਼ਰ ਸਨ।

# ਆਰੀਆ ਕੰਨਿਆ ਕਾਲਜ ਵਿੱਚ ਪੌਦੇ ਲਾਏ




ਸ਼ਾਹਬਾਦ ਮਾਰਕੰਡਾ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਰੀਆ ਕੰਨਿਆ ਕਾਲਜ ਦੇ ਵਨਸਪਤੀ ਵਿਗਿਆਨ ਵਿਭਾਗ ਤੇ ਰਸਾਇਣ ਵਿਭਾਗ ਵੱਲੋਂ ਤ੍ਰਿਵੈਣੀ ਪੌਦੇ ਲਾਉਣ ਦੀ ਮੁਹਿੰਮ ਚਲਾਈ ਗਈ। ਇਸ ਦਾ ਆਰੰਭ ਕਰਦਿਆਂ ਕਾਲਜ ਪ੍ਰਿੰਸੀਪਲ ਡਾ. ਆਰਤੀ ਤ੍ਰੇਹਨ ਨੇ ਕਿਹਾ ਕਿ ਪੌਦੇ ਸਾਡੇ ਜੀਵਨ ਦਾ ਜ਼ਰੂਰੀ ਅੰਗ ਹਨ। ਧਰਤੀ 'ਤੇ ਬਿਨਾਂ ਪੌਦਿਆਂ ਦੇ ਜੀਵਨ ਸੰਭਵ ਨਹੀਂ।

ਉਨ੍ਹਾਂ ਕਿਹਾ ਕਿ ਸਾਨੂੰ ਪੌਦੇ ਲਾਉਣ ਤੋਂ ਜ਼ਿਆਦਾ ਉਨ੍ਹਾਂ ਨੂੰ ਸੰਭਾਲਣ ਦੀ ਲੋੜ ਹੈ। ਜੇ ਅਸੀਂ ਇਨ੍ਹਾਂ ਦੀ ਸੰਭਾਲ ਨਾ ਕੀਤੀ ਤਾਂ ਵਾਤਾਵਰਨ ਗੰਧਲਾ ਹੋ ਜਾਏਗਾ ਤੇ ਧਰਤੀ 'ਤੇ ਜਿਊਣਾ ਮੁਸ਼ਕਲ ਹੋ ਜਾਏਗਾ।

ਡਾਕਟਰ ਤਰੇਹਨ ਨੇ ਕਿਹਾ ਕਿ ਮਨੁੱਖ ਨੇ ਵਾਤਾਵਰਨ ਨੂੰ ਪਿਛਲੇ ਕੁਝ ਸਾਲਾਂ ਵਿਚ ਹੀ ਬਰਬਾਦ ਕਰ ਕੇ ਰੱਖ ਦਿੱਤਾ ਹੈ।

ਇਸ ਬਰਬਾਦੀ ਲਈ ਜਿੱਥੇ ਧਰਤੀ 'ਤੇ ਵੱਧ ਰਹੀ ਮਨੁੱਖਾਂ ਦੀ ਆਬਾਦੀ ਜ਼ਿੰਮੇਵਾਰ ਹੈ ਉਥੇ ਅੰਨ੍ਹੇਵਾਹ ਵਿਕਾਸ, ਮਨੁੱਖ ਦੀ ਪੈਸਾ ਕਮਾਉਣ ਦੀ ਲਾਲਸਾ ਤੇ ਰੁਚੀਆਂ ਵੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਵਿਦਿਆਰਥਣਾਂ ਨੂੰ ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕ ਕਰਨ ਤੇ ਇਸ ਲਈ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ।

ਤ੍ਰਿਵੈਣੀ ਪੌਦਿਆਂ ਦਾ ਸਾਡੇ ਆਸ ਪਾਸ ਦੇ ਵਾਤਾਵਰਨ ਵਿਚ ਅਹਿਮ ਯੋਗਦਾਨ ਹੈ।

ਇਸ ਮੁਹਿੰਮ ਤਹਿਤ ਕਾਲਜ ਵਿਚ ਨਿੰਮ, ਬੋਹੜ ਤੇ ਪਿੱਪਲ ਦੇ ਪੌਦੇ ਲਾਏ ਗਏ। ਇਸ ਮੌਕੇ ਕੁਸ਼ਾ ਗੁਪਤਾ, ਸ਼ੈਂਕੀ ਸ਼ਰਮਾ, ਪੂਨਮ, ਡਾਕਟਰ ਸਿਮਰਜੀਤ ਕੌਰ, ਸਚਿਨ ਤੇ ਪ੍ਰਿਆ ਸ਼ਰਮਾ ਮੌਜੂਦ ਸਨ।

# ਜਗਦੀਪ ਭਾਰਦਵਾਜ ਰੋਟਰੀ ਕਲੱਬ ਸੁਨਾਮ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ



ਸੁਨਾਮ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ 30 ਸਾਲਾਂ ਤੋਂ ਰੋਟਰੀ ਪਰਿਵਾਰ ਰਾਹੀਂ ਸਮਾਜ ਸੇਵਾ ਕਰ ਰਹੇ ਜਗਦੀਪ ਭਾਰਦਵਾਜ ਸਰਬਸੰਮਤੀ ਨਾਲ ਸਾਲ 2025-2026 ਲਈ ਰੋਟਰੀ ਕਲੱਬ ਸੁਨਾਮ ਦੇ ਪ੍ਰਧਾਨ ਚੁਣੇ ਗਏ।

ਕੈਬਨਿਟ ਮੰਤਰੀ ਅਮਨ ਅਰੋੜਾ, ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ, ਰੋਟਰੀ ਜ਼ਿਲ੍ਹਾ 3090 ਦੇ ਗਵਰਨਰ ਘਨਸ਼ਿਆਮ ਕਾਂਸਲ, ਜ਼ਿਲ੍ਹਾ ਜਨਰਲ ਸਕੱਤਰ ਦਵਿੰਦਰ ਪਾਲ ਰਿੰਪੀ, ਜ਼ਿਲ੍ਹਾ ਕਾਰਜਕਾਰੀ ਸਕੱਤਰ ਐਡਵੋਕੇਟ ਨਵੀਨ ਗਰਗ, ਡਾ: ਵਿਜੇ ਗਰਗ, ਪ੍ਰਿਤਪਾਲ ਹਾਂਡਾ, ਐਮ ਐਲ ਅਰੋੜਾ, ਵਨੀਤ ਗਰਗ,ਪ੍ਰਧਾਨ ਆਰਸੀ ਮੇਨ ਅਨਿਲ ਜੁਨੇਜਾ, ਸੁਮਿਤ ਬੰਦਲਿਸ਼, ਰਾਜੀਵ ਸਿੰਗਲਾ, ਰਾਜੇਸ਼ ਕੁਮਾਰ, ਸ਼੍ਰੀ ਗੋਪਾਲ ਗੁਪਤਾ, ਰਾਕੇਸ਼ ਗੁਪਤਾ, ਰਿਸ਼ੀ ਮਹਿਤਾ, ਪੁਨੀਤ ਮਿੱਤਲ ਪ੍ਰਧਾਨ ਆਰਸੀ ਗ੍ਰੀਨ, ਭਾਰਤ ਭੂਸ਼ਣ ਪ੍ਰਧਾਨ ਆਰਸੀ ਸਿਟੀ, ਡਾ: ਸ਼ਿਵ ਜਿੰਦਲ, ਡਾ ਕ੍ਰਿਸ਼ਨ ਅੱਗਰਵਾਲ ਪ੍ਰਧਾਨ ਆਰਸੀ ਸੰਗਰੂਰ,ਡਾ: ਹਰਦੀਪ ਸਿੰਘ ਬਾਵਾ, ਡਾ: ਰੋਮਿਤ ਗੁਪਤਾ, ਪਰਮੋਦ ਕੁਮਾਰ ਨੀਟੂ, ਰਾਕੇਸ਼ ਸਿੰਗਲਾ, ਰਾਕੇਸ਼ ਜਿੰਦਲ, ਪਰਮੋਦ ਕੁਮਾਰ ਹੋਡਲਾ, ਐਡਵੋਕੇਟ ਰਾਜਨ ਹੋਡਲਾ, ਸ਼੍ਰੀਕ੍ਰਿਸ਼ਨ ਰਾਜੂ, ਕਮਲ ਗਰਗ, ਮੁਕੇਸ਼ ਕਾਂਸਲ, ਡਾ: ਅਮਨਦੀਪ ਸ਼ਾਸਤਰੀ, ਕਮਲਦੀਪ ਚੀਨਾ ਨੇ ਜਗਦੀਪ ਭਾਰਦਵਾਜ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਕਾਰਜਕਾਲ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਵੀਰੇਂਦਰ ਸਿੰਘ ਵੱਲੋਂ ਕਾਂਗਰਸ 'ਚ ਸ਼ਾਮਲ ਹੋਣ ਦਾ ਐਲਾਨ

ਜੀਂਦ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-



ਸਾਬਕਾ ਕੇਂਦਰੀ ਮੰਤਰੀ ਵੀਰੇਂਦਰ ਸਿੰਘ ਨੇ ਅੱਜ ਹਲਕੇ ਦੇ ਕਈ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਨ ਮਗਰੋਂ ਰਾਜੀਵ ਗਾਂਧੀ ਕਾਲਜ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦਾ ਵੱਡਾ ਜਨ ਆਧਾਰ ਅਤੇ ਉਹ ਕਾਂਗਰਸ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਨਾਲ ਲੈ ਕੇ ਆਉਣਗੇ।

ਪੱਤਰਕਾਰਾਂ ਵੱਲੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਦਿੱਤੇ ਗਏ ਅਸਤੀਫੇ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਵੀਰੇਂਦਰ ਸਿੰਘ ਸਿੰਘ ਨੇ ਕਿਹਾ ਕਿ ਚੋਣਾਂ ਨੂੰ ਸਾਹਮਣੇ ਸੱਤਾਧਾਰੀ ਪਾਰਟੀ ਆਪਣਾ ਨਵਾਂ ਰੂਪ ਵਿਖਾਉਣ ਲਈ ਅਜਿਹਾ ਕਰਦੀ ਹੈ। ਉਨ੍ਹਾਂ ਕਿਹਾ ਕਿ ਵੋਟਰ ਤਾਂ ਚੋਣਾਂ ਤੋਂ 6 ਮਹੀਨੇ ਪਹਿਲਾਂ ਹੀ ਮਨ ਬਣਾ ਲੈਂਦਾ ਹੈ ਕਿਰੱਖ ਕੇ ਅਜਿਹੇ ਕਦਮ ਉਠਾਏ ਜਾਂਦੇ ਹਨ। ਵੋਟ ਦੀ ਰਾਜਨੀਤੀ ਵਿੱਚ ਅਕਸਰ ਹੀ ਅਜਿਹਾ ਹੁੰਦਾ ਹੈ।

ਸੱਤਾਧਾਰੀ ਪਾਰਟੀ ਆਪਣਾ ਨਵਾਂ ਰੂਪ ਵਿਖਾਉਣ ਲਈ ਅਜਿਹਾ ਕਰਦੀ ਹੈ। ਉਨ੍ਹਾਂ ਕਿਹਾ ਕਿ ਵੋਟਰ ਤਾਂ ਚੋਣਾਂ ਤੋਂ 6 ਮਹੀਨੇ ਪਹਿਲਾਂ ਹੀ ਮਨ ਬਣਾ ਲੈਂਦਾ ਹੈ ਕਿ ਉਸ ਨੇ ਕਿਸ ਨੂੰ ਵੋਟ ਪਾਉਣੀ ਹੈ।

ਇਸ ਲਈ ਭਾਜਪਾ ਦੇ ਇਸ ਫੇਰਬਦਲ ਤੋਂ ਉਸ ਨੂੰ ਕੋਈ ਵਿਸ਼ੇਸ਼ ਲਾਭ ਨਹੀਂ ਹੋਣ ਵਾਲਾ।ਸੱਤਾਧਾਰੀ ਪਾਰਟੀ ਆਪਣਾ ਨਵਾਂ ਰੂਪ ਵਿਖਾਉਣ ਲਈ ਅਜਿਹਾ ਕਰਦੀ ਹੈ। ਉਨ੍ਹਾਂ ਕਿਹਾ ਕਿ ਵੋਟਰ ਤਾਂ ਚੋਣਾਂ ਤੋਂ 6 ਮਹੀਨੇ ਪਹਿਲਾਂ ਹੀ ਮਨ ਬਣਾ ਲੈਂਦਾ ਹੈ ਕਿ ਇਹ ਫੇਰਬਦਲ ਇੱਕ ਸਾਲ ਪਹਿਲਾਂ ਹੁੰਦਾ ਤਾਂ ਗੱਲ ਕੋਈ ਹੋਰ ਹੋਣੀ ਸੀ।

ਕਾਂਗਰਸ ਵਿੱਚ ਸ਼ਾਮਲ ਹੋਏ ਸੰਸਦ ਮੈਂਬਰ ਬਰਜਿੰਦਰ ਸਿੰਘ ਵੱਲੋਂ ਚੋਣ ਲੜਨ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਵੀਰੇਂਦਰ ਸਿੰਘ ਨੇ ਕਿਹਾ ਕਿ ਉਹ 18 ਮਾਰਚ ਨੂੰ ਉਚਾਨਾ ਆਉਣਗੇ ਤਾਂ ਇਸ ਬਾਰੇ ਫ਼ੈਸਲਾ ਲਿਆ ਜਾਵੇਗਾ ਕਿ ਉਹ ਕਿੱਥੋਂ ਚੋਣ ਲੜਨਗੇ।

ਇਸ ਮੌਕੇ ਸੱਜਣ ਸਿੰਘ, ਹਰਿੰਦਰ, ਡਾਕਟਰ ਰਾਜੇਸ਼, ਸੁਰਿੰਦਰ ਗਰਗ, ਸੱਜਣ ਚੌਧਰੀ, ਦਲਬੀਰ ਅਤੇ ਕੁਲਦੀਪ ਆਦਿ ਹਾਜ਼ਰ ਸਨ।

# ਕਵਿਤਾ ਮੇਰੀ ਰੂਹ ਦੀ ਤ੍ਰਿਪਤੀ ਹੈ

## ਦਿਓਲ ਪਰਮਜੀਤ

ਰੂਬਰੂ



• ਮਲਵਿੰਦਰ
97795-91344

ਕੈਨੇਡਾ ਵਿਚ ਰਹਿੰਦਾ ਪੰਜਾਬੀ ਬੰਦਾ ਇੱਥੋਂ ਦੀ ਭੱਜ-ਦੌੜ 'ਚ ਖਪਤ ਹੁੰਦਾ ਰਹਿੰਦਾ ਹੈ। ਭੱਜ-ਦੌੜ ਉਹ ਇੱਥੋਂ ਦੀ ਜ਼ਿੰਦਗੀ ਦੇ ਪ੍ਰਸੰਸਾਮਈ ਵਰਤਾਰਿਆਂ ਨੂੰ ਆਪਣੇ ਹਾਣ ਦਾ ਬਣਾਉਣ ਲਈ ਕਰਦਾ ਹੈ। ਪਰ ਪੰਜਾਬ 'ਚ ਰਹਿ ਗਿਆ ਬਹੁਤ ਕੁਝ ਉਸ ਨੂੰ ਸੌਖਿਆਂ ਹਜ਼ਮ ਨਹੀਂ ਹੁੰਦਾ। ਉਹ ਉੱਥੇ ਰਹਿ ਗਿਆ ਉਸ ਦੀ ਮਾਨਸਿਕਤਾ ਦਾ ਹਾਣੀ ਸੀ। ਇਥੇ ਮਾਨਸਿਕਤਾ ਬਦਲਦੀ ਹੈ। ਕਰੰਸੀ ਜਰਬ ਤਕਸੀਮ ਹੁੰਦੀ ਹੈ। ਰਿਸ਼ਤਿਆਂ ਦੀ ਲੋੜ ਪੈਦਾ ਹੁੰਦੀ ਹੈ। ਨਵੇਂ ਰਿਸ਼ਤੇ ਸ਼ਬਦ-ਸਾਂਝ 'ਚੋਂ ਨਿਕਲਦੇ ਹਨ। ਇਥੇ ਟੋਰਾਂਟੋ ਅਤੇ ਗਵਾਂਢ ਵੱਸੇ ਸ਼ਹਿਰ ਬਰੈਂਪਟਨ, ਮਿਸੀਸਾਗਾ ਆਦਿ ਵਿਚ ਰੇਡੀਓ ਸਟੇਸ਼ਨ ਹਨ, ਟੀ.ਵੀ. ਚੈਨਲ ਹਨ, ਅਖ਼ਬਾਰਾਂ ਹਨ, ਸਾਹਿਤ ਸਭਾਵਾਂ ਹਨ। ਕਵਿਤਾਵਾਂ ਸੰਗ ਸੰਵਾਦ ਹੁੰਦਾ ਹੈ। ਬੰਦਾ ਭੱਜ-ਦੌੜ ਤੋਂ ਦੂਰ ਆਪਣੇ ਆਪ ਕੋਲ ਪਰਤਦਾ ਹੈ। ਰੇਡੀਓ, ਟੀ.ਵੀ. ਤੇ ਲੋਕਾਂ ਦੇ ਰੂਬਰੂ ਹੁੰਦਾ ਹੈ। ਸਾਹਿਤ-ਸਭਾਵਾਂ ਵਿਚ ਕਵਿਤਾਵਾਂ ਪੜ੍ਹਦਾ ਹੈ।

ਅਖ਼ਬਾਰਾਂ ਵਿਚ ਆਪਣੀਆਂ ਤਸਵੀਰਾਂ ਵੇਖਦਾ ਹੈ, ਖ਼ਬਰਾਂ 'ਚ ਆਪਣਾ ਨਾਂ ਪੜ੍ਹਦਾ ਹੈ। ਇਨ੍ਹਾਂ ਸਾਰੀਆਂ ਸਰਗਰਮੀਆਂ ਵਿਚ ਜਿਹੜੇ ਲੋਕ ਮੋਹਰੀ ਭੂਮਿਕਾ ਨਿਭਾਉਂਦੇ ਹਨ, ਉਨ੍ਹਾਂ 'ਚ ਇਕ ਨਾਂ ਹੈ ਦਿਓਲ ਪਰਮਜੀਤ। ਪਰਮਜੀਤ ਕਵਿਤਰੀ ਹੈ, ਤਿੰਨ ਕਿਤਾਬਾਂ ਛਪ ਚੁੱਕੀਆਂ ਹਨ। ਨਾਟਕਾਂ 'ਚ ਅਦਾਕਾਰੀ ਕਰਦੀ ਹੈ। ਚੈਨਲਾਂ 'ਤੇ ਲੇਖਕਾਂ, ਕਲਾਕਾਰਾਂ, ਕਵੀਆਂ ਨਾਲ ਸੰਵਾਦ ਰਚਾਉਂਦੀ ਹੈ। ਬਹੁਤ ਸਾਰੇ ਰੁਝੇਵਿਆਂ ਦੇ ਬਾਵਜੂਦ ਕਵਿਤਾ ਹਰ ਵੇਲੇ ਉਸਦੇ ਅੰਗ-ਸੰਗ ਰਹਿੰਦੀ ਹੈ। ਉਸ ਨੂੰ ਆਪਣੀ ਬਹੁਤ ਸਾਰੀ ਕਵਿਤਾ ਜ਼ਬਾਨੀ ਯਾਦ ਹੈ। ਆਪਣੀ ਕਵਿਤਾ ਬਾਰੇ, ਆਪਣੇ ਬਾਰੇ ਗੱਲਾਂ ਕਰਦਿਆਂ ਉਹ ਸੰਖੇਪ ਰਹਿੰਦੀ ਹੈ। ਕਵਿਤਾ ਲਿਖਦਿਆਂ ਵੀ ਵਾਧੂ ਸ਼ਬਦਾਂ ਦਾ ਖਿਲਾਰਾ ਨਹੀਂ ਪਾਉਂਦੀ। ਲੰਮੀਆਂ ਵਾਟਾਂ ਦੀ ਪਾਂਧੀ ਉਸ ਹੌਸਲੇ ਵਾਲੀ ਕੁੜੀ ਨਾਲ ਕੀਤੀਆਂ ਗੱਲਾਂ ਨੂੰ ਤੁਸੀਂ ਵੀ ਪੜ੍ਹੋ :

**• ਤੁਹਾਡੀ ਕਾਲਜ ਵੇਲੇ ਦੀ ਸਟੇਜ ਤੋਂ ਕਵਿਤਾ ਪੜ੍ਹਦਿਆਂ ਦੀ ਇਕ ਫੋਟੋ ਵੇਖੀ ਸੀ। ਕਵਿਤਾ ਨਾਲ ਪੁਰਾਣਾ ਰਿਸ਼ਤਾ ਲੱਗਦਾ ਹੈ?**

ਹਾਂ, ਮਲਵਿੰਦਰ ਜੀ ਸਕੂਲ ਟਾਈਮ ਤੋਂ ਹੀ ਕਵਿਤਾ ਨਾਲ ਮੇਰਾ ਰਿਸ਼ਤਾ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਹ ਕਾਵਿ-ਅੰਸ਼ ਮੇਰੇ ਮਾਂ-ਪਿਉ ਵੱਲੋਂ ਹੀ ਮੇਰੇ ਕੋਲ ਆਏ ਹਨ। ਮੇਰੀ ਮਾਂ ਦੀਆਂ ਜ਼ੁਬਾਨੀ ਜੋੜੀਆਂ ਤੁਕਾਂ ਜੋ ਅੱਜ ਵੀ ਉਸ ਨੂੰ ਯਾਦ ਨੇ, ਸੁਣਾਉਂਦੀ ਰਹਿੰਦੀ ਹੈ ਤੇ ਬਾਪ ਦੀ ਕਵਿਤਾ ਵਾਲੀ ਕਾਪੀ ਮੈਂ ਚੋਰੀ ਪੜ੍ਹਦੀ ਰਹਿੰਦੀ ਸੀ, ਜੋ ਉਨ੍ਹਾਂ ਫ਼ੌਜ ਵਿਚ ਰਹਿੰਦਿਆਂ ਲਿਖੀਆਂ ਸਨ।

**• ਆਪਣੇ ਬਚਪਨ ਅਤੇ ਮੁੱਢਲੀ ਪੜ੍ਹਾਈ ਬਾਰੇ ਦੱਸੋ?**

ਮੇਰਾ ਜਨਮ ਫ਼ਿਰੋਜ਼ਪੁਰ ਕੈਂਟ ਵਿਚ ਹੋਇਆ। ਮੇਰਾ ਜੱਦੀ ਪਿੰਡ ਟਾਹਲੀ ਜਲੰਧਰ ਜ਼ਿਲ੍ਹੇ ਵਿਚ ਪੈਂਦਾ। ਬਚਪਨ ਪਿੰਡ ਵਿਚ ਬੀਤਿਆ। ਬਚਪਨ ਦੇ ਤਿੰਨ ਸਾਲ ਬਿਹਾਰ ਵਿਚ ਵੀ ਬੀਤੇ। ਪਿੰਡ ਟਾਹਲੀ ਵਿਚ ਹੀ ਮੇਰੀ ਮੁੱਢਲੀ ਪੜ੍ਹਾਈ ਹੋਈ ਤੇ ਹਾਇਰ ਸੈਕੰਡਰੀ ਨਾਲ ਲੱਗਦੇ ਪਿੰਡ ਸ਼ੰਕਰ ਵਿੱਚੋਂ ਤੇ ਉਚੇਰੀ ਪੜ੍ਹਾਈ ਲਈ ਅਸੀਂ ਪਿੰਡ ਛੱਡ ਨਕੋਦਰ ਸ਼ਿਫਟ ਹੋ ਗਏ ਸੀ।

**• ਇਹ ਅਹਿਸਾਸ ਕਦੋਂ ਤੇ ਕਿਵੇਂ ਹੋਇਆ ਕਿ ਮੈਂ ਕਵਿਤਾ ਲਿਖ ਸਕਦੀ ਹਾਂ?**

ਜਦੋਂ ਗੀਤ ਕਵਿਤਾਵਾਂ ਨੂੰ ਵਰਕਿਆਂ 'ਤੇ ਉਤਾਰਨ ਲੱਗੀ ਤਾਂ ਓਦੋਂ ਮੇਰੇ ਕੋਲ ਪਿਆਰ ਸ਼ਿਆਰ ਦੀਆਂ ਕਵਿਤਾਵਾਂ ਨਹੀਂ ਸਨ। ਮੇਰੇ ਕੋਲ ਤਾਂ ਰੱਬ ਨੂੰ ਰੋਸੇ ਹੀ ਰੋਸੇ ਸਨ। ਜਦੋਂ ਮੈਂ ਉਚੇਰੀ ਪੜ੍ਹਾਈ ਲਈ ਗੁਰੂ ਨਾਨਕ ਨੈਸ਼ਨਲ ਕਾਲਜ ਵਿਚ ਦਾਖ਼ਲ ਹੋਈ ਤਾਂ ਮੇਰੀਆਂ ਲਿਖਤਾਂ ਕਾਲਜ ਮੈਗਜ਼ੀਨ ਵਿਚ ਛਪਣ ਲੱਗ ਪਈਆਂ। ਉਸ ਵਕਤ ਕਾਵਿ-ਗੀਤ ਜ਼ਿਆਦਾ ਲਿਖੇ। ਓਦੋਂ ਦੇ ਲਿਖੇ ਕਾਵਿ-ਗੀਤਾਂ ਦੀ ਕਾਪੀ ਮੈਂ ਅੱਜ ਵੀ ਸਾਂਭੀ ਹੋਈ ਹੈ।

**• ਕਵਿਤਾ ਤੋਂ ਬਿਨਾਂ ਕਿਸੇ ਹੋਰ ਵਿਧਾ ਵਿਚ ਵੀ ਲਿਖਿਆ?**

ਹਾਂ, ਮੈਂ ਕਵਿਤਾ ਤੋਂ ਬਿਨਾਂ ਕਹਾਣੀਆਂ ਤੇ ਨਿਬੰਧ ਲਿਖੇ ਹਨ। ਪਰ ਕਿਤਾਬੀ ਰੂਪ 'ਚ ਸਿਰਫ਼ ਕਵਿਤਾ ਹੀ ਛਪੀ ਹੈ। ਅੱਜ ਵੀ ਨਿਰੰਤਰ ਲਿਖ ਰਹੀ ਹਾਂ।

**• 'ਮੈਂ ਇਕ ਰਿਸ਼ਮ ਹਾਂ' ਬੜਾ ਪਿਆਰਾ ਅਹਿਸਾਸ ਹੈ। ਇਸ ਅਹਿਸਾਸ ਦਾ ਸਬੱਬ ਕਿਵੇਂ ਬਣਿਆ?**

ਇਥੇ ਰਿਸ਼ਮ ਉਸ ਔਰਤ ਦਾ ਬਿੰਬ ਹੈ, ਜੋ ਜ਼ਿੰਦਗੀ ਦੀਆਂ ਮੁਸ਼ਕਲਾਂ, ਸਮਾਜਿਕ ਦੁਸ਼ਵਾਰੀਆਂ ਤੇ ਆਲੇ-ਦੁਆਲੇ ਮਨੁੱਖੀ ਕੋਹਜ਼ ਨਾਲ ਲੜਦਿਆਂ ਜ਼ਿੰਦਗੀ ਦੇ ਮੱਥੇ ਦਾ ਸੂਹਾ ਸੂਰਜ ਬਣਦੀ ਹੈ। ਰਿਸ਼ਮ ਦੇ ਅਨੁਭਵ 'ਚੋਂ ਗੁਜ਼ਰਦਿਆਂ, ਮੇਰੀ ਸੰਵੇਦਨਾ ਨੇ ਵਿਸਮਾਦ ਅਤੇ ਬੋਧ ਬਿਰਤੀ ਨਾਲ ਜੁੜ ਕੇ ਮਨ ਵਿਚ ਇਕ ਅਜੀਬ ਤਰ੍ਹਾਂ ਦੀ ਕਾਵਿ-ਤੜਪ ਪੈਦਾ ਕੀਤੀ ਹੈ। ਸ਼ਬਦਾਂ ਨੂੰ ਅਹਿਸਾਸ ਦੀ ਜਾਗ ਲਾ ਕੇ ਚੇਤਨਾ ਦੇ ਪਾਰਦਰਸ਼ੀ ਸ਼ੀਸ਼ੇ 'ਚੋਂ ਲੰਘਾਉਣ ਦਾ ਯਤਨ ਕੀਤਾ ਹੈ ਮੈਂ ਇਸ ਪੁਸਤਕ ਵਿਚ :

*ਢਲਦੇ ਸੂਰਜ ਨੂੰ ਸਿਰ ਨਿਵਾਇਆ*
*ਉਸ ਚੜ੍ਹਦੇ ਸੂਰਜ ਵਰਗੀ*
*ਅਸੀਸ ਦਿੱਤੀ*
*ਕੰਬਦੇ ਹੱਥਾਂ ਨਾਲ ਸਿਰ*
*ਪਲੋਸਿਆ ਤੇ ਕਿਹਾ*
*'ਬੁਝਣ ਲਈ ਵੀ ਪਹਿਲਾਂ*
*ਮਘਣਾ ਪੈਂਦਾ'*

**• ਇਸ ਪੁਸਤਕ ਵਿਚਲੀਆਂ ਛੋਟੀਆਂ-ਛੋਟੀਆਂ ਕਵਿਤਾਵਾਂ ਵਿਚ ਵਿਚਾਰ ਬੜੀ ਪੁਖ਼ਤਗੀ ਨਾਲ ਪੇਸ਼ ਹੋਏ ਹਨ। ਇਨ੍ਹਾਂ ਕਵਿਤਾਵਾਂ ਦੇ ਸਿਰਜਣ ਅਨੁਭਵ ਸਾਂਝੇ ਕਰੋ?**

'ਮੈਂ ਇਕ ਰਿਸ਼ਮ ਹਾਂ' ਦਾ ਅਨੁਭਵ ਬਾਕੀ ਕਵਿਤਾਵਾਂ ਨਾਲੋਂ ਵੱਖਰਾ ਹੀ ਰਿਹਾ। ਤੁਹਾਡੇ ਬਿਨਾਂ ਹੋਰਨਾਂ ਨੇ ਵੀ ਪੁੱਛਿਆ। ਬਸ ਮੁਸਕਰਾ ਛੱਡਿਆ। ਇਹ ਸੋਚ ਕੇ ਕਿ ਮੁਹੱਬਤ ਨੂੰ ਬਿਆਨ ਕਿਵੇਂ ਕਰਾਂ? ਉਹ ਮੁਹੱਬਤ ਜੋ ਕਿਸੇ ਚੀਜ਼, ਵਸਤੂ, ਜਗ੍ਹਾ ਜਾਂ ਤਸਵੀਰਾਂ ਨਾਲ ਹੋ ਸਕਦੀ ਹੈ। ਬਸ ਇਹ ਮੁਹੱਬਤ ਤਸਵੀਰਾਂ ਨਾਲ ਹੀ ਹੋਈ ਤੇ ਤਸਵੀਰਾਂ ਦੇ ਨਕਸ਼ ਨਿਹਾਰਨ ਲੱਗੀ, ਉਨ੍ਹਾਂ ਨਾਲ ਗੱਲਾਂ ਕਰਨ ਲੱਗੀ। ਉਨ੍ਹਾਂ ਨਾਲ ਕੀਤੀ ਗੁਫ਼ਤਗੂ ਦਾ ਨਾਂ ਹੈ, 'ਮੈਂ ਇਕ ਰਿਸ਼ਮ' ਰਿਸ਼ਮ ਕੋਲ ਹਨੇਰਿਆਂ ਨਾਲ ਲੜਨ ਦੀ ਤਾਕਤ ਹੁੰਦੀ ਹੈ। ਇਸ ਲੜਾਈ ਵਿਚ ਕਈ ਮਿੱਠੇ ਖੱਟੇ ਅਹਿਸਾਸ ਵੀ ਹੁੰਦੇ ਹਨ। ਮੇਰੀ ਇਹ ਰਿਸ਼ਮ ਧੰਤੂਰੇ ਦੇ ਫੁੱਲਾਂ 'ਚੋਂ ਮਹਿਕ ਅਤੇ ਖ਼ੂਬਸੂਰਤੀ ਦੀ ਤਲਾਸ਼ ਹੈ :

*ਬੂਹੇ ਆਪਣੇ ਆਪ ਨਹੀਂ ਖੁੱਲ੍ਹਦੇ*
*ਦਸਤਕ ਦੀ ਉਡੀਕ ਕਰਦੇ*
*ਜਾਂ ਫਿਰ ਅਲਖ਼ ਜਗਾਉਣੀ ਪੈਂਦੀ*

**• ਬਿਰਹਾ ਕੱਤਣ ਦਾ ਸ਼ੌਕ ਕਦੋਂ ਜਾਗਿਆ?**

ਮੁਸਕਰਾ ਕੇ , ਬਿਰਹਾ ਕਿਹੜਾ ਸੌਖਿਆਂ ਕੱਤਿਆ ਜਾਂਦਾ। ਰੀਝਾਂ ਦੀ ਬੋਲੀ ਲਾਈ ਜਾਂਦੀ, ਚਾਵਾਂ ਨੂੰ ਗਹਿਣੇ ਧਰਿਆ ਜਾਂਦਾ। ਬਸ ਕੱਤ ਲਿਆ ਖ਼ੁਸ਼ੀ-ਖ਼ੁਸ਼ੀ, ਹੱਸਦੇ ਹੱਸਦੇ। ਇਹ ਕਵਿਤਾ ਰੂਪੀ ਕੱਤਣਾ ਮੈਨੂੰ ਚੰਗਾ ਲੱਗਦਾ :

*ਲਾਹ ਲਾਹ ਗਲੋਟੇ ਪੱਛੀ ਧਰ ਲੈ*
*ਗੁੱਛੇ ਕਰਕੇ ਸੰਦੂਕੀਂ ਭਰ ਲੈ*
*ਹੁਣ ਆਵੇ ਨਾ ਸੰਦੂਕੜੀ ਨੂੰ ਸਾਹ*
*ਨੀ ਤੂੰ ਕੱਤ ਬਿਰਹਾ, ਤੈਨੂੰ ਬਿਰਹਾ ਕੱਤਣ*
*ਦਾ ਚਾਅ।*

**• 'ਮੈਂ ਇਕ ਰਿਸ਼ਮ' ਵਿਚਲੀਆਂ ਖੁੱਲ੍ਹੀਆਂ ਕਵਿਤਾਵਾਂ ਤੋਂ ਬਾਅਦ, 'ਤੂੰ ਕੱਤ ਬਿਰਹਾ' ਵਿਚ ਛੰਦਬੰਦੀ ਵੱਲ ਝੁਕਾਅ ਕਿੰਝ ਹੋ ਗਿਆ?**

ਕਵਿਤਾ ਆਵੇਸ਼ ਹੈ। ਇਸ ਵਿਚਲੇ ਵਿਚਾਰ ਕਦੀ ਛੰਦ-ਮੁਕਤ ਹੋ ਕੇ ਖੁੱਲ੍ਹੇ ਅੰਬਰੀਂ ਉਡਾਣ ਭਰਦੇ ਹਨ ਤੇ ਕਦੀ ਛੰਦ ਦੀ ਸਹਿਜ ਲੈਆਤਮਕਤਾ 'ਚ ਢਲ ਜਾਂਦੇ ਹਨ। ਗੱਲ ਤਾਂ ਵਿਚਾਰ ਦੀ ਹੈ। ਜੇ ਵਿਚਾਰ ਗ਼ੈਰਹਾਜ਼ਰ ਹੈ ਤਾਂ ਛੰਦਬੰਦੀ ਵੀ ਤੁਕਬੰਦੀ ਤੋਂ ਵੱਧ ਕੁਝ ਨਹੀਂ ਹੁੰਦੀ। ਹਰ ਵਿਧਾ ਦੀ ਕਵਿਤਾ ਦਾ ਆਪਣਾ-ਆਪਣਾ ਪ੍ਰਭਾਵ ਹੁੰਦਾ ਹੈ। ਪਾਠਕ ਕਵਿਤਾ ਦੇ ਹਰ ਰੂਪ ਨੂੰ ਵੱਖੋ-ਵੱਖਰੇ ਅੰਦਾਜ਼ ਵਿਚ ਮਾਣਦਾ ਹੈ। ਇਸ ਲਈ ਛੰਦ-ਬੰਦ ਜਾਂ ਛੰਦ-ਮੁਕਤ ਕਵਿਤਾ, ਖ਼ਿਆਲ, ਅਹਿਸਾਸ, ਅਨੁਭਵ ਅਤੇ ਮਨੁੱਖੀ ਸਰੋਕਾਰਾਂ ਨਾਲ ਸੰਵਾਦ ਰਚਾਉਂਦੀ ਹੈ। ਹਰ ਵਿਧਾ ਪਾਠਕ ਦੀ ਸੋਚ ਦਾ ਹਿੱਸਾ ਬਣ ਜਾਂਦੀ ਹੈ।

**• ਕੈਨੇਡਾ ਵਿਚ ਆ ਕੇ ਕਵਿਤਾ ਦਾ ਮੁਹਾਂਦਰਾ ਬਦਲਿਆ ਕਿ ਨਹੀਂ?**

ਜਦੋਂ ਇਕ ਸਮਾਜਿਕ ਮਾਹੌਲ ਤੋਂ ਦੂਜੇ ਸਮਾਜਿਕ ਮਾਹੌਲ ਵਿਚ ਵਿਚਰਦੇ ਹਾਂ ਤਾਂ ਤੁਹਾਡੀ ਕਾਵਿ-ਉਡਾਨ ਦਾ ਅੰਬਰ ਫੈਲਦਾ ਹੈ। ਅਜਿਹਾ ਮੇਰੀ ਕਵਿਤਾ ਨਾਲ ਵੀ ਹੋਇਆ।

**• ਕੈਨੇਡਾ ਦੀ ਜ਼ਿੰਦਗੀ ਵਿਚ ਸੰਘਰਸ਼ ਬੜਾ ਹੈ। ਇਥੇ ਰਹਿਕੇ ਕਵਿਤਾ ਨਾਲ ਜੁੜੇ ਰਹਿਣਾ ਵੱਡੀ ਗੱਲ ਹੈ। ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?**

ਜਦੋਂ ਕਵੀ ਤੇ ਕਵਿਤਾ ਇਕਮਿਕ ਹੁੰਦੇ ਹਨ, ਕਵਿਤਾ ਕਵੀ ਤੋਂ ਕਦੀ ਦੂਰ ਨਹੀਂ ਜਾਂਦੀ। ਤੁਸੀਂ ਘਰ, ਕੰਮ, ਜਾਂ ਪਰਿਵਾਰਕ ਰੁਝੇਵਿਆਂ ਵਿਚ ਵਿਚਰਦੇ ਵੀ ਕਵਿਤਾ ਜਿਉਂਦੇ ਹੋ, ਜੋ ਹਰਫ਼ਾਂ ਦਾ ਰੂਪ ਧਾਰ ਕੇ ਵਰਕਿਆਂ 'ਤੇ ਫੈਲਦੀ ਰਹਿੰਦੀ ਹੈ। ਸਿਰਫ਼ ਲੋੜ ਇਹ ਹੈ ਕਿ ਕਵਿਤਾ ਨੂੰ ਆਪਣੇ ਤੋਂ ਦੂਰ ਨਾ ਜਾਣ ਦੇਵੋ।

**• ਇਥੇ ਕੈਨੇਡਾ ਵਿਚ ਔਰਤ ਨੂੰ ਕਾਫ਼ੀ ਆਜ਼ਾਦੀ ਹੈ। ਕਾਨੂੰਨ ਵੀ ਔਰਤ ਦੀ ਮਦਦ ਕਰਦਾ ਹੈ। ਇਸ ਆਜ਼ਾਦੀ ਦਾ ਪਰਿਵਾਰਾਂ ਉੱਪਰ ਮਾੜਾ ਪ੍ਰਭਾਵ ਵੀ ਪੈਂਦਾ ਹੈ? ਥੋੜਾ ਵਿਸਥਾਰ 'ਚ ਦੱਸੋ।**

ਪਹਿਲੀ ਗੱਲ ਕਿ ਕੈਨੇਡਾ ਵਰਗੇ ਦੇਸ਼ ਵਿਚ ਆਜ਼ਾਦੀ ਮੂਲ ਰੂਪ ਵਿਚ ਇਕੱਲੀ ਔਰਤ ਨੂੰ ਨਹੀਂ ਸਗੋਂ ਸਮੁੱਚੇ ਹਰ ਇਕ ਮਨੁੱਖ ਨੂੰ ਹੈ। ਜਦੋਂ ਪਰਿਵਾਰਾਂ ਵਿਚ ਵਿਚਾਰਾਂ ਦਾ ਮੱਤਭੇਦ ਜਾਂ ਆਪਸੀ ਤਣਾਉ ਪੈਦਾ ਹੁੰਦਾ ਹੈ ਤਾਂ ਉੱਥੇ ਗੰਭੀਰ ਸਥਿਤੀਆਂ ਪੈਦਾ ਹੁੰਦੀਆਂ ਹਨ। ਜਦੋਂ ਸੁਸਾਇਟੀ ਵਿਚ ਰਹਿੰਦੀ ਔਰਤ ਸਮਾਜਿਕ ਕਦਰਾਂ ਕੀਮਤਾਂ ਤੋਂ ਦੂਰ ਹੁੰਦੀ ਹੈ ਤਾਂ ਉੱਥੇ ਉਲਝਣ ਪੈਦਾ ਹੁੰਦੀ ਹੈ। ਸੁਸਾਇਟੀ ਵਿਚ ਰਹਿੰਦਿਆਂ ਨਿੱਜੀ ਆਜ਼ਾਦੀ ਨੂੰ ਮਾਣਨਾ ਹੁੰਦਾ ਹੈ। ਜਦੋਂ ਆਜ਼ਾਦੀ ਕਦਰਾਂ ਕੀਮਤਾਂ ਤੋੜਨ ਲਈ ਵਰਤਦੇ ਹਾਂ ਤਾਂ ਇਹ ਰਿਸ਼ਤਿਆਂ ਵਿਚ ਪੈਦਾ ਹੁੰਦੀਆਂ ਉਲਝਣਾਂ ਦਾ ਕਾਰਨ ਬਣਦੇ ਹਨ। ਲੋੜ ਹੈ ਕਿ ਦਾਇਰਿਆਂ ਵਿਚ ਰਹਿਕੇ ਹੀ ਆਜ਼ਾਦੀ ਨੂੰ ਮਾਣਿਆ ਜਾਵੇ। ਉਹ ਔਰਤ ਹੀ ਆਜ਼ਾਦੀ ਨੂੰ ਗ਼ਲਤ ਤਰੀਕੇ ਨਾਲ ਵਰਤਦੀਆਂ ਨੇ ਜਿਨ੍ਹਾਂ ਨੂੰ ਆਜ਼ਾਦੀ ਦੇ ਬਹੁ-ਮੰਤਵੀ ਤੇ ਉਸਾਰੂ ਪ੍ਰਭਾਵਾਂ ਦੀ ਕੋਈ ਚੇਤਨਾ ਨਹੀਂ ਹੁੰਦੀ।

**• ਜਿਵੇਂ ਆਪਾਂ ਔਰਤ ਬਾਰੇ ਗੱਲ ਕੀਤੀ ਹੈ, ਬੱਚਿਆਂ ਨੂੰ ਵੀ ਬਹੁਤ ਖੁੱਲ੍ਹ ਹੈ। ਇਸ ਖੁੱਲ੍ਹ ਦੇ ਮਾੜੇ ਪ੍ਰਭਾਵ ਕੀ ਹਨ?**

ਜਦੋਂ ਬੱਚੇ ਆਪਣੇ ਕਰੀਅਰ ਬਾਰੇ ਨਹੀਂ ਸੋਚਦੇ, ਜਦੋਂ ਇਹ ਸੋਚਦੇ ਨੇ ਕਿ ਪੱਛਮੀ ਮਾਹੌਲ ਸਿਰਫ਼ ਐਸ਼ਪ੍ਰਸਤੀ ਦਾ ਹੀ ਨਾਂ ਹੈ, ਇਹ ਮਾੜੇ ਪ੍ਰਭਾਵ ਹਨ। ਜਿਹੜੇ ਬੱਚੇ ਵਧੀਆ ਮਾਹੌਲ 'ਚ ਪਲਦੇ ਨੇ, ਉਹ ਆਜ਼ਾਦੀ ਨੂੰ ਬਹੁਪੱਖੀ ਵਿਅਕਤਿਤਵ ਦੀ ਉਸਾਰੀ ਲਈ ਵਰਤਦੇ ਹਨ। ਬਹੁਤ ਸਾਰਾ ਕੁਝ ਪਰਿਵਾਰਕ ਮਾਹੌਲ 'ਤੇ ਨਿਰਭਰ ਕਰਦਾ ਹੈ। ਪਰਿਵਾਰਕ ਰਿਸ਼ਤਿਆਂ ਦੀ ਕਦਰ ਕਰਨੀ ਵੀ ਬੱਚਾ ਘਰ ਵਿੱਚੋਂ ਹੀ ਸਿੱਖਦਾ ਹੈ।

**• ਡਰਗਜ਼ ਇਥੇ ਕੈਨੇਡਾ ਵਿਚ ਵੀ ਇਕ ਵੱਡੀ ਚੁਣੌਤੀ ਹੈ। ਇਸ ਲਈ ਜ਼ਿੰਮੇਵਾਰ ਕੌਣ ਲੋਕ ਨੇ?**

ਜਿਹੜੇ ਲੋਕ ਰਾਤੋ-ਰਾਤ ਅਮੀਰ ਹੋਣਾ ਚਾਹੁੰਦੇ ਹਨ, ਪੈਸਾ ਜਲਦੀ ਕਮਾਉਣ ਦੀ ਲਾਲਸਾ ਰੱਖਣ ਵਾਲੇ ਲੋਕ ਡਰਗਜ਼ ਦਾ ਧੰਦਾ ਕਰਦੇ ਹਨ। ਇਹ ਲੋਕ ਮੁਸ਼ਕਲਾਂ ਨੂੰ ਫੇਸ ਕਰਨ ਤੋਂ ਭੱਜਦੇ ਹਨ। ਮਾਨਸਿਕ ਸੋਚ ਇਹੀ ਹੈ ਕਿ ਸੌਖੇ ਤਰੀਕੇ ਨਾਲ ਪੈਸਾ ਕਮਾਇਆ ਜਾਵੇ।

**• ਕਿਨ੍ਹਾਂ ਗੱਲਾਂ ਕਰਕੇ ਕੈਨੇਡਾ ਭਾਰਤ ਤੋਂ ਬਿਹਤਰ ਹੈ?**

ਕੈਨੇਡਾ ਵਿਚ ਕਾਨੂੰਨ ਦਾ ਰਾਜ ਹੈ। ਕਾਨੂੰਨ ਤੋਂ ਉੱਪਰ ਕੁਝ ਵੀ ਨਹੀਂ। ਸਿੱਖਿਆ, ਸਿਹਤ, ਸਮਾਜਿਕ ਸੁਵਿਧਾਵਾਂ ਸਾਰਿਆਂ ਦੀ ਬਿਹਤਰੀ ਲਈ ਹੁੰਦੀਆਂ ਨੇ ਤੇ ਸਾਰਿਆਂ ਨੂੰ ਇਕਸਾਰ ਉਪਲੱਬਧ ਨੇ। ਹਰ ਇਕ ਨੂੰ ਆਪਣੇ ਕਿੱਤੇ ਵਿਚ ਮੁਹਾਰਤ ਹਾਸਲ ਕਰਨ, ਨੌਕਰੀ ਲੈਣ, ਉਚੇਰੀਆਂ ਬੁਲੰਦੀਆਂ ਪ੍ਰਾਪਤ ਕਰਨ ਦੇ ਮੌਕੇ ਮਿਲਦੇ ਹਨ।

**• ਤੁਸੀਂ ਨਾਟਕਾਂ ਵਿਚ ਵੀ ਕੰਮ ਕਰਦੇ ਹੋ। ਇਹ ਸ਼ੌਕ ਕਦੋਂ ਪਿਆ?**

ਕਾਲਜ ਦੇ ਦਿਨਾਂ ਤੋਂ ਹੀ ਮੈਂ ਸੱਭਿਆਚਾਰਕ ਗਤੀਵਿਧੀਆਂ ਨਾਲ ਜੁੜੀ ਰਹੀ ਹਾਂ। ਇਹ ਸ਼ੌਕ ਹੀ ਮੇਰੀ ਐਕਟਿੰਗ ਦਾ ਸਬੱਬ ਬਣਿਆ।

**• ਤੁਹਾਡੇ ਬੱਚੇ ਵੀ ਸਾਹਿਤ ਵਿਚ ਰੁਚੀ ਰੱਖਦੇ ਹਨ?**

ਮੇਰੇ ਤਿੰਨੋਂ ਬੱਚੇ ਨਾਟਕਾਂ ਵਿਚ ਅਦਾਕਾਰੀ ਕਰਦੇ ਹਨ ਅਤੇ ਸਾਹਿਤ ਦੀ ਰਚਨਾਕਾਰੀ ਵਿਚ ਵੀ ਮੁਹਾਰਤ ਰੱਖਦੇ ਹਨ।

**• ਹੁਣੇ ਜਿਹੇ ਚਰਚਾ 'ਚ ਆਈ ਇਕ ਫਿਲਮ ਵਿਚ ਤੁਹਾਡੀ ਬੇਟੀ ਦਾ ਵੀ ਰੋਲ ਹੈ। ਉਸ ਫਿਲਮ ਅਤੇ ਰੋਲ ਬਾਰੇ ਦੱਸੋ?**

ਮੇਰੀ ਬੇਟੀ ਨੇ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਤੇ ਨਵਤੇਜ ਸੰਧੂ ਦੀ ਨਿਰਦੇਸ਼ਨਾ ਹੇਠ ਬਣੀ ਫਿਲਮ 'ਜਮਰੌਦ' ਵਿਚ ਅਦਾਕਾਰੀ ਕੀਤੀ ਹੈ ਜੋ ਆਉਣ ਵਾਲੇ ਸਮੇਂ ਵਿਚ ਰਿਲੀਜ਼ ਹੋਵੇਗੀ।

**• ਪਰਵਾਸ ਨੂੰ ਮਾਣ ਰਹੇ ਹੋ ਜਾਂ ਪਰਵਾਸ ਦਾ ਸੰਤਾਪ ਹੰਢਾ ਰਹੇ ਹੋ?**

ਮੈਂ ਪਰਵਾਸ ਨੂੰ ਮਾਣ ਰਹੀ ਹਾਂ ਤੇ ਜ਼ਿੰਦਗੀ ਦੇ ਹਰ ਰੰਗ ਨੂੰ ਪੂਰਨ ਸਮੁੱਚਤਾ ਨਾਲ, ਸੁੰਦਰਤਾ ਤੇ ਸੰਪੂਰਨਤਾ ਨਾਲ ਜੀ ਰਹੀ ਹਾਂ ਜੋ ਮੇਰੀ ਕਵਿਤਾ ਵਿਚ ਬਾਖ਼ੂਬੀ ਝਲਕਦਾ ਹੈ। •

**• ਤੁਹਾਡੀਆਂ ਹੁਣ ਤਕ ਤਿੰਨ ਪੁਸਤਕਾਂ, 'ਸਾਹਾਂ ਦੀ ਪੱਤਰੀ', 'ਮੈਂ ਇਕ ਰਿਸ਼ਮ', ਤੇ 'ਤੂੰ ਕੱਤ ਬਿਰਹਾ' ਛਪ ਚੁੱਕੀਆਂ ਹਨ। ਅਗਲੀ ਕਿਤਾਬ ਦੀ ਉਡੀਕ ਕਦੋਂ ਕਰੀਏ?**

ਮੇਰਾ ਕਾਵਿ-ਸਫ਼ਰ ਜਾਰੀ ਹੈ। ਮੈਂ ਪੁਸਤਕਾਂ ਦੀ ਗਿਣਤੀ ਵਿਚ ਵਿਸ਼ਵਾਸ ਨਹੀਂ ਰੱਖਦੀ। ਪਰ ਮੈਂ ਕਵਿਤਾ ਰੂਹ ਦੀ ਤ੍ਰਿਪਤੀ ਲਈ ਲਿਖਦੀ ਹਾਂ। ਨਿਰੰਤਰ ਲਿਖਦੀ ਰਹਾਂਗੀ ਤੇ ਕਾਵਿ-ਪੁਸਤਕਾਂ ਪਾਠਕਾਂ ਦੀ ਝੋਲੀ ਪਾਉਂਦੀ ਰਹਾਂਗੀ। ਸੋ ਇਸ ਦੀ ਸਮਾਂ-ਸੀਮਾ ਮਿਥੀ ਨਹੀਂ ਜਾ ਸਕਦੀ।



+647-295-7351

ਮੈਂ ਪਰਵਾਸ ਨੂੰ ਮਾਣ ਰਹੀ ਹਾਂ ਤੇ ਜ਼ਿੰਦਗੀ ਦੇ ਹਰ ਰੰਗ ਨੂੰ ਸੁੰਦਰਤਾ ਤੇ ਸੰਪੂਰਨਤਾ ਨਾਲ ਜਿਉ ਰਹੀ ਹਾਂ। ਇਹ ਰੰਗ ਮੇਰੀ ਕਵਿਤਾ ਵਿਚ ਬਾਖ਼ੂਬੀ ਝਲਕਦਾ ਹੈ...

---



ਜ਼ਿੰਦਗੀ 'ਚ ਅਸੀਂ ਆਪਣੀਆਂ ਗ਼ਲਤੀਆਂ ਮੰਨਣ ਦੀ ਥਾਂ ਦੂਸਰਿਆਂ ਦੀਆਂ ਕਮੀਆਂ ਕੱਢਣ 'ਚ ਜ਼ਿਆਦਾ ਦਿਲਚਸਪੀ ਦਿਖਾਉਂਦੇ ਹਾਂ ...

# ਗ਼ਲਤੀਆਂ ਤੋਂ ਸਿੱਖਣ ਦੀ ਲੋੜ

• ਕਿਰਨ ਪ੍ਰੀਤ ਕੌਰ
+4368864013133

ਸੁਣਿਆ ਹੈ ਇਨਸਾਨ ਗ਼ਲਤੀਆਂ ਦਾ ਪੁਤਲਾ ਹੁੰਦਾ ਹੈ। ਸਾਡੇ ਵਿਚ ਅਜਿਹਾ ਕੋਈ ਵੀ ਨਹੀਂ ਜਿਸ ਨੇ ਅੱਜ ਤਕ ਕੋਈ ਗ਼ਲਤੀ ਨਾ ਕੀਤੀ ਹੋਵੇ। ਜਾਣੇ ਅਣਜਾਣੇ ਅਸੀਂ ਬਹੁਤ ਗ਼ਲਤੀਆਂ ਕਰ ਬੈਠਦੇ ਹਾਂ । ਪਰ ਇਹ ਗ਼ਲਤੀਆਂ ਹੀ ਹਨ ਜੋ ਜ਼ਿੰਦਗੀ ਨੂੰ ਹੋਰ ਵੀ ਬਿਹਤਰ ਬਣਾ ਦਿੰਦੀਆਂ ਹਨ । ਪਰ ਸ਼ਰਤ ਇਹ ਹੈ ਕਿ ਇਨਾਂ ਗ਼ਲਤੀਆਂ ਨੂੰ ਮੰਨਣਾ ਅਤੇ ਫਿਰ ਉਸ ਤੋਂ ਸਾਨੂੰ ਕੁਝ ਸਿੱਖਣਾ ਪਵੇਗਾ ।

ਸਿੱਖਣਾ ਤੁਸੀਂ ਉਦੋਂ ਹੀ ਸ਼ੁਰੂ ਕਰੋਗੇ ਜਦੋਂ ਆਪਣੀ ਗ਼ਲਤੀ ਨੂੰ ਮੰਨੋਗੇ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੀ ਭੁੱਲ ਨੂੰ ਸਵੀਕਾਰ ਕਰਨ ਦਾ ਜਿਗਰਾ ਰੱਖਣਾ ਪਵੇਗਾ। ਜੋ ਕਿ ਅੱਜ ਕੱਲ੍ਹ ਬਹੁਤ ਹੀ ਘੱਟ ਦਿਖਾਈ ਦਿੰਦਾ ਹੈ । ਅਸੀਂ ਲੋਕ ਆਪਣੀ ਗ਼ਲਤੀ ਮੰਨਣ ਦੀ ਥਾਂ ਦੂਸਰੇ ਦੀਆਂ ਕਮੀਆਂ ਕੱਢਣ ਵਿਚ ਜ਼ਿਆਦਾ ਦਿਲਚਸਪੀ ਰੱਖਦੇ ਹਾਂ । ਇਹ ਆਮ ਜਿਹੀ ਗੱਲ ਹੈ ਕਿ ਆਪਣੀ ਗ਼ਲਤੀ ਉਹੀ ਇਨਸਾਨ ਮੰਨ ਸਕਦਾ ਜਿਸ ਵਿਚ ਹਉਮੈ ਨਹੀਂ। ਜਦੋਂ ਤਕ ਤੁਹਾਡੇ ਅੰਦਰ ਹੰਕਾਰ ਬੋਲੇਗਾ, ਤੁਸੀਂ ਨਾ ਹੀ ਤਾਂ ਕਦੀ ਆਪਣੀ ਗ਼ਲਤੀ ਮੰਨ ਸਕਦੇ ਹੋ ਅਤੇ ਨਾ ਹੀ ਕਦੇ ਕਿਸੇ ਤੋਂ ਸਿੱਖ ਸਕਦੇ ਹੋ ।

ਇਸ ਲਈ ਸਭ ਤੋਂ ਪਹਿਲਾ ਪੜਾਅ ਹੈ ਆਪਣੇ ਅੰਦਰ ਦੀ ਹਉਮੈ ਨੂੰ ਮਾਰਨਾ ਫਿਰ ਆਪਣੀ ਗ਼ਲਤੀ ਨੂੰ ਸਵੀਕਾਰ ਕਰਨਾ ਅਤੇ ਉਸ ਤੋਂ ਕੁਝ ਸਿੱਖਣ ਦੀ ਕੋਸ਼ਿਸ਼ ਕਰਨਾ। ਅੱਗੇ ਤੋਂ ਜ਼ਿੰਦਗੀ 'ਚ ਉਹੀ ਗ਼ਲਤੀ ਨਾ ਦੁਹਰਾ ਹੋਵੇ ਇਸ ਗੱਲ ਦਾ ਯਤਨ ਕਰਨਾ ਅਤੇ ਆਪਣੇ ਜੀਵਨ ਨੂੰ ਸਹੀ ਢੰਗ ਨਾਲ ਜਿਉਣਾ। ਪਰ ਕਈ ਵਾਰ ਅਸੀਂ ਦੇਖਦੇ ਹਾਂ ਕਿ ਅਸੀਂ ਉਹੀ ਗ਼ਲਤੀਆਂ ਜ਼ਿੰਦਗੀ 'ਚ ਵਾਰ-ਵਾਰ ਕਰਦੇ ਹਾਂ। ਇਸ ਦਾ ਏਹੀ ਕਾਰਨ ਹੈ ਕਿ ਸਾਨੂੰ ਅਜੇ ਪੂਰਨ ਤੌਰ 'ਤੇ ਇਹ ਹੀ ਨਹੀਂ ਪਤਾ ਲੱਗ ਰਿਹਾ ਕਿ ਅਸੀਂ ਗ਼ਲਤ ਕਿੱਥੇ ਹਾਂ। ਕਿਉਂਕਿ ਜੇ ਸਾਨੂੰ ਸਾਡੀ ਸਹੀ ਗ਼ਲਤੀ ਸਮਝ ਆ ਜਾਵੇ ਅਤੇ ਉਸ ਦਾ ਹਲ ਕਿਵੇਂ ਕਰਨਾ ਹੈ, ਇਸ ਗੱਲ ਦੀ ਵੀ ਸਮਝ ਆ ਜਾਵੇ ਤਾਂ ਕੋਈ ਵੀ ਮਨੁੱਖ ਆਪਣੀ ਉਸ ਗ਼ਲਤੀ ਨੂੰ ਦੁਬਾਰਾ ਨਹੀਂ ਦੁਹਰਾਵੇਗਾ। ਇਸ ਲਈ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਆਪਣੀ ਜ਼ਿੰਦਗੀ 'ਚੋਂ ਹਉਮੈ ਕੱਢ ਥੋੜ੍ਹਾ ਸਿੱਖੀਏ ਤੇ ਸਿਖਾਈਏ। ਜਿਸ ਇਨਸਾਨ ਅੰਦਰ ਕੁਝ ਸਿੱਖਣ ਦੀ ਚਾਹਤ ਹੁੰਦੀ ਹੈ ਉਹ ਜ਼ਿੰਦਗੀ ਤੇ ਹਰ ਪਲ ਤੋਂ ਹੀ ਕੁਝ ਨਵਾਂ ਸਿੱਖ ਸਕਦਾ ਹੈ। ਇਸ ਦੇ ਲਈ ਬਹੁਤੀਆਂ ਕਿਤਾਬਾਂ ਜਾਂ ਵੱਡੀਆਂ-ਵੱਡੀਆਂ ਡਿਗਰੀਆਂ ਦੀ ਲੋੜ ਨਹੀਂ ਹੁੰਦੀ। ਬਸ ਇਕ ਚਾਹਤ ਅਤੇ ਜਨੂੰਨ ਦੀ ਲੋੜ ਹੈ ਜੋ ਤੁਹਾਨੂੰ ਸਭ ਤੋਂ ਅਲੱਗ ਬਣਾ ਸਕਦੇ ਹਨ। •

---

ਹੰਕਾਰ, ਈਰਖਾ ਤੇ ਸ਼ੋਹਰਤਾਂ ਭਰੀ ਜ਼ਮੀਨ ਕਿੰਨੀ ਹੀ ਚਮਕਦੀ-ਦਮਕਦੀ ਕਿਉਂ ਨਾ ਹੋਵੇ ਪਰ ਰਿਸ਼ਤਿਆਂ ਦੀ ਸਮਝ ਤੇ ਜਜ਼ਬਾਤ ਦੀ ਫ਼ਸਲ ਇਸ 'ਚ ਕਦੇ ਵੀ ਪੁੰਗਰ ਨਹੀਂ ਸਕਦੀ। ਮੁਹੱਬਤ ਦੇ ਰਾਗ ਤੇ ਆਪਣਿਆਂ ਦੇ ਸਾਥ ਤੋਂ ਬਿਨਾਂ ਇਹ ਸੰਸਾਰ ਨਹੀਂ ਸੋਂਹਦਾ...

# ਲੰਘਦੇ ਬੱਦਲ਼ ਦੀਆਂ ਕਣੀਆਂ





• ਡਾ. ਜਸਪਾਲ ਸਿੰਘ ਹੀਰੋਂ ਕਲਾਂ
94780 11059

ਮਨੁੱਖੀ ਜੀਵਨ ਵੀ ਸਾਰੰਗੀ ਵਾਂਗ ਹੀ ਹੈ। ਸਾਰੰਗੀ ਦੀਆਂ ਛੱਬੀ ਤਾਰਾਂ ਬੱਕਰੇ ਦੀਆਂ ਕੋਹੀਆਂ ਆਂਦਰਾਂ ਨੂੰ ਕਸ਼ੀਦ ਕੇ ਬਣਦੀਆਂ ਹਨ ਪਰ ਜ਼ਿੰਦਗੀ ਦੀ ਸਾਰੰਗੀ 'ਚ ਰਾਗ ਅਲਾਪਣ ਲਈ ਖ਼ੁਦ ਦੀਆਂ ਆਂਦਰਾਂ ਨੂੰ ਕੋਹ-ਕੋਹ ਕੇ ਸੁਰ ਕਰਨਾ ਪੈਂਦਾ ਹੈ।

ਸੱਪ ਦੀ ਲੀਕ ਜਿਹੀ ਇਕ ਘਟਨਾ ਅੱਜ ਵੀ ਲੁੱਟੇ ਹੋਏ ਅਰਮਾਨਾਂ ਦੇ ਖੰਡਰਾਂ 'ਚ ਇਤਿਹਾਸ ਬਣ ਧੜਕਦੀ ਏ ਜਿਸਨੂੰ ਹੱਡੀਂ ਹੰਢਾਉਣ ਵਾਲਾ ਮੇਰਾ ਅਜ਼ੀਜ਼ 'ਸਿਦਕ' ਸੀ ਜੋ ਉਸ ਰੋਗ ਦਾ ਮਰੀਜ਼ ਬਣ ਗਿਆ ਜਿਸ ਦੇ ਕਾਰਨ ਤੇ ਇਲਾਜ 'ਚ ਕੋਈ ਫ਼ਰਕ ਨਹੀਂ ਹੁੰਦਾ। ਵਿਧਵਾ ਮਾਂ ਦੀ ਗ਼ਰੀਬੀ 'ਚੋਂ ਬਣਿਆ ਨੇਵੀ ਦਾ ਇਹ ਕੈਪਟਨ ਝੱਖ ਕਾਲੀਆਂ ਰਾਤਾਂ 'ਚ ਤੁਰਦਿਆਂ ਸਿਖ਼ਰ ਦੁਪਹਿਰੇ ਖੋ ਬੈਠਾ। ਇੰਝ ਕਹਿ ਲਵੋ ਕਿ ਕੰਡਿਆਂ ਨੂੰ ਮਖੌਲ ਕਰਨ ਵਾਲਾ ਫੁੱਲਾਂ ਤੋਂ ਜ਼ਖ਼ਮੀ ਹੋ ਗਿਆ।

ਵਾਕਿਆ ਇਹ ਸੀ ਕਿ ਸਮੁੰਦਰਾਂ ਦੀ ਦੁਨੀਆਂ 'ਚ ਕਿਸੇ ਉੱਚ-ਦੁਮਾਲੜੇ ਅਫਸਰ ਦੀ ਧੀ 'ਕੱਲਰਾਂ' 'ਚ ਉੱਗੇ ਇਸ ਗੁਲਾਬ ਨੂੰ ਆਪਣਾ ਕਹਿ ਬੈਠੀ। ਮਿਕਨਾਤੀਸੀ ਖਿੱਚ ਵਾਲੀ 'ਕੱਚ' ਨਾਂ ਦੀ ਇਸ ਸ਼ਹਿਜ਼ਾਦੀ ਨੂੰ ਸਿਦਕ ਨੇ ਵੀ ਦਿਲ ਦੀਆਂ ਤਹਿਆਂ 'ਚ ਸਜਾ ਲਿਆ। ਕਿਸੇ ਨੂੰ ਚੰਗਾ ਲੱਗਣ ਤੋਂ ਕਿਸੇ ਦਾ ਹੋ ਜਾਣ ਤਕ ਦਾ ਜਜ਼ਬਾ ਸਮਾਜ ਦੇ ਕਟਹਿਰੇ 'ਚ ਖੜ੍ਹਦਿਆਂ ਅਕਸਰ ਉਦਾਸ ਹੋ ਹੀ ਜਾਂਦਾ ਏ। ਇੰਵ ਕਹਿ ਲਵੋ ਕਿ ਫੁੱਲਾਂ ਦੀ ਖ਼ੁਸ਼ਬੂ 'ਤੇ ਕੰਡੇ ਤੇ ਪੱਤੀਆਂ ਆਪੋ ਆਪਣਾ ਹੱਕ ਜਿਤਾਉਂਦੇ ਰਹਿੰਦੇ ਨੇ।

ਖੈਰ! ਰੁੱਤਾਂ ਦੇ ਸਿਰਨਾਵਿਆਂ 'ਤੇ ਸ਼ਗਨਾਂ ਦੇ ਗਾਨੇ ਬੰਨ੍ਹੇ ਗਏ। ਸੱਜਰੇ ਚਾਵਾਂ ਦੀਆਂ ਪੀਂਘਾਂ 'ਤੇ ਇਕ ਦੂਸਰੇ ਲਈ ਮਰ ਮਿਟਣ ਦੇ ਦਾਅਵਿਆਂ ਦੀਆਂ ਪੌਣਾਂ ਵੀ ਰੁਮਕੀਆਂ। ਸੁਰ ਤੇ ਤਾਲ ਬਣੀਆਂ ਦੋ ਰੂਹਾਂ ਜੀਵਨ ਦੇ ਰੰਗਮੰਚ ਨੂੰ ਮਾਣਦੀਆਂ ਰਹੀਆਂ। ਮੁਹੱਬਤ ਅੰਨ੍ਹੀ ਨਈਂ ਹੁੰਦੀ ਪਰ ਇਹ ਖ਼ੁਦ ਨੂੰ ਸੱਜਣਾਂ ਦੇ ਕਦਮਾਂ 'ਚ ਵਿਛਾਉਣ ਦਾ ਦਮ ਰੱਖਦੀ ਹੈ। ਕੱਚ ਦੇ ਨਾਂ ਦਾ ਜੋਗ ਲੈ ਚੁੱਕੇ ਸਿਦਕ ਨੇ ਕੱਚ ਦੀ ਮਰਜ਼ੀ ਅਨੁਸਾਰ ਉਸਦੇ ਮਹਿਲਾਂ 'ਚ ਹੀ ਜੀਵਨ ਦੇ ਅਗਲੇ ਵਰਕੇ ਲਿਖਣ ਲਈ ਹਾਂ ਕਰ ਦਿੱਤੀ। ਪਰ ਸਾਹਾਂ ਦੀ ਇਹ ਸੰਦਲੀ ਰੁੱਤ ਫੁੱਲਾਂ 'ਤੇ ਪਈ ਤ੍ਰੇਲ ਵਾਂਗ ਥੋੜ੍ਹਾ ਸਮਾਂ ਹੀ ਟਿਕ ਸਕੀ। ਨਵੇਂ ਗੁੰਦੇ ਗੁਲਦਸਤੇ ਦੀ ਖ਼ੁਸ਼ਬੋ ਛੁਪੇ ਹੋਏ ਬਿੱਛੂਆਂ ਦੇ ਜ਼ਹਿਰਾਂ 'ਚ ਕੈਦ ਹੋ ਗਈ। ਸਿਦਕ ਦਾ ਜੀਵਨ ਮਿਆਰ ਮਹਿਲ ਦੇ ਗੋਲਿਆਂ ਵਾਲਾ ਨਹੀਂ ਸੀ ਤੇ ਹਰ ਕੋਨੇ 'ਚ ਪਨਪਦਾ ਅਹੰਕਾਰ ਸਿਦਕ ਨੂੰ ਮੜ੍ਹੀ 'ਚ ਬਦਲਣ 'ਤੇ ਤੁੱਲ ਗਿਆ। ਅਹੰਕਾਰੀ ਸੂਰਜਾਂ ਨੇ ਮਾਸੂਮ ਦੀਵੇ ਨੂੰ ਗੁੱਲ ਕਰਨ ਲਈ ਹਵਾਵਾਂ ਨਾਲ ਸਲਾਹਾਂ ਸ਼ੁਰੂ ਕਰ ਦਿੱਤੀਆਂ। ਬੜਾ ਬੇਦਰਦ ਹੁੰਦਾ ਹੈ ਉਹ ਰਾਗ ਜੋ ਪਿਆਰ ਦੇ ਤਰਾਨੇ ਨੂੰ ਹਉਕਿਆਂ 'ਚ ਬਦਲ ਦੇਵੇ।

ਜ਼ਿੰਦਗੀ ਦੇ ਪੈਂਡਿਆਂ 'ਤੇ ਮੜ੍ਹਕ ਨਾਲ ਤੁਰਨ ਵਾਲੇ ਨੂੰ ਸਰਕਸ ਦੇ ਪਾਤਰ 'ਚ ਬਦਲਣ ਲਈ ਕੱਚ ਨੂੰ ਮੋਹਰਾ ਬਣਾਇਆ ਜਾਣ ਲੱਗਾ। ਰੇਤ ਉੱਤੇ ਪੈੜਾਂ ਜਿਹੇ ਵਾਅਦਿਆਂ ਵਾਲੀ ਕੱਚ ਪੂਰਨਮਾਸ਼ੀ ਦੀ ਰਾਤ ਤੋਂ ਭਾਦੋਂ ਦੀ ਦੁਪਹਿਰ ਬਣਦੀ ਜਾ ਰਹੀ ਸੀ। ਸਹਿਕਦੀ ਮੁਹੱਬਤ ਦੀ ਤੜਫ਼ ਅਹੰਕਾਰ ਦੇ ਵਿਹੜੇ 'ਚ ਕੱਚ ਤੇ ਸਿਦਕ ਨੂੰ ਆਪਸ 'ਚ ਬੇਗਾਨਾ ਕਰਦੀ ਚਲੀ ਗਈ। ਪਰਿਵਾਰ ਅਣਹੋਣੀਆਂ ਰਸਮਾਂ ਦੇ ਜਨਾਜ਼ਿਆਂ ਦਾ ਮੰਜ਼ਰ ਬਣ ਗਿਆ। ਪੰਛੀ ਉਡਾਰੀ ਬਿਨਾਂ ਤੇ ਮਨੁੱਖ ਆਜ਼ਾਦੀ ਬਿਨਾਂ ਕਿਸੇ ਵੀ ਕੰਮ ਦੇ ਨਹੀਂ ਰਹਿੰਦੇ। ਫ਼ਾਂਸੀ ਵਾਲੇ ਤਖ਼ਤੇ ਵੀ ਓਨੇ ਡਰਾਵਣੇ ਨਈਂ ਹੋਣੇ ਜਿੰਨੇ ਸਿਦਕ ਦੇ ਗੁੱਟ 'ਤੇ ਬੰਨ੍ਹੇ ਸ਼ਗਨਾਂ ਦੇ ਗਾਨੇ ਹੱਥਕੜੀਆਂ 'ਚ ਬਦਲਣ 'ਤੇ ਹੋ ਗਏ ਸੀ। ਅਹਿਸਾਸ ਤੋਂ ਸੱਖਣੀ ਕੱਚ ਨੂੰ ਸਿਦਕ ਦਾ ਸਹੁੰ ਵਜੋਂ ਕੁਰਾਨ 'ਤੇ ਰੱਖਿਆ ਹੱਥ ਵੀ ਨਜ਼ਰ ਨਾ ਆਇਆ ਤੇ ਉਹਦੀ ਖਾਮੋਸ਼ੀ ਸਿਦਕ ਦੇ ਮਾਣ ਸਨਮਾਨ ਨੂੰ ਸੁਆਹ 'ਚ ਬਦਲਦੀ ਚਲੀ ਗਈ। ਰੰਗੋਂ ਬਦਰੰਗ ਹੋਈ ਜ਼ਿੰਦਗੀ ਦੇ ਨਕਸ਼ ਕਾਲਖ਼ ਦੇ ਖੂੰਜਿਆਂ 'ਚ ਲੁਕਦੇ ਪ੍ਰਤੀਤ ਹੋਏ। ਉਦਾਸੀ ਦੇ ਬਨੇਰਿਆਂ 'ਤੇ ਜ਼ਿੰਦਗੀ ਦਾ ਫੜਫੜਾਉਂਦਾ ਦੀਵਾ ਘਸਮੈਲੇ ਭਵਿੱਖ ਦੇ ਸੁਨੇਹੇ ਦੇ ਗਿਆ। ਸਾਹਾਂ ਦੀ ਮਾਲਾ ਤੇ ਫਾਂਸੀ ਦੇ ਹਾਰਾਂ 'ਚ ਕੋਈ ਵੀ ਫਰਕ ਨਾ ਰਿਹਾ।

ਤਾਹਨੇ ਮਿਹਣਿਆਂ ਦੀ ਦਲਦਲ 'ਚ ਖ਼ੂਨ ਮੌਤ ਦਾ ਅਰਕ ਬਣਿਆ ਤੇ ਸਮਾਂ ਜ਼ਿੰਦਗੀ ਦਾ ਤਮਾਸ਼ਾ ਦੇਖਣ ਲਈ ਮਜਬੂਰ ਖੜ੍ਹਾ ਸੀ। ਰਮਣੀਕ ਰੁੱਤਾਂ ਨੂੰ ਤਰਸਦੀ ਨਿਮਾਣੀ ਜ਼ਿੰਦੜੀ ਰੇਗਿਸਤਾਨ ਦੇ ਥੋਹਰ ਜਿਹੀ ਹੋ ਗਈ। ਕੱਚ ਦੀ ਇਕਪਾਸੜ ਸੋਚ ਨਾਜ਼ੁਕ ਜਿਹੇ ਆਲ੍ਹਣੇ ਨੂੰ ਉਜਾੜਾਂ ਵੱਲ ਧੂਹ ਕੇ ਲੈ +ਗਈ। ਮੁਟਿਆਰ ਦੀ ਬੇਗਾਨੀ ਹੋਈ ਅੱਖ ਪ੍ਰੀਤਾਂ ਦੇ ਪਤਨ ਦੀ ਗਵਾਹ ਸੀ। ਸੂਹੇ ਚੀਰੇ ਨੂੰ ਚੁੰਮਣ ਵਾਲੇ ਪੱਗਾਂ ਦੀਆਂ ਲੀਰਾਂ ਕਰਨ 'ਤੇ ਉਤਾਰੂ ਹੋ ਗਏ। ਖੌਰੇ ਕੁਦਰਤ ਵਾਅਦੇ ਕਰਨ ਵਾਲਿਆਂ ਨੂੰ ਪੁਗਾਉਣ ਦਾ ਹੁਨਰ ਕਿਉਂ ਨਹੀਂ ਦਿੰਦੀ। ਕਾਲਜੇ ਦੀਆਂ ਲੀਰਾਂ 'ਤੇ ਸੱਜਣਾਂ ਦੀ ਰੰਗਲੀ ਤਸਵੀਰ ਬਣਦੀ ਵੀ ਰਹੀ ਤੇ ਬੇਗ਼ੈਰਤੀ ਦੇ ਝੱਖੜਾਂ 'ਚ ਮਿਟਦੀ ਵੀ ਰਹੀ। ਮੁਹੱਬਤ ਦੇ ਰਾਗ ਤੇ ਆਪਣਿਆਂ ਦੇ ਸਾਥ ਤੋਂ ਬਿਨਾਂ ਇਹ ਸੰਸਾਰ ਨਹੀਂ ਸੋਂਹਦਾ। ਜਿਵੇਂ ਹਰ ਬੱਦਲ ਵਰ੍ਹਦਾ ਨਹੀਂ ਓਵੇਂ ਹੀ ਹਰ ਰਿਸ਼ਤੇ ਨੂੰ ਮੁਹੱਬਤ ਦੀ ਪੁੱਠ ਚੜ੍ਹਦੀ ਨਈਂ। ਪਿਆਰ ਦਾ ਬੂਟਾ ਵਿਸ਼ਵਾਸ ਦੀ ਵੱਤਰ 'ਤੇ ਸਮੇਂ ਦੇ ਹਾਣ ਦਾ ਹੋ ਕੇ ਉੱਗਦਾ ਹੈ। ਪਰ ਦੋਗਲੀ ਸੋਚ ਦੇ ਮੌਸਮ ਇਸ ਦੀ ਹੋਂਦ ਮਿਟਾ ਦਿੰਦੇ ਹਨ। ਨਕਲੀ ਹਾਸੇ ਤੇ ਮਤਲਬ ਦੇ ਰਿਸ਼ਤੇ ਅਕਸਰ ਇਨਸਾਨੀਅਤ ਦੇ ਗੁਣਾਂ ਨੂੰ ਖਾ ਹੀ ਜਾਂਦੇ ਨੇ। ਸਿਦਕ ਦੇ ਟਕਸਾਲੀ ਗੁਣਾਂ ਦੀ ਨਸਲਕੁਸ਼ੀ ਦੀ ਚੀਸ ਅਜੇ ਵੀ ਮਹਿਲ ਦੀਆਂ ਕੰਧਾਂ 'ਤੇ ਦਰਜ ਹੈ। ਵਿਛੜਿਆਂ ਦੇ ਕਦੇ ਮਿਲਾਪ ਨਈਂ ਹੁੰਦੇ ਸਿਰਫ਼ ਆਂਦਰਾਂ ਦੀ ਸਾਰੰਗੀ ਤੇ ਖ਼ੁਦ ਨੂੰ ਗੁਆਉਣ ਦੇ ਵਿਰਲਾਪ ਹੁੰਦੇ ਨੇ। ਜਹਾਨੋਂ ਤੁਰ ਗਿਆਂ ਦੇ ਦੁੱਖ ਹੋਰ ਤੇ ਦਿਲ 'ਚੋਂ ਤੁਰ ਗਿਆਂ ਦੇ ਹੋਰ ਹੁੰਦੇ ਨੇ। ਰੂਹਾਂ ਦੇ ਅੰਬਰਾਂ ਤੋਂ ਆਖ਼ਰ ਇਕ ਚੰਨ ਅਲੋਪ ਹੋ ਹੀ ਗਿਆ, ਤਾਰਾ ਟੁੱਟ ਹੀ ਗਿਆ, ਦਿਲ ਹਾਰ ਹੀ ਗਏ ਤੇ ਦਿਮਾਗ਼ ਜਿੱਤ ਹੀ ਗਿਆ। ਮੁੱਖ ਮੋੜ ਜਾਣ ਵਲਿਆਂ ਦੀ ਰੜਕ ਸੁੰਨੀ ਰਾਤ ਦੇ ਉਸ ਇਕਲੌਤੇ ਦੀਵੇ ਵਾਂਗ ਹੁੰਦੀ ਹੈ ਜਿਸਦੀ ਅਹਿਮੀਅਤ ਘਟਦੀ ਵੀ ਨਹੀਂ ਤੇ ਉਸ ਤੋਂ ਰੌਸ਼ਨੀ ਮਿਲਦੀ ਵੀ ਨਹੀਂ।



ਸੁਣਿਐ ਕਿ ਕੱਚ ਚੁੱਪ ਦੀ ਤਸਵੀਰ ਜਿਹੀ ਹੋ ਗਈ ਤੇ ਸਿਦਕ ਸੱਜਣਾਂ ਦੇ ਹੋਠਾਂ 'ਚੋਂ ਨਿਕਲੀ ਹਾਂ ਤੋਂ ਨਾਂਹ ਤਕ ਦੇ ਸਰਾਪੇ ਰਾਹਾਂ ਜਿਹਾ ਹੋ ਗਿਆ। ਕੱਚ ਦੇ ਟੁਕੜੇ ਮਹਿਲ ਦੀ ਸਜਾਵਟ ਲਈ ਸੰਭਾਲ ਕੇ ਰੱਖੇ ਗਏ ਨੇ ਤੇ ਨੈਣਾਂ ਦਾ ਠੱਗਿਆ ਸਿਦਕ ਫਰਾਂਸ ਦੇ ਹਸਪਤਾਲਾਂ 'ਚ ਸੁਆਸਾਂ ਦੀ ਆਖਰੀ ਲੁਕਣਮੀਚੀ ਖੇਡ ਰਿਹਾ ਹੈ। ਕੈਸੇ ਦਿਲ ਸੀ ਜੋ ਖਿੜੀ ਕਪਾਹ ਜਿਹੇ ਰਿਸ਼ਤਿਆਂ ਦੀ ਆੜ 'ਚ ਜ਼ਹਿਰ ਪਿਆਲੇ ਪੇਸ਼ ਕਰਦੇ ਰਹੇ ਪਰ ਧੰਨ ਸੀ ਉਹ ਦਿਲ ਜੋ ਲੱਗੀਆਂ ਨਿਭਾਉਣ ਲਈ ਜ਼ਹਿਰ ਨੂੰ ਵੀ ਸ਼ਹਿਦ ਸਮਝ ਕੇ ਮਾਣਦਾ ਰਿਹਾ।

ਸਿਦਕ ਦੇ 'ਬਾਲੂ ਰੇਤ' ਜੀਵਨ 'ਚ ਕੁੱਝ ਕੁ ਵਕਫੇ ਦੀਆਂ ਮੁਹੱਬਤ ਦੀਆਂ ਕਣੀਆਂ ਦਾ ਅਹਿਸਾਸ ਉਸਦੀ ਰੂਹ 'ਚ ਸਦੀਵੀ ਰੁਣਝੁਣ ਬਣਿਆ ਹੋਇਆ ਹੈ। ਜ਼ਮਾਨੇ ਦੀ ਝੰਬੀ ਇਸ 'ਜੀਵਨ ਸਾਰੰਗੀ' 'ਤੇ ਸੈਂਕੜੇ ਅਲਫਾਜ਼ ਲੰਘਦੇ ਜਾਂਦੇ ਬੱਦਲ਼ ਦੀਆਂ ਜਾਦੂਈ ਕਣੀਆਂ ਦੇ ਸਿਰਨਾਵੇਂ ਦਰਜ ਕਰਵਾਉਂਦੇ ਰਹਿਣਗੇ।

ਹੰਕਾਰ,ਈਰਖਾ ਤੇ ਸ਼ੋਹਰਤਾਂ ਭਰੀ ਜ਼ਮੀਨ ਕਿੰਨੀ ਹੀ ਚਮਕਦੀ ਦਮਕਦੀ ਕਿਉਂ ਨਾ ਹੋਵੇ ਪਰ ਰਿਸ਼ਤਿਆਂ ਦੀ ਸਮਝ ਤੇ ਜਜ਼ਬਾਤ ਦੀ ਫ਼ਸਲ ਇਸ 'ਚ ਕਦੇ ਵੀ ਪੁੰਗਰ ਨਹੀਂ ਸਕਦੀ। •

---

# ਪੁਸਤਕ ਚਰਚਾ

ਸੁਖਵਿੰਦਰ ਕੌਰ ਵੱਲੋਂ ਕਲਮਬੱਧ ਕੀਤੀ ਪੁਸਤਕ 'ਔਰਤਾਂ ਨੂੰ ਹੀ ਗਾਲ੍ਹਾਂ ਕਿਉਂ?' ਇਕ ਅਜਿਹੀ ਪੁਸਤਕ ਹੈ ਜਿਸ ਵਿਚ ਲੇਖਕਾ ਨੇ ਬਹੁਤ ਵਧੀਆ ਢੰਗ ਨਾਲ ਪਾਠਕਾਂ ਨੂੰ ਔਰਤਾਂ ਦੀ ਅਹਿਮੀਅਤ ਬਾਰੇ ਦੱਸਿਆ ਹੈ। ਇਸ ਤੋਂ ਪਹਿਲਾਂ ਵੀ ਲੇਖਕਾ ਦੇ ਕਾਫ਼ੀ ਲੇਖ ਅਖ਼ਬਾਰਾਂ ਤੇ ਮੈਗਜ਼ੀਨ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਲੇਖਕਾ ਨੇ ਆਪਣੀ ਇਸ ਪੁਸਤਕ ਵਿਚ ਵੱਖ-ਵੱਖ ਲੇਖਾਂ ਰਾਹੀ ਔਰਤਾਂ ਦੀ ਹਾਲਤ ਦਾ ਵਰਨਣ ਕੀਤਾ ਹੈ ਕਿ ਕਿਸ ਤਰ੍ਹਾਂ ਉਸ ਨੂੰ ਸਮਾਜ ਵਿਚ ਰਹਿ ਕੇ ਵਿਚਰਨਾ ਪੈਂਦਾ ਹੈ। ਜਿਵੇਂ ਕਿ ਪੁਸਤਕ ਵਿਚਲਾ ਲੇਖ 'ਨਾ ਆਨਾ ਇਸ ਦੇਸ਼ ਮੇਂ ਲਾਡੋ' ਵਿਚ ਆਸਿਫਾ ਦੀ ਹਾਲਤ ਦਾ ਵਰਨਣ ਕੀਤਾ ਗਿਆ ਹੈ ਕਿ ਵਰਤਮਾਨ ਸਮੇਂ ਧਾਰਮਿਕ ਅਸਥਾਨਾਂ ਵਿਚ ਵੀ ਔਰਤਾਂ ਸੁਰੱਖਿਅਤ ਨਹੀਂ ਹਨ। ਲੇਖਕਾ ਦੇ ਲਿਖੇ ਹੋਰ ਲੇਖ ਜੋ ਕਿ ਜੀਵਨ ਜਿਊਣ ਦੇ ਢੰਗ ਨੂੰ ਦਰਸਾਉਂਦੇ ਹਨ ਜਿਸ ਤਰ੍ਹਾਂ ਜ਼ਿੰਦਗੀ ਜੀਣ ਦੀ ਸ਼ੈਲੀ, ਨਿੱਘਰ ਰਹੀ ਗੀਤਕਾਰੀ, ਯਾਰ ਸ਼ਬਦ ਦੀ ਵਧਦੀ ਵਰਤੋਂ ਆਦਿ ਲੇਖਾਂ ਵਿਚ ਲੇਖਕਾ ਸਮਾਜ ਵਿਚ ਹੋ ਰਹੀ ਅਨੈਤਿਕਤਾ ਬਾਰੇ ਚਿੰਤਾ ਪ੍ਰਗਟ ਕਰਦੀ ਹੈ ਤੇ ਇਹ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਸਾਡਾ ਸਮਾਜ ਗਿਰਾਵਟ ਵੱਲ ਜਾ ਰਿਹਾ ਹੈ। ਇਸ ਤੋਂ ਬਿਨਾਂ 'ਅੱਠਵੀ ਜਮਾਤ ਦਾ ਸਲਾਨਾ ਪੇਪਰ' ਲੇਖ ਲੇਖਕਾ ਦੀ ਸਖ਼ਤ ਮਿਹਨਤ ਤੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਲੇਖਕਾ ਕਿਸੇ ਵੀ ਹਾਲਤ ਵਿੱਚ ਇਹ ਨਹੀਂ ਚਾਹੁੰਦੀ ਕਿ ਕਿਸੇ ਬੱਚੇ ਦੀ ਪੜ੍ਹਾਈ ਦਾ ਨੁਕਸਾਨ ਹੋਵੇ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਲੇਖ ਹਨ ਜੋ ਕਿ ਜੀਵਨ ਵਿਚਲੀ ਸਚਿਆਈ ਨੂੰ ਬਿਆਨਦੇ ਹਨ। ਬੰਦੇ ਖੋਰ ਹਰ ਦਿਲ ਰੋਜ਼, ਬੰਦ ਕਰੋ ਰਾਵਣ ਦੇ ਪੁਤਲੇ ਸਾੜਨੇ, ਪੜ੍ਹੇ ਲਿਖੇ ਅਨਪੜ੍ਹ, ਲੋਪ ਹੋ ਰਹੇ ਸਿੱਖਿਆ ਤੇ ਸਿਹਰਾ ਆਦਿ ਲੇਖਾਂ ਵਿਚ ਲੇਖਕਾ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਾਡਾ ਸਮਾਜ ਨਿਘਾਰ ਵੱਲ ਵੱਧ ਰਿਹਾ ਹੈ ਤੇ ਇਸ ਨੂੰ ਰੋਕਣ ਦੀ ਲੋੜ ਹੈ।

ਪੁਸਤਕ ਦਾ ਸਿਰਲੇਖ 'ਔਰਤਾਂ ਦੀ ਝੋਲੀ ਗਾਲ੍ਹਾਂ ਕਿਉਂ' ਇਹ ਦੱਸਦਾ ਹੈ ਕਿ ਆਪਸ ਵਿਚ ਲੜਦੇ ਤਾਂ ਮਰਦ ਹਨ ਪਰ ਗਾਲ੍ਹਾਂ ਔਰਤਾਂ ਦੀਆਂ ਕੱਢਦੇ ਹਨ ਜਿਸ ਨਾਲ ਕਿ ਔਰਤ ਦੇ ਨੀਵੇਂ ਸਥਾਨ ਨੂੰ ਉਜਾਗਰ ਕੀਤਾ ਜਾ ਰਿਹਾ ਹੈ। ਲੇਖਕਾ ਚਾਹੁੰਦੀ ਹੈ ਕਿ ਔਰਤਾਂ ਨੂੰ ਉਸ ਦਾ ਬਣਦਾ ਸਥਾਨ ਮਿਲਣਾ ਚਾਹੀਦਾ ਹੈ।

• ਇੰਦਰਪ੍ਰੀਤ ਕੌਰ




'ਨਾਰੀ' ਪ੍ਰਸਿੱਧ ਲੇਖਕ ਅਤੇ ਸ਼੍ਰੋਮਣੀ ਸਾਹਿਤਕਾਰ ਪਿਆਰਾ ਸਿੰਘ ਭੋਗਲ ਦਾ ਹਾਲ ਹੀ ਵਿਚ ਪ੍ਰਕਾਸ਼ਤ ਹੋਇਆ ਨਵਾਂ ਨਾਵਲ ਹੈ। ਇਸ ਨਾਵਲ ਦਾ ਬਿਰਤਾਂਤ ਸਰੋਜ ਨਾਂ ਦੀ ਇਕ ਸਫਲ ਨਾਰੀ ਦੁਆਲੇ ਘੁੰਮਦਾ ਹੈ ਜੋ ਆਪਣੇ ਸਦਾਚਾਰ, ਮਿਹਨਤ ਤੇ ਕੋਮਲ ਭਾਵਨਾਵਾਂ ਕਾਰਨ ਸਫਲਤਾ ਦੀਆਂ ਸਿਖ਼ਰਾਂ ਛੂੰਹਦੀ ਹੈ। ਕਰੜੀ ਘਾਲਣਾ ਨਾਲ ਉਹ ਪਹਿਲਾਂ ਅਧਿਆਪਕਾ ਅਤੇ ਫੇਰ ਕਾਲਜ ਪ੍ਰਾਧਿਆਪਕਾ ਤੇ ਮੁੜ ਕਾਲਜ ਪ੍ਰਿੰਸੀਪਲ ਬਣਦੀ ਹੈ। ਉਹ ਆਪਣੇ ਵਿਦਿਆਰਥੀਆਂ ਖ਼ਾਸ ਕਰ ਕੇ ਕੁੜੀਆਂ ਨੂੰ ਆਰਥਿਕ ਆਜ਼ਾਦੀ ਹਾਸਿਲ ਕਰਨ ਲਈ ਪ੍ਰੇਰਿਤ ਕਰਦੀ ਹੈ ਤਾਂ ਕਿ ਕੁੜੀਆਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਕੇ ਮਰਦ-ਪ੍ਰਧਾਨ ਸਮਾਜ ਵਿਚ ਆਪਣੇ ਲਈ ਸੁਖਾਲੀ ਥਾਂ ਬਣਾ ਸਕਣ। ਉਹ ਆਪਣੇ ਜੀਵਨ ਵਿਚ ਹੀ ਅੱਗੇ ਨਹੀਂ ਵਧਦੀ, ਆਪਣੇ ਮਾਪਿਆਂ, ਆਪਣੀਆਂ ਛੋਟੀਆਂ ਭੈਣਾਂ ਤੇ ਭਰਾ ਲਈ ਵੀ ਮਦਦਗਾਰ ਸਾਬਿਤ ਹੁੰਦੀ ਹੈ। ਉਹ ਆਪਣੇ ਵਿਦਿਆਰਥੀਆਂ ਲਈ ਵੀ ਉਤਸ਼ਾਹ ਦਾ ਸੋਮਾ ਬਣਦੀ ਹੈ।

ਲੇਖਕ ਨੇ ਨਾਵਲ ਦਾ ਨਾਂ 'ਨਾਰੀ' ਰੱਖਿਆ ਹੈ। ਇਸ ਨਾਂ ਨੂੰ ਪ੍ਰਤੀਫਲਤ ਕਰਨ ਲਈ ਉਹ ਇਸ ਨਾਵਲ ਦੀ ਗੋਂਦ ਵਿਚ ਅਨੇਕਾਂ ਹੋਰ ਨਾਰੀਆਂ ਸ਼ਾਮਿਲ ਕਰਦਾ ਹੈ ਜਿਨ੍ਹਾਂ ਦੇ ਜੀਵਨ ਵੱਖ-ਵੱਖ ਸ਼ੈਲੀਆਂ ਤੇ ਵਿਉਂਤਾਂ ਵਿਚ ਗੁਜ਼ਰਦੇ ਹਨ। ਮੇਘਲਾ, ਰਮਣੀਕ, ਰਾਧਾ, ਬਿਮਲ, ਹਰਜੋਤ, ਸੰਗੀਤਾ, ਵੀਨਾ, ਮੈਰੀ, ਜਗਜੀਤ ਕੌਰ, ਕੁਲਜੀਤ, ਸ਼ਸ਼ੀ, ਸੁਧੀਰ ਤੇ ਹੋਰ ਕਿੰਨੀਆਂ ਹੀ ਨਾਰਾਂ ਇਸ ਨਾਵਲ ਦੀ ਕਹਾਣੀ ਵਿਚ ਸ਼ਾਮਿਲ ਹਨ। ਕਿਤੇ ਉਨ੍ਹਾਂ ਨੂੰ ਘਰ ਦਿਆਂ ਦੀ ਪਿਛਲਖੁਰੀ ਸੋਚ ਦਾ, ਕਿਤੇ ਦਹੇਜ ਦੀ ਸਮੱਸਿਆ ਦਾ, ਕਿਤੇ ਸਹਿਪਾਠੀ ਮੁੰਡਿਆਂ ਦੀਆਂ ਨੋਕਾਂ ਝੋਕਾਂ ਦਾ, ਕਿਤੇ ਪ੍ਰੇਮ-ਪਿਆਰ ਵਿਰੋਧ ਤੇ ਕਿਤੇ ਕਰੀਅਰ ਬਣਾਉਣ ਦਾ ਫ਼ਿਕਰ ਤੇ ਸੰਸਾ ਲੱਗਿਆ ਰਹਿੰਦਾ ਹੈ। ਪਰ ਇਕ ਗੱਲ ਉਨ੍ਹਾਂ ਦੀ ਆਪਸ ਵਿਚ ਸਾਂਝੀ ਹੈ ਕਿ ਉਹ ਸਭ ਸੰਘਰਸ਼ ਕਰਦੀਆਂ ਹਨ ਤੇ ਬਹੁਤੀ ਵਾਰ ਸਫਲ ਵੀ ਹੁੰਦੀਆਂ ਹਨ। ਇਹੀ ਇਸ ਨਾਵਲ ਦਾ ਸੁਨੇਹਾ ਹੈ।

• ਕੇ. ਐੱਲ. ਗਰਗ




'ਗਿੱਲ ਮੋਰਾਂਵਾਲੀ ਨੂੰ ਯਾਦ' ਕਰਦਿਆਂ ਇਕ ਅਜਿਹੀ ਪੁਸਤਕ ਹੈ ਜਿਸ ਵਿਚ ਗਿੱਲ ਮੋਰਾਂਵਾਲੀ ਦੇ ਤੁਰ ਜਾਣ ਤੋਂ ਬਾਅਦ ਉਸ ਦੇ ਸਕੇ ਸਨੇਹੀਆਂ, ਮਿੱਤਰਾਂ ਦੋਸਤਾਂ ਸਾਥੀ ਸਾਹਿਤਕਾਰਾਂ ਵੱਲੋਂ ਉਸ ਨਾਲ ਆਪਣੇ ਮੋਹ ਪੂਰਾ ਕਰਨ ਅਤੇ ਸ਼ਰਧਾਂਜਲੀ ਦੇ ਰੂਪ ਵਿਚ ਉਸ ਦੀ ਸ਼ਖ਼ਸੀਅਤ ਦੇ ਕਈ ਪੱਖਾਂ ਬਾਰੇ ਚਾਨਣਾ ਪਾਇਆ ਹੈ। ਇਸ ਦੇ ਨਾਲ ਹੀ ਗਿੱਲ ਮੋਰਾਂਵਾਲੀ ਦੁਆਰਾ ਰਚੇ ਸਾਹਿਤ ਦੀ ਵੀ ਸਮੀਖਿਆ ਕਰਦਿਆਂ ਉਸ ਬਾਰੇ ਸੰਵਾਦ ਰਚਾਇਆ ਹੈ ਕਿਉਂਕਿ ਗਿੱਲ ਮੋਰਾਂਵਾਲੀ ਨੇ ਕੈਨੇਡਾ ਦੀ ਧਰਤੀ 'ਤੇ ਵਿਚਰਦਿਆਂ ਹੋਇਆਂ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਆਪਣਾ ਨਾਤਾ ਜੋੜੀ ਰੱਖਿਆ।

1964 ਤੋਂ ਕਾਵਿ ਸਾਧਨਾ ਨਾਲ ਜੁੜਿਆ ਗਿੱਲ ਕਵੀ ਵੀ ਸੀ, ਸੰਪਾਦਕ ਵੀ ਅਤੇ ਵਾਰਤਕਕਾਰ ਵੀ। ਇਸੇ ਕਰਕੇ ਹੀ ਉਸਦੀਆਂ ਰਚਨਾਵਾਂ ਉੱਤੇ ਯੂਨੀਵਰਸਿਟੀ ਪੱਧਰ ਉੱਤੇ ਖੋਜ-ਕਾਰਜ ਵੀ ਕੀਤੇ ਗਏ ਜਿਨ੍ਹਾਂ ਦਾ ਬਿਓਰਾ ਇਸ ਪੁਸਤਕ ਵਿਚ ਦਰਜ ਕੀਤਾ ਗਿਆ ਹੈ। ਗਿੱਲ ਦੀ ਸ਼ਖ਼ਸੀਅਤ ਬਾਰੇ ਲਿਖੀ ਇਸ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਉਸ ਦੇ ਸਕੇ ਸਬੰਧੀਆਂ ਅਤੇ ਸਨੇਹੀਆਂ ਦੇ ਉਹ ਦਿਲੀ ਉਦਗਾਰ ਦਰਜ ਕੀਤੇ ਗਏ ਹਨ ਜਿਹੜੇ ਗਿੱਲ ਦੀ ਨਾ ਪੂਰੀ ਹੋਣ ਵਾਲੀ ਘਾਟ ਬਾਰੇ ਸਨੇਹਮਈ ਅਹਿਸਾਸਾਂ ਦੇ ਰੂਪ ਵਿਚ ਪ੍ਰਗਟ ਹੋਏ ਹਨ। ਇਸ ਭਾਗ ਵਿਚ ਉਸ ਦੀ ਸ਼ਖ਼ਸੀਅਤ ਨੂੰ ਵੱਖ-ਵੱਖ ਵਿਸ਼ੇਸ਼ਣਾਂ ਨਾਲ ਚਿਤਰਿਆ ਗਿਆ ਹੈ। ਪੁਸਤਕ ਦੇ ਦੂਜੇ ਭਾਗ ਵਿਚ ਗਿੱਲ ਮੋਰਾਂਵਾਲੀ ਦੀ ਸਾਹਿਤ ਰਚਨਾ ਨੂੰ ਵੱਖ-ਵੱਖ ਵਿਦਵਾਨਾਂ ਵੱਲੋਂ ਆਲੋਚਨਾਤਮਕ ਨਜ਼ਰੀਏ ਤੋਂ ਨਿਰਖਿਆ ਪਰਖਿਆ ਗਿਆ ਹੈ। ਭਾਗ ਤੀਜੇ ਵਿਚ ਗਿੱਲ ਮੋਰਾਂਵਾਲੀ ਦੀਆਂ ਪਰਿਵਾਰਕ ਤੇ ਸਾਹਿਤਕ ਦੋਸਤਾਂ ਮਿੱਤਰਾਂ ਦੀਆਂ ਤੇ ਉਸਨੂੰ ਮਿਲੇ ਸਨਮਾਨਾਂ ਦੀਆਂ ਵੀ ਬਹੁਤ ਹੀ ਖ਼ੂਬਸੂਰਤ ਤਸਵੀਰਾਂ ਪੇਸ਼ ਕੀਤੀਆਂ ਗਈਆਂ ਹਨ। ਚੌਥੇ ਭਾਗ 'ਚ ਵੱਖ-ਵੱਖ ਸੰਸਥਾਵਾਂ ਵੱਲੋਂ ਗਿੱਲ ਮੋਰਾਂਵਾਲੀ ਨੂੰ ਮਿਲੇ ਮਾਨਾਂ-ਸਨਮਾਨਾਂ ਦੇ ਵੇਰਵੇ ਤੇ ਉਨ੍ਹਾਂ ਦੇ ਸਾਹਿਤ 'ਤੇ ਹੋਏ ਖੋਜ-ਕਾਰਜਾਂ ਦੀ ਸੂਚੀ ਦਰਜ ਹੈ।




'ਤੂੰ ਚਾਨਣੀ ਬਿਖੇਰੀਂ' ਸੀਰਾ ਗਰੇਵਾਲ ਰੌਂਤਾ ਦਾ ਪਲੇਠਾ ਕਾਵਿ-ਸੰਗ੍ਰਹਿ ਹੈ ਜਿਸ ਵਿਚ ਉਸਦੀਆਂ 63 ਕਾਵਿ-ਰਚਨਾਵਾਂ ਪੇਸ਼ ਹੋਈਆਂ ਹਨ। ਇਨ੍ਹਾਂ ਰਚਨਾਵਾਂ ਵਿਚ ਦਰਜਨ ਦੇ ਕਰੀਬ ਗ਼ਜ਼ਲਾਂ ਵੀ ਸ਼ਾਮਿਲ ਹਨ। ਜਦੋਂ ਅਸੀਂ ਸੀਰਾ ਗਰੇਵਾਲ ਰੌਂਤਾ ਦੇ ਇਸ ਕਾਵਿ-ਸੰਗ੍ਰਹਿ ਨੂੰ ਥੀਮਕ ਪੱਖੋਂ ਵਿਚਾਰਦੇ ਹਾਂ ਤਾਂ ਇਸ ਵਿਚ ਇਕ ਪਹਿਲੂ ਉਭਰਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਕਵੀ ਸ਼ੋਸ਼ਿਤ ਧਿਰ ਨਾਲ ਖੜ੍ਹਾ ਹੋ ਕੇ ਆਪਣੀ ਆਵਾਜ਼ ਬੁਲੰਦ ਕਰਦਾ ਹੈ ਅਤੇ ਸ਼ੋਸ਼ਣ ਕਰਨ ਵਾਲੀ ਧਿਰ ਨੂੰ ਰੋਹਮਈ ਵੰਗਾਰ ਵੀ ਪੇਸ਼ ਕਰਦਾ ਹੈ। ਭਾਵੇਂ ਨਜ਼ਮਾਂ ਹੋਣ ਜਾਂ ਗ਼ਜ਼ਲਾਂ ਕਵੀ ਦੁਆਰਾ ਇਸ ਸਮਾਜਿਕ ਕਾਣੀ ਵੰਡ, ਅਸਮਾਨਤਾ ਅਤੇ ਹੱਕਾਂ 'ਤੇ ਡਾਕੇ ਮਾਰਨ ਵਾਲੀਆਂ ਸ਼ਕਤੀਆਂ ਦੀ ਨਿਸ਼ਾਨਦੇਹੀ ਦੇ ਨਾਲ ਲੋਕਾਂ ਨੂੰ ਹੱਕਾਂ ਪ੍ਰਤੀ ਸੁਚੇਤ ਵੀ ਕੀਤਾ ਹੈ।

ਕਵੀ ਨੂੰ ਲੋਕ-ਸੰਘਰਸ਼ ਵਿਚ ਆਈ ਖੜੋਤ ਵਿੱਚੋਂ ਨਿਰਾਸ਼ਾ ਕਦਾਚਿਤ ਵੀ ਦਿਖਾਈ ਨਹੀਂ ਦਿੰਦੀ ਸਗੋਂ ਉਹ ਤਾਂ ਇਸ ਨੂੰ ਕਾਫ਼ਲੇ ਦੇ ਵਿਸ਼ਰਾਮ ਦਾ ਨਾਂ ਦਿੰਦਾ ਹੈ ਕਿ ਲੋਕ ਆਰਾਮ ਕਰਨ ਤੋਂ ਬਾਅਦ ਫਿਰ ਸੰਘਰਸ਼ ਦਾ ਬਿਗਲ ਵਜਾਉਣਗੇ :

*ਸੂਰਜ ਦਾ ਅਸਤ ਹੋਣਾ*
*ਚਾਨਣ ਦੀ ਮੌਤ ਨਹੀਂ*
*ਸਿਰਫ਼ ਵਿਸ਼ਰਾਮ ਹੈ*
*ਕਿਰਨਾਂ ਦੇ ਕਾਫ਼ਲੇ ਦਾ।*

ਕਵੀ ਦੀ ਕਵਿਤਾ ਵਿਚ ਕਿਸੇ ਹੁਸੀਨ ਦੀਆਂ ਜ਼ੁਲਫਾਂ ਦੇ ਸੋਹਲੇ ਨਹੀਂ ਗਾਏ ਗਏ ਸਗੋਂ ਉਹ ਤਾਂ ਨਾ-ਇਨਸਾਫੀ ਦੇ ਸ਼ਿਕਾਰ ਲੋਕਾਂ ਦੇ ਗੀਤ ਲਿਖਦਾ ਹੈ ਕਿਉਂਕਿ ਉਸ ਲਈ ਜ਼ਮੀਰ ਮਾਰ ਕੇ ਲਿਖਣਾ ਕਦੇ ਵੀ ਗਵਾਰਾ ਨਹੀਂ। ਉਹ ਜਾਤ ਪਾਤ ਵਰਗੇ ਕੁਹਜ ਨੂੰ ਸਮਾਜ ਵਿੱਚੋਂ ਹੂੰਝ ਕੇ ਬਾਹਰ ਸੁੱਟਣਾ ਚਾਹੁੰਦਾ ਹੈ, ਉਸ ਨੂੰ ਭ੍ਰਿਸ਼ਟਾਚਾਰੀ ਤਾਕਤਾਂ ਦੀ ਪਛਾਣ ਹੈ। ਇਸ ਲਈ ਉਹ ਉਨ੍ਹਾਂ ਦੇ ਖ਼ਿਲਾਫ਼ ਝੰਡਾ ਬੁਲੰਦ ਕਰਦਾ ਹੈ। ਇਸੇ ਕਰਕੇ ਉਸ ਦੀ ਕਵਿਤਾ ਸ਼ਾਂਤ ਪਾਣੀ ਵਰਗੀ ਨਹੀਂ ਸਗੋਂ ਮਜ਼ਦੂਰ ਦੇ ਮੁੜ੍ਹਕੇ ਦੀਆਂ ਬੂੰਦਾਂ ਵਰਗੀ ਹੈ ਜੋ ਅਸਲੀ ਸਨਮਾਨ ਦੇ ਹੱਕਦਾਰ ਅਤੇ ਸਮਾਜ ਦੇ ਵਾਰਿਸ ਹਨ। ਸੀਰੇ ਦੀ ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਕਵਿਤਾ ਵਰਗੀ ਪ੍ਰਗਤੀਵਾਦੀ ਸੁਰ ਅਤੇ ਪਾਸ਼ ਦੀ ਕਵਿਤਾ ਵਰਗੀ ਰੋਹਮਈ ਵੰਗਾਰ ਹੈ ਜੋ ਪਾਠਕ ਨੂੰ ਆਪਣੇ ਨਾਲ ਤੋਰ ਲੈਂਦੀ ਹੈ।

• ਸਰਦੂਲ ਸਿੰਘ ਔਜਲਾ



# ਕੱਪੜਾ ਐਸੋਸੀਏਸ਼ਨ ਵੱਲੋਂ ਕੰਵਰ ਇਕਬਾਲ ਸਿੰਘ ਨੂੰ ਪੰਜਾਬ ਸਰਕਾਰ ਦੇ ਚੰਡੀਗੜ੍ਹ ਸਥਿੱਤ ਦਫ਼ਤਰ ਵਿੱਚ ਉੱਚਾ ਅਹੁਦਾ ਮਿਲਣ ਤੇ ਕੀਤਾ ਗਿਆ ਸਨਮਾਨਿਤ



**ਕਪੂਰਥਲਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੱਪੜਾ ਐਸੋਸੀਏਸ਼ਨ ਕਪੂਰਥਲਾ ਦੇ ਸਮੂਹ ਅਹੁਦੇਦਾਰਾਂ ਅਤੇ ਦੁਕਾਨਦਾਰਾਂ ਵੱਲੋਂ ਵਪਾਰ ਮੰਡਲ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ÷ਕੰਵਰ ਇਕਬਾਲ ਸਿੰਘ÷ ਜੀ ਨੂੰ ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਸਾਹਿਬ ਵੱਲੋਂ ਸਰਕਾਰ ਦੇ ਅਦਾਰੇ ÷ਪੰਜਾਬ ਸਟੇਟ ਕੌਂਸਲ ਆਫ਼ ਸਾਇੰਸ ਐਂਡ ਟੈਕਨੋਲੋਜੀ ਡਿਪਾਰਟਮੈਂਟ ਪੰਜਾਬ÷ ਦੀ ਤਿੰਨ ਮੈਂਬਰੀ ਕਮੇਟੀ ਵਿੱਚ ਸੀਨੀਅਰ ਮੈਂਬਰ ਵਜੋਂ ਨਿਯੁਕਤ ਕਰਨ ਦੀ ਖੁਸ਼ੀ ਵਿੱਚ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਸਥਾਨਕ ਬੈਸਟ ਵੈਸਟਰਨ ਹੋਟਲ ਵਿੱਚ ਕਰਕੇ ਆਪਣੇ ਵਪਾਰੀ ਭਰਾ ਅਤੇ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਦਾ ਫੁੱਲਾਂ ਦੇ ਗੁਲਦਸਤੇ, ਸਨਮਾਨ ਚਿੰਨ੍ਹ ਅਤੇ ਦੁਸ਼ਾਲੇ ਨਾਲ਼ ਵਿਸ਼ੇਸ਼ ਸਨਮਾਨ ਕੀਤਾ ਗਿਆ!

ਕੱਪੜਾ ਐਸੋਸੀਏਸ਼ਨ ਕਪੂਰਥਲਾ ਦੇ ਅਹੁਦੇਦਾਰਾਂ ਵਿੱਚ ਸ਼ਾਮਿਲ ਨਰੋਤਮ ਕਲਾਥ ਹਾਊਸ ਤੋਂ ਨਰੋਤਮ ਸ਼ਰਮਾ, ਬੰਬੇ ਕਲਾਥ ਹਾਊਸ ਤੋਂ ਕੁਲਤਾਰ ਸਿੰਘ, ਕਾਲੀਆ ਕਲਾਥ ਹਾਊਸ ਤੋਂ ਨਰੇਸ਼ ਕਾਲੀਆਂ, ਚੋਪੜਾ ਕਲਾਥ ਹਾਊਸ ਤੋਂ ਅਸ਼ੋਕ ਚੋਪੜਾ ਆਦਿ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਕੰਵਰ ਇਕਬਾਲ ਸਿੰਘ ਜੀ ਪਿਛਲੇ ਲੰਮੇਂ ਸਮੇਂ ਤੋਂ ਜ਼ਿਲ੍ਹੇ ਦੇ ਦੁਕਾਨਦਾਰਾਂ ਦੇ ਹੱਕਾਂ ਦੀ ਲੜਾਈ ਲੜਦਿਆਂ ਹੋਇਆਂ ਸਰਕਾਰੇ-ਦਰਬਾਰੇ ਅਤੇ ਹੋਰ ਕਈ ਤਰ੍ਹਾਂ ਦੀਆਂ ਉਨ੍ਹਾਂ ਦੀਆਂ ਨਿੱਜੀ ਮੁਸ਼ਕਿਲਾਂ ਦਾ ਨਿਪਟਾਰਾ ਕਰਵਾਉਂਦੇ ਆ ਰਹੇ ਹਨ ! ਪੰਜਾਬ ਸਰਕਾਰ ਨੇ ਇਨ੍ਹਾਂ ਦੀ ਲੀਡਰਸ਼ਿਪ ਵਾਲੀ ਕਾਬਲੀਅਤ ਨੂੰ ਵੇਖਦਿਆਂ ਹੋਇਆਂ ਇਨ੍ਹਾਂ ਦੇ ਮੋਢਿਆਂ ਤੇ ਪੰਜਾਬ ਸਟੇਟ ਕੌਂਸਲ ਆਫ਼ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਪੰਜਾਬ ਵਿੱਚ ਬਹੁਤ ਵੱਡੀ ਜ਼ਿੰਮੇਵਾਰੀ ਦਿੱਤੀ ਹੈ! ਸਾਨੂੰ ਯਕੀਨ ਹੈ ਕਿ ਸਾਡੇ ਕੰਵਰ ਇਕਬਾਲ ਸਿੰਘ ਜੀ ਚੰਡੀਗੜ੍ਹ ਦੇ 26 ਸੈਕਟਰ ਵਿੱਚ ਸਥਿੱਤ ਇਸ ਵੱਕਾਰੀ ਵਿਭਾਗ ਦੇ ਦਫ਼ਤਰ ਵਿੱਚ ਚਾਰਜ ਲੈਣ ਉਪਰੰਤ ਕੁਰਸੀ ਤੇ ਬੈਠ ਕੇ ਪੂਰੇ ਪੰਜਾਬ ਦੇ ਕਾਲਜਾਂ ਯੂਨੀਵਰਸਿਟੀਆਂ ਅਤੇ ਸਾਇੰਸ ਸਿਟੀ ਵਰਗੀਆਂ ਵੱਡ ਅਕਾਰੀ ਸੰਸਥਾਵਾਂ ਨੂੰ ਬਣਦੀਆਂ ਵਿਭਾਗੀ ਸੇਵਾਵਾਂ ਦੇਣਗੇ!

ਉਨ੍ਹਾਂ ਬੜੇ ਹੀ ਮਾਣ ਨਾਲ ਕਿਹਾ ਕਿ ਕੌਮਾਂਤਰੀ ਸ਼ਾਇਰ ਵਜੋਂ ਪੂਰੀ ਦੁਨੀਆਂ ਵਿੱਚ ਨਾਮਣਾਂ ਖੱਟਣ ਵਾਲੇ ਸਾਡੇ ਵਪਾਰੀ ਭਰਾ ਕੰਵਰ ਇਕਬਾਲ ਸਿੰਘ ਨੂੰ ਪੰਜਾਬ ਸਰਕਾਰ ਵਿੱਚ ਬੜੀ ਵੱਡੀ ਸੇਵਾ ਮਿਲਣ ਤੇ ਅੱਜ ਅਸੀਂ ਸਨਮਾਨਿਤ ਕਰ ਕੇ ਆਪਣੇਂ ਆਪ ਨੂੰ ਸਨਮਾਨਿਤ ਕਰ ਰਹੇ ਹਾਂ !

ਉਪਰੋਕਤ ਆਗੂਆਂ ਤੋਂ ਇਲਾਵਾ ਹੋਰ ਦੁਕਾਨਦਾਰਾਂ ਵਿੱਚ ਸ਼ਾਮਿਲ ਸੰਜੀਵ ਮਰਵਾਹਾ, ਬਰਾਈਡਲ ਗੈਲਰੀ ਤੋਂ ਪੁਸ਼ਪਿੰਦਰ ਸਿੰਘ, ਫਤਹਿਜੀਤ ਸਿੰਘ, ਮਰਵਾਹਾ ਕਲਾਥ ਹਾਊਸ ਤੋਂ ਅੰਮਿਤ ਮਰਵਾਹਾ, ਮਨੋਜ ਚੋਪੜਾ, ਕੁਲਦੀਪ ਜੀ, ਕਰਨ ਮਹੇਸ਼ਵਰੀ, ਗੁਰਮੁੱਖ ਸਿੰਘ, ਸਮੀਰ, ਸੁਮੀਤ ਮੋਗਲਾ, ਲੋਕੇਸ਼ ਕਾਲੀਆਂ, ਪਵਨ ਗਰੋਵਰ, ਰਾਜ ਮਹਾਜਨ, ਪਵਨ ਗੁਪਤਾ, ਸੁਰਿੰਦਰ ਮੋਹਨ ਬਜਾਜ, ਵਿੱਕੀ ਗੁਪਤਾ, ਮੋਹਿਤ ਗਰੋਵਰ ਅਤੇ ਦੀਪਕ ਗਰੋਵਰ ਇਤਿਆਦਿ ਨੇ ਇਸ ਸਨਮਾਨ ਸਮਾਗਮ ਵਿੱਚ ਆਪੋ-ਆਪਣੇ ਵਿਚਾਰ ਪੇਸ਼ ਕੀਤੇ!

# ਮੁੱਢਲਾ ਸਿਹਤ ਕੇਂਦਰ ਕੌਲੀ ਵਿਖੇ ਮਾਨਸਿਕ ਸਿਹਤ, ਉਪਚਾਰਕ ਅਤੇ ਬਜ਼ੁਰਗਾਂ ਦੀ ਦੇਖਭਾਲ ਸਬੰਧੀ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ

**ਪਟਿਆਲਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ: ਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੁੱਢਲਾ ਸਿਹਤ ਕੇਂਦਰ ਕੌਲੀ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ: ਗੁਰਪ੍ਰੀਤ ਸਿੰਘ ਨਾਗਰਾ ਦੀ ਅਗਵਾਈ ਵਿੱਚ ਰਾਸ਼ਟਰੀ ਸਿਹਤ ਮਿਸ਼ਨ ਪੰਜਾਬ ਤਹਿਤ ਮਾਨਸਿਕ ਸਿਹਤ, ਉਪਚਾਰਕ ਅਤੇ ਬਜ਼ੁਰਗਾਂ ਦੀ ਦੇਖਭਾਲ ਸਬੰਧੀ ਜਾਣਕਾਰੀ ਦੇਣ ਲਈ ਆਸ਼ਾ ਵਰਕਰਾਂ ਅਤੇ ਆਸ਼ਾ ਫੈਸੀਲੀਟੇਟਰਜ਼ ਦੀ 6 ਰੋਜ਼ਾਂ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਐਸਐਮਓ ਡਾ: ਨਾਗਰਾ ਨੇ ਸਮੂਹ ਹਾਜ਼ਰੀਨ ਨੂੰ ਕਿਹਾ ਕਿ ਉਹ ਸਬੰਧਤ ਵਿਸ਼ਿਆਂ ਸਬੰਧੀ ਸਿਖਲਾਈ ਹਾਸਲ ਕਰਕੇ ਆਪਣੇ ਗਿਆਨ ਦਾ ਵਾਧਾ ਕਰਨ ਅਤੇ ਅੱਗੇ ਪਿੰਡਾਂ ਵਿੱਚ ਅਜਿਹੇ ਵਿਅਕਤੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਸਮੇਂ ਸਿਰ ਇਲਾਜ਼ ਕਰਵਾਉਣ ਦੇ ਲਈ ਪ੍ਰੇਰਿਤ ਕਰਨ।

ਇਸ ਦੌਰਾਨ ਜ਼ਿਲ੍ਹਾਂ ਟਰੇਨਰ ਬਲਾਕ ਐਕਸਟੈਸ਼ਨ ਐਜੂਕੇਟਰ ਸਰਬਜੀਤ ਸਿੰਘ ਸੈਣੀ, ਜ਼ਿਲ੍ਹਾ ਬੀਸੀਸੀ ਕੋਆਰਡੀਨੇਟਰ ਜ਼ਸਵੀਰ ਕੌਰ, ਕਮਿਊਨਿਟੀ ਹੈਲਥ ਅਫਸਰ ਡਾ: ਲਖਵਿੰਦਰ ਸਿੰਘ ਵੱਲੋਂ ਆਸ਼ਾ ਵਰਕਰਾਂ ਨੂੰ ਮਾਨਸਿਕ ਸਿਹਤ, ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਕਿਸੇ ਗੰਭੀਰ ਬਿਮਾਰੀ ਦਾ ਸਾਹਮਣਾ ਕਰ ਰਹੇ ਮਰੀਜ਼ਾਂ ਦੀ ਸਾਂਭ ਸੰਭਾਲ, ਉਨ੍ਹਾਂ ਦਾ ਮਨੋਬਲ ਵਧਾਉਣ, ਮਾਨਸਿਕ ਸਿਹਤ ਵਾਲੇ ਵਿਅਕਤੀ ਨੂੰ ਸਮੇਂ ਸਿਰ ਇਲਾਜ਼ ਲਈ ਕਹਿਣ ਆਦਿ ਬਾਰੇ ਜਾਗਰੂਕ ਕੀਤਾ ਗਿਆ। ਬੀਈਈ ਸਰਬਜੀਤ ਸਿੰਘ ਸੈਣੀ ਨੇ ਦੱਸਿਆ ਕਿ ਮੁੱਢਲਾ ਸਿਹਤ ਕੇਂਦਰ ਕੌਲੀ ਅਧੀਨ ਪੈਂਦੀਆਂ 215 ਆਸ਼ਾ ਵਰਕਰਾਂ ਅਤੇ ਆਸ਼ਾ ਫੈਸੀਲੀਟੇਟਰਜ਼ ਨੂੰ 5 ਬੈਚ ਬਣਾ ਕੇ ਸਬੰਧਤ ਵਿਸ਼ਿਆਂ ਸਬੰਧੀ ਸਿਖਲਾਈ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਪਿੰਡਾਂ ਵਿੱਚ ਸਿੱਧੇ ਤੌਰ ਉਤੇ ਲੋਕਾਂ ਦੇ ਨਾਲ ਜੁੜੀਆਂ ਹੋਈਆਂ ਹਨ ਅਤੇ ਜਦੋਂ ਆਸ਼ਾ ਵਰਕਰਾਂ ਘਰ ਘਰ ਵਿਜ਼ਟ ਕਰਕੇ ਸਰਵੇ ਕਰਦੀਆਂ ਹਨ ਤਾਂ ਇਸੇ ਦੌਰਾਨ ਹੀ ਘਰ੍ਹਾਂ ਵਿੱਚ ਰਹਿੰਦੇ ਬਜ਼ੁਰਗਾਂ, ਬੈਡ ਉਤੇ ਪਏ ਮਰੀਜ਼ਾਂ ਅਤੇ ਮਾਨਸਿਕ ਸਿਹਤ ਵਾਲੇ ਮਰੀਜ਼ਾਂ ਦੀ ਪਹਿਚਾਣ ਕਰਕੇ ਉਨ੍ਹਾਂ ਦਾ ਵੇਰਵਾ ਤਿਆਰ ਕਰਕੇ ਬਣਦੀਆਂ ਸਿਹਤ ਸੇਵਾਵਾਂ ਦਿਵਾਉਣ ਵਿੱਚ ਸਹਾਈ ਸਿੱਧ ਹੋ ਸਕਦੀਆਂ ਹਨ।



ਸਿਹਤ ਕੇਂਦਰ ਕੌਲੀ ਵਿਖੇ ਐਸਐਮਓ ਡਾ: ਗੁਰਪ੍ਰੀਤ ਸਿੰਘ ਨਾਗਰਾ ਤੇ ਬੀਈਈ ਸਰਬਜੀਤ ਸਿੰਘ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਜਾਣਕਾਰੀ ਦਿੰਦੇ ਹੋਏ।

# ਸ਼੍ਰੀ ਮਦਭਾਗਵਤ ਸਪਤਾਹ ਦੀ ਕਥਾ ਦੇ ਤੀਜੇ ਦਿਨ ਧਰੁਵ ਭਗਤ ਦੀ ਕਥਾ ਸੁਣਾਈ



**ਬਠਿੰਡਾ 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੇਸਹਾਰਾ ਗਊਸ਼ਾਲਾ ਵਿੱਚ ਹੋ ਰਹੀ ਸ਼੍ਰੀ ਮਦਭਾਗਵਤ ਦੀ ਕਥਾ ਦੇ ਤੀਜੇ ਦਿਨ ਵਿਆਸਗੱਦੀ ਦੇ ਪ੍ਰਵਕਤਾ ਸ਼੍ਰੀ ਅਸ਼ਵਨੀ ਸ਼ਰਮਾ ਜੀ ਕਾਲਾਂਵਾਲੀ ਵਾਲ਼ਿਆਂ ਨੇ ਧਰੁਵ ਭਗਤ ਦੀ ਕਥਾ ਸੁਣਾਈ ਜਿਸ ਵਿੱਚ ਧਰੁਵ ਜੀ ਦੀ ਪ੍ਰਭੂ ਭਗਤੀ ਦਾ ਜਿਕਰ ਆਉਂਦਾ ਹੈ, ਜਦੋਂ ਧਰੁਵ ਜੀ ਪੱਕਾ ਇਰਾਦਾ ਕਰ ਲੈਂਦੇ ਹਨ ਤੇ ਭਗਤੀ ਕਰਨ ਵਾਸਤੇ ਤੁਰ ਪੈਂਦੇ ਹਨ ਤਾਂ ਓਹਨਾਂ ਦੀ ਮਾਤਾ ਅਤੇ ਪਿਤਾ ਨੂੰ ਜਦੋਂ ਪਤਾ ਲੱਗਾ ਕਿ ਓਹਨਾਂ ਦਾ ਪੁੱਤਰ ਧਰੁਵ ਭਗਤੀ ਕਰਨ ਵਾਸਤੇ ਜਾ ਰਿਹਾ ਹੈ ਤਾਂ ਓਹਨਾ ਨੇ ਧਰੁਵ ਜੀ ਨੂੰ ਰੋਕਣ ਵਾਸਤੇ ਤਰ੍ਹਾ ਤਰ੍ਹਾ ਦੇ ਲੋਭ ਦਿਤੇ ਜਿਵੇ ਰੋਟੀ ਓਹਨਾਂ ਨੂੰ ਪਹਿਲਾਂ ਜੋਆਂ ਦੇ ਆਟੇ ਦੀ ਰੋਟੀ ਮਿਲਦੀ ਸੀ ਤੇ ਹੁਨ ਕਨਕ ਦੇ ਆਟੇ ਦੀ ਰੋਟੀ ਦਾ ਲੋਭ ਦਿੱਤਾ ਗਿਆ, ਉਹ ਨਹੀਂ ਮੰਨੇ ਫ਼ਿਰ ਓਹ ਾ ਨੂੰ ਰਾਜੇ ਜਾਣੇ ਕਿ ਓਹਨਾ ਦੇ ਪਿਤਾ ਵਲੋ ਪੰਜ ਪਿੰਡ ਦੇਣ ਦੀ ਗੱਲ ਕਹੀ ਤਾਂ ਵੀ ਧਰੁਵ ਜੀ ਨਹੀਂ ਮੰਨੇ ਫਿਰ ਉਸਤੋਂ ਬਾਅਦ ਕਈ ਲੋਭ ਓਹਨਾਂ ਨੂੰ ਦਿੱਤੇ ਗਏ ਪਰ ਧਰੁਵ ਜੀ ਅਪਣੇ ਇਰਾਦੇ ਤੇ ਪੱਕੇ ਰਹੇ ਤੇ ਭਗਤੀ ਮਾਰਗ ਤੇ ਤੁਰ ਪਏ, ਇਸ ਤਰ੍ਹਾ ਧਰੁਵ ਜੀ ਨੇ ਵਰਿੰਦਾਵਨ ਦੇ ਮਧੂਬਨ ਵਿਚ ਪ੍ਰਭੂ ਦੀ 6 ਮਹੀਨੇ ਤਕ ਭਗਤੀ ਕੀਤੀ

ਓਹਨਾ ਦੀ ਦ੍ਰਿੜ ਭਗਤੀ ਕਰਕੇ ਪ੍ਰਭੂ ਨੇ ਧਰੁਵ ਜੀ ਨੂੰ ਦਰਸ਼ਨ ਦਿੱਤੇ ਤੇ 36000 ਸਾਲ ਤਕ ਰਾਜ ਦਾ ਆਸ਼ੀਰਵਾਦ ਦਿੱਤਾ ਇਸਦੇ ਨਾਲ ਅਸ਼ਵਨੀ ਸ਼ਰਮਾ ਜੀ ਨੇ ਆਪਣੇ ਘਰੇ ਰੋਜ 5 ਯੱਗ ਕਰਨ ਦੀ ਗੱਲ ਕਹੀ, ਤੇ ਅਪਣੇ ਇਸ ਜੀਵਨ ਨੂੰ ਸੁਧਾਰਨ ਲਈ ਦੀ ਗੱਲ ਕਹੀ ਤੇ ਭਗਤੀ ਦੀ ਮਹੱਤਤਾ ਬਾਰੇ ਦੱਸਿਆ ਕਿ ਮਨੁੱਖ ਦਵਾਰਾ ਕੀਤੀ ਗਈ ਭਗਤੀ ਕਦੇ ਵੀ ਵਿਅਰਥ ਨਹੀਂ ਜਾਂਦੀ ਸਗੋਂ ਕਈ ਜਨਮਾਂ ਤੱਕ ਕੰਮ ਆਉਂਦੀ ਹੈਉਂ

ਇਸ ਮੌਕੇ ਤੇ। ਨਰਿੰਦਰ ਬਾਂਸਲ, ਦੀਪਕ ਭਗਤ,ਰਾਜ ਕੁਮਾਰ ਲਿਲੀ, ਅੰਮ੍ਰਿਤਪਾਲ ਟੱਲੀ, ਲਾਜਪਤ ਰਾਏ ਗੋਇਲ, ਰਾਜਿੰਦਰ ਕੁਮਾਰ, ਵਿਜੇ ਗੋਇਲ, ਕੇਵਲ ਕ੍ਰਿਸ਼ਨ ਗੋਇਲ, ਰਾਓ ਸੁਰਜੀਤ, ਦਲਜੀਤ ਖੁਰਮੀ, ਸੰਜੇ ਗਰਗ, ਗਗਨਦੀਪ ਸ਼ਰਮਾਂ, ਸੁਰੇਸ਼ ਠੇਕੇਦਾਰ, ਦਵਿੰਦਰ ਦੀਪੂ, ਪਵਨ ਕੁਮਾਰ ਬੁਰਜਾਂ ਵਾਲੇ, ਰਜੇਸ਼ ਕੁਮਾਰ ਬਿੱਟੂ, ਪ੍ਰਿੰਸ ਰੋਮਾਣਾ, ਆਦਿ ਹਾਜ਼ਿਰ ਸਨ।

# ਪ੍ਰਾਈਵੇਟ ਬਿਲਡਿੰਗ ਕੰਟਰੈਕਟਰ ਯੂਨੀਅਨ ਪਟਿਆਲਾ ਦੀ ਸਲਾਨਾ ਚੋਣ ਆਯੋਜਿਤ



**ਪਟਿਆਲਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਪ੍ਰਾਈਵੇਟ ਬਿਲਡਿੰਗ ਕੰਟਰੈਕਟਰ ਯੂਨੀਅਨ ਪਟਿਆਲਾ ਦੀ ਸਲਾਨਾ ਚੋਣ ਹੋਈ ਜਿਸ ਵਿਚ ਪ੍ਰਧਾਨ ਹਰਪਾਲ ਸਿੰਘ, ਚੇਅਰਮੈਨ ਸੋਮ ਸਿੰਘ, ਸਰਪ੍ਰਸਤ ਸਰਦਾਰਾ ਸਿੰਘ, ਵਾਇਸ ਚੇਅਰਮੈਨ ਗੁਰਦਿਆਲ ਸਿੰਘ, ਸੀਨੀਅਰ ਪ੍ਰਧਾਨ ਰਾਮ ਕਿਸ਼ਨ, ਵਾਇਸ ਪ੍ਰਧਾਨ ਜਗਜੀਵਨ ਸਿੰਘ, ਮੀਤ ਪ੍ਰਧਾਨ ਮਲਮਿੰਦਰ ਸਿੰਘ, ਜਨਰਲ ਸੈਕਟਰੀ, ਕਰਮਜੀਤ ਸਿੰਘ, ਮੀਤ ਸੈਕਟਰੀ ਕੁਲਵੰਤ ਸਿੰਘ, ਖ਼ਜ਼ਾਨਚੀ, ਸੁੱਚਾ ਸਿੰਘ, ਮੀਤ ਖ਼ਜ਼ਾਨਚੀ ਰਣਜੀਤ ਸਿੰਘ, ਪ੍ਰੈਸ ਸੈਕਟਰੀ ਅਡਵਾਇਜ਼ਰ ਰਾਮ ਸਿੰਘ ਬੰਗ ਤੇ ਜਗਜੀਤ ਸਿੰਘ ਸੱਗੂ, ਸਟੇਜ ਸੈਕਟਰੀ ਰਣਜੀਤ ਸਿੰਘ, ਆਫਿਸ ਸੈਕਟਰੀ ਗੁਰਸਰੂਪੀ ਤੇ ਸੁਰਿੰਦਰ ਕੁਮਾਰ ਦੀ ਚੋਣ ਕੀਤੀ ਗਈ। ਇਸੇ ਤਰ੍ਹਾਂ ਭੁਪਿੰਦਰ ਸਿੰਘ, ਗੁਰਮੇਲ ਸਿੰਘ ਖੇੜਕੀ, ਜਸਵੀਰ ਸਿੰਘ, ਗੁਰਜੀਤ ਸਿੰਘ, ਦਰਸ਼ਨ ਸਿੰਘ, ਹਰਦਿਆਲ ਸਿੰਘ, ਭੂਸ਼ਨ ਕੁਮਾਰ, ਸੁਖਬੀਰ ਸਿੰਘ, ਰਾਜ ਨਰਾਇਣ ਪਾਡੇ, ਵਿਰਮਲ ਸਿੰਘ ਐਗਜ਼ੈਕਟਿਵ ਮੈਂਬਰ ਚੁਣੇ ਗਏ।

ਇਸ ਮੀਟਿੰਗ ਵਿਚ ਨਵ ਨਿਯੁਕਤ ਪ੍ਰਧਾਨ ਤੇ ਜਨਰਲ ਸੈਕਟਰੀ ਨੇ ਕਿਹਾ ਕਿ ਅਸੀਂ ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਨਾਲ ਲੈ ਕੇ ਚੱਲਾਂਗੇ ਅਤੇ ਹਰ ਇਕ ਮੈਂਬਰ ਨਾਲ ਸਲਾਹ ਮਸ਼ਵਰਾ ਕਰਕੇ ਹੀ ਕੰਮ ਕੀਤਾ ਜਾਵੇਗਾ। ਇਹ ਜਾਣਕਾਰੀ ਜਰਨਲ ਸੈਕਟਰੀ ਕਰਮਜੀਤ ਸਿੰਘ ਨੇ ਦਿੱਤੀ।

# ਆਸ਼ੂਤੋਸ਼ ਮਹਾਰਾਜ ਆਯੁਰਵੈਦਿਕ ਮੈਡੀਕਲ ਸੈਂਟਰ ਵਿੱਚ ਹੁਨਰਮੰਦ ਵੈਦਾਂ ਦੁਆਰਾ ਹਰ ਐਤਵਾਰ ਨੂੰ ਨਾੜੀ ਦੀ ਜਾਂਚ ਕੀਤੀ ਜਾਂਦੀ ਹੈ।

**ਕਪੂਰਥਲਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ, ਡਿਪਸ ਕਲੋਨੀ, ਸੰਧੀ ਐਨਕਲੇਵ, ਸ਼ੇਖੂਪੁਰ, ਕਪੂਰਥਲਾ ਵਿਖੇ ਨਵੇਂ ਬਣੇ ਸ਼੍ਰੀ ਆਸ਼ੂਤੋਸ਼ ਮਹਾਰਾਜ ਆਯੁਰਵੈਦਿਕ ਮੈਡੀਕਲ ਸੈਂਟਰ ਵਿੱਚ ਹੁਨਰਮੰਦ ਵੈਦਾਂ ਦੁਆਰਾ ਹਰ ਐਤਵਾਰ ਨੂੰ ਨਾੜੀ ਦੀ ਜਾਂਚ ਕੀਤੀ ਜਾਂਦੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੀ ਸ਼ਾਖਾ ਮੁਖੀ ਸਾਧਵੀ ਗੁਰਪ੍ਰੀਤ ਭਾਰਤੀ ਜੀ ਨੇ ਦੱਸਿਆ ਕਿ ਹਰ ਐਤਵਾਰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਸਤਿਸੰਗ ਆਸ਼ਰਮ ਕਪੂਰਥਲਾ ਵਿੱਚ ਬਣੇ ਸ਼੍ਰੀ ਆਸ਼ੂਤੋਸ਼ ਮਹਾਰਾਜ ਆਯੁਰਵੈਦਿਕ ਮੈਡੀਕਲ ਸੈਂਟਰ ਦੇ ਤਜਰਬੇਕਾਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਂਦੀ ਹੈ। ਢੁਕਵੀਂ ਸਲਾਹ ਦਿੱਤੀ ਜਾਂਦੀ ਹੈ। ਵਾਤ, ਪਿੱਤ ਅਤੇ ਕਫ਼ ਰਾਹੀਂ ਸਰੀਰ ਦੇ ਸੁਭਾਅ ਅਤੇ ਬਿਮਾਰੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਆਯੁਰਵੈਦਿਕ ਦਵਾਈਆਂ, ਪੰਚਕਰਮ, ਯੋਗਾ ਅਤੇ ਪ੍ਰਾਣਾਯਾਮ ਰਾਹੀਂ ਸਫ਼ਲ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ। ਜੇਕਰ ਕੋਈ ਵਿਅਕਤੀ ਆਯੁਰਵੈਦਿਕ ਇਲਾਜ ਦਾ ਲਾਭ ਲੈਣਾ ਚਾਹੁੰਦਾ ਹੈ ਤਾਂ ਉਹ ਮਰੀਜ਼ ਵੈਦ ਤੋਂ ਆਪਣੀ ਜਾਂਚ ਕਰਵਾ ਸਕਦਾ ਹੈ।ਤੁਹਾਨੂੰ ਨਬਜ਼ ਦੀ ਜਾਂਚ ਲਈ ਖਾਲੀ ਪੇਟ ਹੀ ਆਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਆਯੁਰਵੈਦਿਕ ਉਤਪਾਦਾਂ ਦੇ ਨਵੇਂ ਖੋਲ੍ਹੇ ਗਏ ਸੰਜੀਵਿਕਾ ਆਊਟਲੈਟ 'ਤੇ ਜਾ ਕੇ ਤੁਸੀਂ ਵਾਜਬ ਕੀਮਤਾਂ 'ਤੇ ਵਧੀਆ ਗੁਣਵੱਤਾ ਵਾਲੇ ਆਯੁਰਵੈਦਿਕ ਉਤਪਾਦ ਵੀ ਪ੍ਰਾਪਤ ਕਰ ਸਕਦੇ ਹੋ।



# ਪੰਜਾਬ 'ਚ ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ ਪਰ ਆਰਟੀਓ ਦਫਤਰ ਜਲੰਧਰ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ: ਰਜਿੰਦਰ ਬੇਰੀ




**ਜਲੰਧਰ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲਾ ਕਾਂਗਰਸ ਕਮੇਟੀ ਸ਼ਹਿਰੀ ਵਲੋ ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ ।ਇਸ ਮੌਕੇ ਤੇ ਕਾਂਗਰਸੀ ਅਹੁਦੇਦਾਰਾਂ ਤੇ ਵਰਕਰਾਂ ਵਲੋ ਜਮ ਕੇ ਮੁਖ ਮੰਤਰੀ ਦੇ ਖਿਲਾਫ ਜਮ ਕੇ ਨਾਅਰੇਬਾਜੀ ਕੀਤੀ ਗਈ । ਇਸ ਮੌਕੇ ਤੇ ਬੋਲਦਿਆਂ ਜਿਲਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਦੀ ਸਰਕਾਰ ਝੂਠਿਆਂ ਦੀ ਸਰਕਾਰ ਹੈ, ਇਨਾਂ ਦੇ ਮੁਖ ਮੰਤਰੀ ਤੇ ਚੁਣੇ ਹੋਏ ਨੁਮਾਇੰਦੇ ਸ਼ਰੇਆਮ ਝੂਠੇ ਬੋਲ ਰਹੇ ਹਨ ਆਮ ਜਨਤਾ ਦਾ ਕੋਈ ਕੰਮ ਨਹੀ ਹੋ ਰਿਹਾ ਹੈ । ਆਰ.ਟੀ.ਓ ਦਫਤਰ ਜਲੰਧਰ ਵਿਚ ਲਗਭਗ 20,000 ਲਾਇਸੈਂਸ ਤੇ ਆਰ.ਸੀ ਦੀਆਂ ਫਾਇਲਾਂ ਪੈਂਡਿੰਗ ਪਈਆ ਹਨ ਜਿਸ ਦਾ ਰਿਕਾਰਡ ਜਲਦ ਹੀ ਲਿਮਕਾ ਬੁਕ ਵਿਚ ਦਰਜ ਹੋਣ ਜਾ ਰਿਹਾ ਹੈ । ਪੰਜਾਬ ਸਰਕਾਰ ਆਪ ਦੇ ਦੁਆਰ ਜੋ ਕੈਂਪ ਲਗਾਏ ਜਾ ਰਹੇ ਹਨ ਉਨਾਂ ਕੈਂਪਾਂ ਵਿਚ ਕੋਈ ਕੰਮ ਨਹੀ ਹੋ ਰਿਹਏ ਇਹ ਸਿਰਫ ਲੋਕਾਂ ਨੂੰ ਕੈਂਪਾਂ ਤੇ ਬੁਲਾ ਕੇ ਫੋਟੋ ਸ਼ੈਸ਼ਨ ਕੀਤਾ ਜਾ ਰਿਹਾ ਹੈ ।

ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਸਟੇਜਾਂ ਤੇ ਭਾਸ਼ਨ ਦਿੰਦੇ ਹਨ ਕਿ ਲੋਕਾਂ ਦੇ ਕੰਮ ਘਰਾਂ ਵਿਚ ਹੀ ਹੋਣਗੇ, ਲੋਕਾਂ ਨੂੰ ਦਫਤਰਾਂ ਦੇ ਚਕਰ ਨਹੀ ਲਗਾਉਣੇ ਪੈਣਗੇ ਪਰ ਅੱਜ ਵੀ ਲੋਕ ਦਫਤਰਾਂ ਵਿਚ ਚੱਕਰ ਲਗਾਉਣ ਲਈ ਮਜਬੂਰ ਹਨ । ਦਫਤਰਾਂ ਵਿਚ ਆ ਕੇ ਵੀ ਕੋਈ ਨਹੀ ਮਿਲਦਾ । ਆਰ.ਟੀ.ਓ ਦਫਤਰਾਂ ਦੀਆਂ ਖਿੜਕੀਆਂ ਬੰਦ ਪਈਆਂ ਹਨ । ਲੋਕ ਕਲਰਕਾਂ ਨੂੰ ਲਭਦੇ ਫਿਰਦੇ ਹਨ । ਅੱਜ ਤਕ ਕਿਨੀਆਂ ਸਰਕਾਰਾਂ ਆਈਆਂ ਪਰ ਇਹ ਇਤਿਹਾਸ ਹੈ ਕਿ ਕੋਈ ਅਫਸਰ ਲਗਣ ਨੂੰ ਤਿਆਰ ਨਹੀ । ਜਲੰਧਰ ਵਰਗੇ ਵਡੇ ਜਿਲੇ ਵਿਚ ਪਕੇ ਤੌਰ ਤੇ ਆਰ.ਟੀ.ਓ ਦੀ ਨਿਯੁਕਤੀ ਹੋਣੀ ਚਾਹੀਦੀ ਹੈ । ਵਾਧੂ ਚਾਰਜ ਦੇ ਕੇ ਚਲਾਏ ਜਾ ਰਹੇ ਕੰਮਾਂ ਨਾਲ ਲੋਕਾਂ ਦੇ ਕੰਮ ਪ੍ਰਭਾਵਿਤ ਹੁੰਦੇ ਹਨ । ਜਲਦ ਤੋ ਜਲਦ ਜਲੰਧਰ ਜਿਲੇ ਵਿਚ ਪੱਕੇ ਤੋਰ ਤੇ ਆਰ.ਟੀ.ਓ ਦੀ ਨਿਯੁਕਤੀ ਕੀਤੀ ਜਾਵੇ । ਪੰਜਾਬ ਦੇ ਮੁਖ ਮੰਤਰੀ ਕਹਿੰਦੇ ਹਨ ਕਿ ਪੰਜਾਬ ਵਿਚੋ ਭ੍ਰਿਸ਼ਟਾਚਾਰ ਖਤਮ ਹੋ ਚੁਕਾ ਹੈ ਪਰ ਆਰ.ਟੀ.ਓ ਦਫਤਰ ਜਲੰਧਰ ਵਿਚ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ । ਇਸ ਮੌਕੇ ਤੇ ਪਰਮਜੋਤ ਸਿੰਘ ਸ਼ੈਰੀ ਚਢਾ ਸੀਨੀਅਰ ਉਪ ਪ੍ਰਧਾਨ ਜਿਲਾ ਕਾਂਗਰਸ, ਪ੍ਰੇਮ ਨਾਥ ਦਕੋਹਾ, ਰਾਜੇਸ਼ ਜਿੰਦਲ ਟੋਨੂੰ, ਨਰੇਸ਼ ਵਰਮਾ, ਵਿਕਾਸ ਸੰਗਰ, ਰਵਿੰਦਰ ਸਿੰਘ ਲਾਡੀ, ਗੁਰਜੀਤ ਸਿੰਘ ਕਾਹਲੋ, ਰਣਦੀਪ ਸੰਧੂ, ਰਾਜੂ ਅੰਬੇਦਕਰ, ਰਾਕੇਸ਼ ਕੁਮਾਰ, ਜਗਜੀਤ ਸਿੰਘ ਜੀਤਾ, ਸੰਜੂ ਅਰੋੜਾ, ਜਗਦੀਸ਼ ਦਕੋਹਾ, ਵਿਜੇ ਦਕੋਹਾ ਡਾ ਜਸਲੀਨ ਸੇਠੀ, ਜਗਦੀਸ਼ , ਸਮਰਾਏ, ਤਰਸੇਮ ਲਖੋਤਰਾ, ਬਿਸ਼ਮਬਰ ਕੁਮਾਰ, ਨਰਿੰਦਰ ਪਹਿਲਵਾਨ, ਵਿਸ਼ਾਲ ਵਰਮਾ, ਲਛਮਣ ਮਹੇ ਸੁਖਵਿੰਦਰ ਸੁਚੀ ਪਿੰਡ, ਜਤਿੰਦਰ ਜੋਨੀ, ਮੁਨੀਸ਼ ਪਾਹਵਾ, ਸੁਦੇਸ਼ ਕੁਮਾਰ, ਯਸ਼ ਪਾਲ,ਬ੍ਰਹਮ ਦੇਵ ਸਹੋਤਾ ਮੁਕੇਸ਼ ਗਰੋਵਰ, ਗੁਰਕ੍ਰਿਪਾਲ ਭਟੀ, ਸੰਜੇ ਸੋਨਕਰ, ਮੋਹਿਤ ਸ਼ਰਮਾ, ਭਾਰਤ ਭੂਸ਼ਨ, ਮਦਨ ਲਾਲ ਨਾਹਰ ਰਾਜਨ, ਸੁਖਜਿੰਦਰ ਪਾਲ ਮਿੰਟੂ, ਮਨੀ ਧੀਰ, ਡਾ ਸ਼ਸ਼ੀ ਕਾਂਤ, ਨਵਦੀਪ ਜਰੇਵਾਲ, ਰਣਜੀਤ ਰਾਣੋ ਗੁਰਮੀਤ ਜਸੀ, ਸ਼ਬਨਮ, ਆਸ਼ਾ ਰਾਣੀ, ਮਨਦੀਪ ਕੌਰ, ਰਜਨੀ ਬਾਲਾ, ਬਲਵੀਰ ਕੋਰ, ਹੁਸਨ ਲਾਲ ਮੋਤੀ ਬਾਗ, ਰਾਜੂ ਬੇਅੰਤ ਨਗਰ, ਅਮਨ ਧੰਨੋਵਾਲੀ, ਰਾਹੁਲ, ਡਾ ਸੁਰਿੰਦਰ ਕਲਿਆਣ, ਗੌਤਮ ਖੋਸਲਾ, ਦੀਪਕ ਟੇਲਾ, ਰਵੀ ਬਗਾ, ਜਗਮੋਹਨ ਛਾਬੜਾ, ਹਰਪਾਲ ਮਿੰਟੂ, ਅਜੀਤ, ਹਰਜੀਤ ਸਿੰਘ, ਰਵਿੰਦਰ ਰਵੀ ਮੌਜੂਦ ਸਨ ।

# ਜਿਲ੍ਹਾ ਚੋਣ ਅਫਸਰ ਪਠਾਨਕੋਟ ਨੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਆਹੁਦੇਦਾਰਾਂ ਨਾਲ ਕੀਤੀ ਮੀਟਿੰਗ ਆਯੋਜਿਤ



**ਪਠਾਨਕੋਟ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਸ੍ਰੀ ਆਦਿੱਤਿਆ ਉੱਪਲ ਵੱਲੋਂ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਅਪਣੇ ਦਫਤਰ ਵਿਖੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਦੇ ਨਾਲ ਲੋਕ ਸਭਾ ਚੋਣਾਂ-2024 ਦੇ ਅਧੀਨ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਡੀ.ਆਰ.ਓ. ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ, ਵਿਜੇ ਕੁਮਾਰ, ਬਲਵਿੰਦਰ ਸਿੰਘ, ਵਿਨੋਦ ਧਿਮਾਨ, ਰਾਕੇਸ ਸਰਮਾ, ਵਿਜੇ ਸਰਮਾ, ਕਮਲ ਕੁਮਾਰ, ਕੇਵਲ ਕਾਲਿਆ, ਅੰਮਿਤ ਸਿੰਘ ਮੰਟੂ, ਗੁਰਨਾਮ ਸਿੰਘ ਅਤੇ ਹੋਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਹੁਦੇਦਾਰ ਵੀ ਹਾਜਰ ਸਨ।ਮੀਟਿੰਗ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਆਦਿੱਤਿਆ ਉੱਪਲ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਜਿਵੇਂ ਕਿ ਆਪ ਸਭ ਨੂੰ ਪਤਾ ਹੈ ਕਿ ਚੋਣ ਕਮਿਸਨਰ ਦੀਆਂ ਹਦਾਇਤਾਂ ਅਨੁਸਾਰ ਲੋਕ ਸਭਾ ਚੋਣਾਂ-2024 ਨੂੰ ਲੈ ਕੇ ਆਗਾਮੀ ਤਿਆਰੀਆਂ ਸੂਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਆਉਂਣ ਵਾਲੇ ਦਿਨ੍ਹਾਂ ਵਿੱਚ ਕਿਸੇ ਵੀ ਸਮੇਂ ਮਾੱਡਲ ਕੋਡ ਆਫ ਕੰਡਕਟ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਕੋਡ ਲੱਗਣ ਤੋਂ ਤੁਰੰਤ ਬਾਅਦ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਤਰੁੰਤ ਸਹਿਰ ਅੰਦਰ ਲਗਾਏ ਵਿਗਿਆਪਨ ਹਟਾਉਂਣੇ ਪੈਣਗੇ ਨਹੀਂ ਤਾਂ ਇਹ ਵਿਗਿਆਪਨ ਦਾ ਖਰਚਾ ਉਮੀਦਵਾਰ ਦੇ ਚੋਣ ਖਰਚੇ ਵਿੱਚ ਸਾਮਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਹਰੇਕ ਪਾਰਟੀ ਨੂੰ ਕਿਸੇ ਵੀ ਤਰ੍ਹਾਂ ਦਾ ਸਮਾਗਮ ਜਾਂ ਰੈਲੀਆਂ ਆਦਿ ਕਰਨ ਤੋਂ ਪਹਿਲਾਂ ਵੱਖ ਵੱਖ ਬਣਾਈਆਂ ਗਈਆਂ ਕਮੇਟੀ ਤੋਂ ਆਗਿਆ ਲੈਣੀ ਹੋਵੇਗੀ ਜੋ ਕਿ ਆਨ ਲਾਈਨ ਸੁਵਿਧਾ ਐਪ ਤੇ ਅਪਲਾਈ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਇਸ ਮੋਕੇ ਤੇ ਵੱਖ ਵੱਖ ਪਾਰਟੀਆਂ ਨੂੰ ਸੁਵਿਧਾ ਐਪ ਅਤੇ ਖਰਚੇ ਸਬੰਧੀ ਨਿਰਧਾਰਤ ਕੀਮਤਾਂ ਤੇ ਵੀ ਰੋਸਨੀ ਪਾਈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਦੇ ਘਰ ਚੋਂ ਬਿਨ੍ਹਾਂ ਉਸ ਵਿਅਕਤੀ ਦੀ ਸਹਿਮਤੀ ਤੋਂ ਪਾਰਟੀ ਦਾ ਝੰਡਾ ਨਾਂ ਲਗਾਇਆ ਜਾਵੇ, ਘਰ ਦੇ ਮਾਲਕ ਦੀ ਸਹਿਮਤੀ ਨਾਲ ਹੀ ਪਾਰਟੀ ਦੇ ਪਚਾਰ ਸਮੱਗਰੀ ਲਗਾਈ ਜਾਵੇ।

ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ-2024 ਲਈ ਜਿਵੇਂ ਹੀ ਕੋਡ ਲੱਗ ਜਾਵੇਗਾ ਇੱਕ ਹੋਰ ਮੀਟਿੰਗ ਵੱਖ ਵੱਖ ਪਾਰਟੀਆਂ ਦੇ ਆਹੁਦੇਦਾਰਾਂ ਦੇ ਨਾਲ ਕੀਤੀ ਜਾਵੇਗੀ।

# ਸਵਨਾ ਨੇ 23.63 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕ੍ਰਿਟੀਕਲ ਕੇਅਰ ਯੂਨਿਟ ਦਾ ਰੱਖਿਆ ਨੀਹ ਪੱਥਰ



**ਫਾਜ਼ਿਲਕਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਕੀਤੇ ਜਾ ਰਹੇ ਸ਼ਲਾਘਾਯੋਗ ਉਪਰਾਲਿਆਂ ਦੀ ਲੜੀ ਵਿੱਚ ਇਕ ਹੋਰ ਪਹਿਲਕਦਮੀ ਨੂੰ ਜੋੜਦਿਆਂ ਫਾਜ਼ਿਲਕਾ ਵਿਖੇ 23 ਕਰੋੜ 63 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਕ੍ਰਿਟੀਕਲ ਕੇਅਰ ਯੂਨਿਟ ਦਾ ਫਾਜ਼ਿਲਕਾ ਦੇ ਵਿਧਾਇਕ ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਨੀਹ ਪੱਥਰ ਰਖਿਆ। ਉਨ੍ਹਾਂ ਕਿਹਾ ਕਿ ਇਹ ਕੇਅਰ ਯੂਨਿਟ ਜਲਦ ਹੀ ਤਿਆਰ ਕਰਕੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।

ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਫਾਜ਼ਿਲਕਾ ਦੇ ਲੋਕਾਂ ਨੂੰ ਇਸ ਯੂਨਿਟ ਦੀ ਪ੍ਰਾਪਤੀ ਨਾਲ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਦੂਰ-ਦਰਾਡੇ ਸ਼ਹਿਰਾਂ ਵਿਚ ਨਹੀਂ ਜਾਣਾ ਪਵੇਗਾ। ਇਸ ਨਾਲ ਜਿਥੇ ਉਨ੍ਹਾਂ ਨੂੰ ਆਪਣੇ ਨੇੜੇ ਹੀ ਇਲਾਜ ਦੀ ਸੁਵਿਧਾ ਪ੍ਰਾਪਤ ਹੋਵੇਗੀ ਉਥੇ ਆਉਣ-ਜਾਣ ਦੀ ਖਜਲ-ਖੁਆਰੀ ਤੋਂ ਵੀ ਨਿਜਾਤ ਮਿਲੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਨੂੰ ਸਿਹਤ ਪੱਖੋਂ ਸੁਵਿਧਾਵਾਂ ਸੁਖਾਵੇ ਮਾਹੌਲ ਵਿਚ ਮੁਹੱਈਆ ਕਰਵਾਉਣ ਲਈ ਵਚਨਬਧ ਹੈ।

ਵਿਧਾਇਕ ਸ੍ਰੀ ਸਵਨਾ ਨੇ ਦੱਸਿਆ ਕਿ ਕ੍ਰਿਟੀਕਲ ਕੇਅਰ ਯੂਨਿਟ ਦੀ ਇਮਾਰਤ ਦਾ ਨਿਰਮਾਣ 16 ਕਰੋੜ 50 ਲੱਖ ਰੁਪਏ ਨਾਲ ਕੀਤਾ ਜਾਵੇਗਾ ਜਦਕਿ ਇਸ ਵਿੱਚ 7 ਕਰੋੜ 12 ਲੱਖ ਰੁਪਏ ਨਾਲ ਹੋਰ ਡਾਕਟਰੀ ਸਮਾਨ ਆਵੇਗਾ। ਇਹ ਕ੍ਰਿਟੀਕਲ ਕੇਅਰ ਯੂਨਿਟ 50 ਬੈਡ ਦੀ ਸਮਰੱਥਾ ਵਾਲਾ ਹੋਵੇਗਾ। ਉਨ੍ਹਾਂ ਇਸ ਲਈ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇਸ ਇਲਾਕੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ ਜਿਸ ਨੂੰ ਪੰਜਾਬ ਸਰਕਾਰ ਨੇ ਪੂਰਾ ਕਰ ਦਿੱਤਾ ਹੈ।

ਉਨ੍ਹਾਂ ਇਕ ਹੋਰ ਉਪਲਬਧੀ ਲੋਕਾਂ ਨਾਂਲ ਸਾਂਝੀ ਕਰਦਿਆਂ ਕਿਹਾ ਕਿ ਫਾਜ਼ਿਲਕਾ ਵਿਖੇ ਬਣੇ ਕੈਂਸਰ ਹਸਪਤਾਲ ਨੂੰ ਵੀ ਪੰਜਾਬ ਸਰਕਾਰ ਜਲਦ ਸ਼ੁਰੂ ਕਰਨ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਵਿੱਚ ਲਗਭਗ 50 ਕਰੋੜ ਰੁਪਏ ਦੀਆਂ ਡਾਕਟਰੀ ਮਸ਼ੀਨਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਇਹ ਮਸ਼ੀਨਾਂ ਆਉਣ ਤੋਂ ਬਾਅਦ ਇਹ ਹਸਪਤਾਲ ਵੀ ਜਲਦੀ ਸ਼ੁਰੂ ਹੋਵੇਗਾ ।

ਵਿਧਾਇਕ ਨੇ ਆਖਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਧੀਆ ਸਿਹਤ ਸਹੂਲਤਾਂ ਦੇਣ ਦੇ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਜਿਲੇ ਵਿੱਚ ਆਮ ਆਦਮੀ ਕਲੀਨਿਕ ਖੋਲੇ ਗਏ ਸਨ ਜਿਨਾਂ ਦਾ ਵੀ ਬਹੁਤ ਸਾਰਥਕ ਨਤੀਜੇ ਨਿਕਲੇ ਹਨ ਅਤੇ ਹਜਾਰਾਂ ਲੋਕ ਇੰਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਇਲਾਜ ਕਰਵਾ ਚੁੱਕੇ ਹਨ।

# ਪੰਜਾਬੀ ਯੂਨੀਵਰਸਿਟੀ, ਵੱਲੋਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਅਤੇ ਪਦਮਸ਼੍ਰੀ ਉਸਤਾਦ ਸੋਹਣ ਸਿੰਘ ਸਿਮ੍ਰਤੀ ਸਮਾਰੋਹ ਦਾ ਆਯੋਜਨ



**ਪਟਿਆਲਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਾਈਸ-ਚਾਂਸਲਰ ਪ੍ਰੋਫ਼ੈਸਰ ਅਰਵਿੰਦ ਦੀ ਸਰਪ੍ਰਸਤੀ ਹੇਠ ਗੁਰਮਤਿ ਸੰਗੀਤ ਚੇਅਰ ਵਲੋਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਤੀਸਰੇ ਦਿਨ ਪਦਮਸ਼੍ਰੀ ਉਸਤਾਦ ਸੋਹਣ ਸਿੰਘ ਸਿਮ੍ਰਤੀ ਸਮਾਰੋਹ ਦਾ ਆਯੋਜਨ ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਕੀਤਾ ਗਿਆ। ਸ਼ੁਰੂ ਵਿੱਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੇ ਉਦੇਸ਼ਾਂ ਤਹਿਤ ਗੁਰਮਤਿ ਸੰਗੀਤ ਚੇਅਰ ਦੁਆਰਾ ਕੀਤੇ ਜਾ ਰਹੇ ਕਾਰਜਾਂ ਬਾਰੇ ਜਾਣਕਾਰੀ ਦਿੰਦੇ ਹੋਏ ਸਮਾਰੋਹ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਆਗ਼ਾਜ਼ ਸੰਗੀਤ ਵਿਭਾਗ ਦੀ ਗੈਸਟ ਫ਼ੈਕਲਟੀ ਸ੍ਰੀਮਤੀ ਮੋਨੀਸ਼ਾ ਬੈਨਰਜੀ ਵਲੋਂ ਉਪ ਸ਼ਾਸਤਰੀ ਸੰਗੀਤ ਦੀਆਂ ਵੱਖ-ਵੱਖ ਸਿਨਫ਼ਾਂ ਦੇ ਗਾਇਨ ਨਾਲ ਹੋਇਆ। ਜਲੰਧਰ ਤੋਂ ਆਏ ਆਲ ਇੰਡੀਆ ਰੇਡੀਓ ਦੇ 'ਏ' ਗ੍ਰੇਡ ਕਲਾਕਾਰ ਸ. ਸੰਦੀਪ ਸਿੰਘ ਵਲੋਂ ਗੁਰਮਤਿ ਸੰਗੀਤ ਦੇ ਤੰਤੀ ਸਾਜ਼ ਦਿਲਰੁਬਾ ਉਪਰ ਰਾਗ ਮਧੂਵੰਤੀ ਵਿਚ ਵਿਲੰਬਿਤ ਅਤੇ ਦਰੁਤ ਗਤ ਵਾਦਨ ਕੀਤਾ ਗਿਆ।

ਸਹਿਯੋਗੀ ਕਲਾਕਾਰਾਂ ਵਿਚ ਤਬਲੇ 'ਤੇ ਪੰਜਾਬ ਘਰਾਣੇ ਦੇ ਸ੍ਰੀ ਨਰਿੰਦਰ ਪਾਲ ਸਿੰਘ, ਸ੍ਰੀ ਜੈਦੇਵ ਅਤੇ ਹਾਰਮੋਨੀਅਮ 'ਤੇ ਜਨਾਬ ਅਲੀ ਅਕਬਰ ਸਨ।

ਇਸ ਮੌਕੇ ਪਦਮਸ਼੍ਰੀ ਉਸਤਾਦ ਸੋਹਣ ਸਿੰਘ ਸਿਮ੍ਰਤੀ ਐਵਾਰਡ ਉੱਘੀ ਸ਼ਾਸਤਰੀ ਗਾਇਕਾ ਡਾ. ਸ਼ੰਨੋ ਖੁਰਾਣਾ ਨੂੰ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵਲੋਂ ਦਿੱਤਾ ਗਿਆ। ਸੰਗੀਤ ਵਿਭਾਗ ਦੇ ਸਾਬਕਾ ਪ੍ਰਾਧਿਆਪਕ ਡਾ. ਮਨੋਮੋਹਨ ਸ਼ਰਮਾ ਵਲੋਂ ਵਿਖਿਆਨ ਦਿੱਤਾ ਗਿਆ ਜਿਸ ਵਿੱਚ ਉਹਨਾਂ ਨੇ ਪਦਮਸ਼੍ਰੀ ਉਸਤਾਦ ਸੋਹਣ ਸਿੰਘ ਦੇ ਜੀਵਨ, ਯੋਗਦਾਨ ਅਤੇ ਆਪਣੀਆਂ ਨਿਜੀ ਯਾਦਾਂ ਸਾਂਝੀਆਂ ਕੀਤੀਆਂ।

ਇਹ ਆਯੋਜਨ ਗੁਰਮਤਿ ਸੰਗੀਤ ਚੇਅਰ ਵਲੋਂ ਸੰਗੀਤ ਵਿਭਾਗ, ਗੁਰਮਤਿ ਸੰਗੀਤ ਵਿਭਾਗ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਡਾ. ਨਿਵੇਦਿਤਾ ਸਿੰਘ, ਡਾ. ਪਰਮੀਤ ਕੌਰ, ਲੇਖਕ ਰਿਪਨਜੋਤ ਕੌਰ, ਡਾ. ਪਰਮਜੀਤ ਸਿੰਘ, ਡਾ. ਜਯੋਤੀ ਸ਼ਰਮਾ, ਸ੍ਰੀਮਤੀ ਵਨਿਤਾ ਆਦਿ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਵਿਖੇ ਪੁਰਾਣੇ ਵਿਦਿਆਰਥੀ ਹੋਏ ਇਕੱਠ



**ਲੁਧਿਆਣਾ, 18 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਤੇਗ ਬਹਾਦਰ ਨੈਸ਼ਨਲ ਕਾਲਜ ਦਾਖਾ ਵਿਖੇ ਪੁਰਾਣੇ ਵਿਦਿਆਰਥੀਆਂ ਦਾ ਇਕੱਠ ਕੀਤਾ ਗਿਆ। ਪ੍ਰਿੰਸੀਪਲ ਅਵਤਾਰ ਸਿੰਘ ਨੇ ਦੱਸਿਆ ਕਿ ਸਮਾਗਮ ਵਿੱਚ 1971 ਤੋਂ ਲੈ ਕੇ ਹੁਣ ਤੱਕ ਦੇ ਵਿਦਿਆਰਥੀਆਂ ਨੂੰ ਸੱਦਿਆ ਗਿਆ ਸੀ।

ਸਾਬਕਾ ਸੰਸਦ ਮੈਂਬਰ ਅਮਰੀਕ ਸਿੰਘ ਆਲੀਵਾਲ, ਕਰਨਲ ਜਸਮਵਿੰਦਰ ਸਿੰਘ, ਐਡਵੋਕੇਟ ਗੁਰਦੀਪ ਸਿੰਘ, ਅਸ਼ੋਕ ਕੁਮਾਰ, ਰਵੀਨੰਦਨ, ਹਰਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਧਰਮਜੀਤ ਸਿੰਘ, ਸ਼ਰਨਜੀਤ ਸਿੰਘ ਸੇਖੋਂ, ਸੁਖਵੰਤ ਸਿੰਘ ਮੋਹੀ ਨੂੰ 'ਡਿਸਟਿੰਗੁਸ਼ਡ ਐਲੂਮਨਸ' ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ।

ਕਾਲਜ ਦੇ ਸਾਬਕਾ ਅਧਿਆਪਕ ਪ੍ਰੋ. ਦਲਜੀਤ ਸਿੰਘ ਦਿਓਲ, ਪ੍ਰੋ. ਅਮਰੀਕ ਸਿੰਘ ਵਿਰਕ, ਪ੍ਰੋ. ਰਣਜੀਤ ਕੌਰ ਗਰੇਵਾਲ, ਪ੍ਰੋ. ਹਰਦੇਵ ਸਿੰਘ ਗਰੇਵਾਲ, ਪ੍ਰੋ. ਬਲਬੀਰ ਕੌਰ, ਪ੍ਰੋ. ਐਸਪੀ ਸ਼ਰਮਾ, ਪ੍ਰੋ. ਪਵਿਤਰਪਾਲ ਕੌਰ ਨੂੰ ਸਰਵੋਤਮ ਅਧਿਆਪਕ ਦਾ ਖਿਤਾਬ ਦਿੱਤਾ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਵਜੋਂ ਕਾਲਜ ਦੇ ਪੁਰਾਣੇ ਵਿਦਿਆਰਥੀ, ਪ੍ਰਸਿੱਧ ਪੰਜਾਬੀ ਗਾਇਕ ਤੇ ਲੇਖਕ ਜਗਦੇਵ ਮਾਨ ਨੇ ਸ਼ਿਰਕਤ ਕੀਤੀ। ਜਗਦੇਵ ਮਾਨ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨ ਮੋਹ ਲਿਆ।

ਸਮਾਗਮ ਦੀ ਪ੍ਰਧਾਨਗੀ ਕਾਲਜ ਪ੍ਰਧਾਨ ਰਣਧੀਰ ਸਿੰਘ ਸੇਖੋਂ ਨੇ ਕੀਤੀ। ਇਸ ਮੀਟਿੰਗ ਵਿੱਚ 100 ਦੇ ਕਰੀਬ ਪੁਰਾਣੇ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਵਿੱਚ ਜਗਦੀਸ਼ ਸਿੰਘ ਸਰਪੰਚ ਪਮਾਲ, ਸੀ ਏ ਗੁਲਸ਼ਨ, ਮੁਨੀਸ਼ ਜੈਨ, ਰੋਹਿਤ ਅਰੋੜਾ, ਨਵੀਨ ਅਰੋੜਾ, ਹਰਜਿੰਦਰ ਸਿੰਘ ਬਿੱਟੂ ਅਤੇ ਐਡਵੋਕੇਟ ਸੁਨੀਲ ਗੋਇਲ ਨੇ ਯੋਗਦਾਨ ਪਾਇਆ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਮਨਦੀਪ ਸਿੰਘ ਸੇਖੋਂ ਅਤੇ ਜੁਆਇੰਟ ਸਕੱਤਰ ਐਡਵੋਕੇਟ ਜਸਬੀਰ ਸਿੰਘ ਨੇ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਕੁਲਜੀਤ ਸਿੰਘ ਭੱਠਲ, ਕੁਲਦੀਪ ਸਿੰਘ ਗਰੇਵਾਲ, ਸੋਢੀ ਰਾਮ, ਗੁਰਮੇਲ ਸਿੰਘ, ਰਜਿੰਦਰ ਸਿੰਘ ਹਿੱਸੋਵਾਲ, ਰਵਿੰਦਰ ਸਿੰਘ ਭੱਟੀ, ਸੁਰਜੀਤ ਸਿੰਘ ਇਆਲੀ, ਸੁਖਵਿੰਦਰ ਸਿੰਘ ਅੱਸੀਵਾਲ, ਹਰਦੇਵ ਸਿੰਘ, ਬਿੰਦਰ ਕੌਰ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।

ਪ੍ਰਿੰਸੀਪਲ ਅਵਤਾਰ ਸਿੰਘ ਅਤੇ ਮੁੱਖ ਮਹਿਮਾਨਾਂ ਨੇ ਕਾਲਜ ਦੀ ਸਾਬਕਾ ਵਿਦਿਆਰਥਣ ਨੀਲੂ ਜਰਮਨੀ ਵੱਲੋਂ ਲਿਖੀ ਪੁਸਤਕ 'ਪਰਛਾਵਿਆਂ ਦੀ ਡਾਰ' ਰਿਲੀਜ਼ ਕੀਤੀ। ਪ੍ਰੋਗਰਾਮ ਦੇ ਆਯੋਜਨ ਵਿੱਚ ਕਾਲਜ ਦੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਅਹਿਮ ਯੋਗਦਾਨ ਰਿਹਾ।

ਕੌਮੀ ਪੱਤ੍ਰਿਕਾ

ਕਲਕੱਤਾ ਦੇ ਬਨਸਪਤ ਵਿਗਿਆਨ ਬਾਗ਼ ਵਿਚ ਮੱਛੀ-ਪੂਛਲ ਤਾੜ ਸਭ ਤੋਂ ਪਹਿਲਾਂ ਇਸ ਬਾਗ਼ ਦੇ ਬਾਨੀ ਕਰਨਲ ਆਰ.ਕਿੱਡ ਨੇ ਲਗਾਇਆ ਸੀ। ਉਦੋਂ ਤੋਂ ਲੈ ਕੇ ਅੱਜ ਤਕ ਇਹ ਰੁੱਖ ਇਸ ਬਾਗ਼ ਦਾ ਅਨਿੱਖੜਵਾਂ ਅੰਗ ਹੈ...

# ਜਾਣੇ-ਪਛਾਣੇ ਰੁੱਖ

# ਮੱਛੀ-ਪੂਛਲ ਤਾੜ





ਇਸ ਰੁੱਖ ਨੂੰ ਮੱਛੀ-ਪੂਛਲ ਤਾੜ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪੱਤੇ ਮੱਛੀ ਦੀ ਪੂਛ ਵਰਗੇ ਹੁੰਦੇ ਹਨ। ਇਸ ਨੂੰ 'ਭਾਰਤੀ ਸਾਗੋ ਤਾੜ' ਵੀ ਆਖਦੇ ਹਨ। ਇਹ ਬਾਗ਼-ਬਗ਼ੀਚਿਆਂ ਵਿਚ ਲਗਾਏ ਜਾਣ ਵਾਲੇ ਸਜਾਵਟੀ ਰੁੱਖ ਦੇ ਨਾਲ-ਨਾਲ ਵਪਾਰਕ ਪੱਖ ਤੋਂ ਵੀ ਕਈ ਅਹਿਮ ਗੁਣਾਂ ਵਾਲਾ ਹੈ। ਇਸ ਰੁੱਖ ਦਾ ਮੂਲ ਸਥਾਨ ਭਾਰਤ ਹੈ ਅਤੇ ਇਹ ਉਪ-ਹਿਮਾਲਿਆਈ ਇਲਾਕਿਆਂ ਤੋਂ ਲੈ ਕੇ ਭਾਰਤ ਦੇ ਦੱਖਣ ਅਤੇ ਪੱਛਮੀ ਘਾਟਾਂ 'ਤੇ ਜੰਗਲੀ ਰੂਪ ਵਿਚ ਵੀ ਪਾਇਆ ਜਾਂਦਾ ਹੈ। ਕਲਕੱਤਾ ਦੇ ਬਨਸਪਤ ਵਿਗਿਆਨ ਬਾਗ਼ ਵਿਚ ਇਸ ਨੂੰ ਸਭ ਤੋਂ ਪਹਿਲਾਂ ਇਸ ਬਾਗ਼ ਦੇ ਬਾਨੀ ਕਰਨਲ ਆਰ.ਕਿੱਡ ਨੇ ਲਗਾਇਆ ਸੀ ਅਤੇ ਉਦੋਂ ਤੋਂ ਲੈ ਕੇ ਅੱਜ ਤਕ ਇਹ ਇਸ ਬਾਗ਼ ਦਾ ਅਨਿੱਖੜਵਾਂ ਅੰਗ ਹੈ।

### ਵਿਸ਼ੇਸ਼ ਵਰਨਣ

ਇਸ ਤਾੜ ਦਾ ਤਣਾ ਆਮ ਤੌਰ 'ਤੇ 6-10 ਮੀਟਰ ਉੱਚਾ ਹੁੰਦਾ ਹੈ ਪਰ ਕਦੇ-ਕਦੇ ਇਹ 30 ਮੀਟਰ ਤੋਂ ਵੀ ਉੱਚਾ ਹੋ ਜਾਂਦਾ ਹੈ। ਇਸ ਦਾ ਵਿਆਸ 30-35 ਸੈਂਟੀਮੀਟਰ ਹੁੰਦਾ ਹੈ ਅਤੇ ਇਹ ਕਾਫ਼ੀ ਨਰਮ ਹੁੰਦਾ ਹੈ। ਮੱਛੀ-ਪੂਛਲ ਤਾੜ ਦੇ ਪੱਤੇ ਕਿਸੇ ਵੀ ਭਾਰਤੀ ਤਾੜ ਨਾਲੋਂ ਸਭ ਤੋਂ ਵੱਡੇ ਹੁੰਦੇ ਹਨ। ਇਹ ਦੋ-ਪੱਤੀਏ ਹੁੰਦੇ ਹਨ, ਜੋ 5 ਮੀਟਰ ਲੰਬੇ ਅਤੇ 3-4 ਮੀਟਰ ਤਕ ਚੌੜੇ ਹੁੰਦੇ ਹਨ। ਪੱਤੀਆਂ ਦਾ ਆਕਾਰ ਮੱਛੀ ਦੀ ਪੂਛ ਵਰਗਾ ਹੋਣ ਕਾਰਨ ਇਸ ਦਾ ਨਾਂ ਮੱਛੀ-ਪੂਛਲ ਤਾੜ ਪਿਆ ਹੈ। ਪੱਤਿਆਂ ਦੀਆਂ ਰਗ਼ਾਂ ਬੇਹੱਦ ਮਜ਼ਬੂਤ ਅਤੇ ਇਕ ਦੂਸਰੀ ਦੇ ਸਮਾਨਾਂਤਰ ਹੁੰਦੀਆਂ ਹਨ, ਜੋ ਸਿਰਿਆਂ ਤੋਂ ਦੰਦੇਦਾਰ ਹੁੰਦੀਆਂ ਹਨ। ਇਸ ਦੇ ਫਲ਼ ਲਗਪਗ 2 ਸੈਂਟੀਮੀਟਰ ਆਕਾਰ ਦੇ ਅਤੇ ਗਿਟਕਦਾਰ ਹੁੰਦੇ ਹਨ।

### ਨਾਂ

ਇਸ ਰੁੱਖ ਦਾ ਵਿਗਿਆਨਕ ਨਾਂ 'ਕੈਰੀਓਟਾ ਯੂਰੈਂਸ' ਹੈ, ਜਦਕਿ ਅੰਗਰੇਜ਼ੀ ਵਿਚ ਇਸ ਨੂੰ 'ਫਿਸ਼-ਟੇਲ ਪਾਮ', ਹਿੰਦੀ ਵਿਚ 'ਮਾੜੀ', ਮਰਾਠੀ ਵਿਚ 'ਬਿਰਲੀ ਮਹੱਦ', ਹਿੰਦੀ ਅਤੇ ਪੰਜਾਬੀ ਵਿਚ 'ਮੱਠੀ-ਪੂਛਲ ਤਾੜ' ਆਖਦੇ ਹਨ। ਇਸ ਦਾ ਵਿਗਿਆਨਕ ਨਾਂ 'ਕੈਰੀਓਟਾ' ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੁੰਦਾ ਹੈ - ਅਖਰੋਟ ਨੁਮਾ, ਜਦਕਿ 'ਯਰੈਂਸ' ਦਾ ਅਰਥ ਹੈ - ਜਲਨ ਪੈਦਾ ਕਰਨ ਵਾਲਾ, ਕਿਉਂਕਿ ਇਸ ਦੇ ਫਲ਼ ਤੋੜਨ ਵੇਲੇ ਚਮੜੀ ਨੂੰ ਛੂਹ ਜਾਣ 'ਤੇ ਇਹ ਕਾਫ਼ੀ ਸਮੇਂ ਲਈ ਸਰੀਰ ਉੱਪਰ ਜਲਨ ਪੈਦਾ ਕਰਨ ਲਗਦੇ ਹਨ।

### ਗੁਣ

ਇਸ ਰੁੱਖ ਤੋਂ ਕਈ ਮਹੱਤਵਪੂਰਨ ਵਸਤਾਂ ਪ੍ਰਾਪਤ ਹੁੰਦੀਆਂ ਹਨ। ਇਸ ਦੇ ਰੇਸ਼ੇ ਖ਼ਾਸ ਤੌਰ 'ਤੇ ਪੱਤਿਆਂ ਅਤੇ ਫੁੱਲ-ਡੰਡੀਆਂ ਦੇ ਰੇਸ਼ੇ ਵਪਾਰਕ ਵਰਤੋਂ ਵਿਚ ਆਉਂਦੇ ਹਨ। ਇਨ੍ਹਾਂ ਤੋਂ ਹੰਢਣਸਾਰ ਰੱਸੀਆਂ ਬਣਦੀਆਂ ਹਨ ਅਤੇ ਕਈ ਪ੍ਰਕਾਰ ਦੇ ਬੁਰਸ਼ ਵੀ ਬਣਦੇ ਹਨ। ਇਸ ਦੇ ਗੁੱਦੇ ਤੋਂ ਇਕ ਖ਼ਾਸ ਕਿਸਮ ਦਾ ਆਟਾ ਵੀ ਤਿਆਰ ਹੁੰਦਾ ਹੈ, ਜਿਸ ਨੂੰ ਭਾਰਤ ਦੇ ਕਈ ਕਬੀਲੇ ਰੋਟੀ ਤੇ ਹੋਰ ਖ਼ੁਰਾਕੀ ਪਦਾਰਥ ਤਿਆਰ ਕਰਨ ਲਈ ਵਰਤਦੇ ਹਨ। ਇਸ ਤੋਂ ਇਲਾਵਾ ਇਸ ਦੇ ਰਸ ਤੋਂ ਪੀਣਯੋਗ ਇਕ ਤਰਲ ਪਦਾਰਥ 'ਤਾੜੀ' ਵੀ ਤਿਆਰ ਕੀਤੀ ਜਾਂਦੀ ਹੈ। ਇਸ ਦੇ ਫੁੱਲ ਦੇ ਸਿਰੇ ਉੱਪਰ ਉੱਗੀ ਛੋਟੀ ਜਿਹੀ ਕਲੀ ਕਈ ਖਣਿਜ ਤੱਤਾਂ ਅਤੇ ਵਿਟਾਮਿਨਾਂ ਨਾਲ ਭਰਪੂਰ ਹੋਣ ਕਾਰਨ ਖਾਣਯੋਗ ਹੁੰਦੀ ਹੈ। ਲੱਕੜ ਕਾਫ਼ੀ ਹੰਢਣਸਾਰ ਹੁੰਦੀ ਹੈ।

### ਖੇਤੀ

ਬਾਗ਼-ਬਗ਼ੀਚਿਆਂ ਵਿਚ ਉੱਗਿਆ ਮੱਛੀ-ਪੂਛਲ ਤਾੜ ਦਾ ਰੁੱਖ ਬੇਹੱਦ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਇਹ ਲਗਪਗ ਹਰ ਤਰ੍ਹਾਂ ਦੀ ਜ਼ਮੀਨ ਵਿਚ ਉਗਾਇਆ ਜਾ ਸਕਦਾ ਹੈ। ਇਸ ਨੂੰ ਗਮਲਿਆਂ ਵਿਚ ਵੀ ਉਗਾਇਆ ਜਾ ਸਕਦਾ ਹੈ ਅਤੇ ਜ਼ਮੀਨ 'ਚ ਲਗਾਇਆ ਗਿਆ ਮੱਛੀ-ਪੂਛਲ ਤਾੜ ਦਾ ਰੁੱਖ 15 ਸਾਲਾਂ ਵਿਚ ਆਪਣਾ ਪੂਰਾ ਆਕਾਰ ਗ੍ਰਹਿਣ ਕਰ ਲੈਂਦਾ ਹੈ ਅਤੇ ਫੁੱਲ ਧਾਰਣ ਕਰਨ ਲਈ ਉਸ ਨੂੰ ਲਗਪਗ ਸੱਤ ਸਾਲ ਦਾ ਹੋਰ ਸਮਾਂ ਲਗਦਾ ਹੈ। ਪਹਿਲੇ ਫੁੱਲ-ਫਲਾਕੇ ਸਮੇਂ ਫੁੱਲਾਂ ਦੇ ਬੇਹੱਦ ਵੱਡੇ ਆਕਾਰ ਦੇ ਗੁੱਛੇ ਨਿਕਲਦੇ ਹਨ, ਜੋ ਰੁੱਖ ਦੇ ਸਿਰੇ ਤੋਂ ਹੇਠਾਂ ਵੱਲ ਨੂੰ ਲਮਕਦੇ ਰਹਿੰਦੇ ਹਨ। ਫੁੱਲਾਂ ਦੇ ਅਜਿਹੇ ਗੁੱਛੇ ਰੁੱਖ ਦੇ ਸਿਰੇ ਤੋਂ ਸ਼ੁਰੂ ਹੋ ਕੇ ਹੇਠਾਂ ਤੋਂ ਹੇਠਾਂ ਅਖ਼ੀਰ ਤਕ ਨਿਕਲਦੇ ਹਨ

• ਫੀਚਰ ਡੈਸਕ

# ਧਰਤੀ ਦਾ ਸਰਮਾਇਆ ਰੁੱਖ



• ਸੰਦੀਪ ਆਰੀਆ
98775-61880

ਭਾਰਤੀ ਸੱਭਿਆਚਾਰ ਵਿਚ ਰੁੱਖਾਂ ਨੂੰ ਬੇਹੱਦ ਪੂਜਣਯੋਗ ਮੰਨਿਆ ਜਾਂਦਾ ਹੈ। ਧਰਮ ਗ੍ਰੰਥਾਂ ਵਿਚ ਰੁੱਖਾਂ ਦੀ ਮੌਜੂਦਗੀ ਨੂੰ ਬੇਹੱਦ ਅਹਿਮ ਮੰਨਿਆ ਗਿਆ ਹੈ। ਆਯੁਰਵੇਦ ਪ੍ਰਸੰਨਤਾ ਨੂੰ ਚੰਗੀ ਸਿਹਤ ਦਾ ਆਧਾਰ ਮੰਨਦਾ ਹੈ। ਰੁੱਖ ਜਮਨ ਨੂੰ ਪ੍ਰਸੰਨ ਤੇ ਸ਼ਾਂਤ ਰੱਖਦੇ ਹਨ। ਆਯੁਰਵੇਦ ਵਿਚ ਰੁੱਖਾਂ ਦੀ ਮੱਹਤਤਾ ਦਾ ਵਿਸਥਾਰ ਨਾਲ ਵਰਨਣ ਸ਼ਾਮਲ ਹੈ। ਰੁੱਖ ਨਕਾਰਾਤਮਕ ਊਰਜਾ ਨੂੰ ਸੋਖ ਕੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੇ ਹਨ। ਜੇ ਰੁੱਖਾਂ ਨੂੰ 'ਨੈਚੁਰਲ ਹੀਲਰ' ਆਖਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

### ਧਰਮ ਤੇ ਵਿਗਿਆਨ ਦੀ ਨਜ਼ਰ 'ਚ ਰੁੱਖ

ਐਕਸਟਰ ਯੂਨੀਵਰਸਿਟੀ ਦੇ ਵਿਗਿਆਨੀਆਂ ਅਨੁਸਾਰ ਰੁੱਖ ਮਨੁੱਖ ਨੂੰ ਸਿਹਤਮੰਦ ਤੇ ਖ਼ੁਸ਼ ਰੱਖਣ 'ਚ ਮਦਦਗਾਰ ਹਨ। ਇਹ 'ਅਵਸਾਦ', ਚਿੰਤਾ ਤੇ ਹੋਰ ਮਾਨਸਿਕ ਵਿਕਾਰਾਂ ਨੂੰ ਦੂਰ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜਾਪਾਨੀ ਲੋਕ ਜੰਗਲਾਂ 'ਚ ਜਾ ਕੇ 'ਫਾਰੈਸਟ ਬਾਥਿੰਗ' ਕਰਦੇ ਹਨ। ਉਹ ਰੋਜ਼ਾਨਾ ਜੀਵਨ ਦੇ ਕੁਝ ਪਲ ਜੰਗਲਾਂ 'ਚ ਰੁੱਖਾਂ ਅਤੇ ਪੌਦਿਆਂ ਨਾਲ ਬਿਤਾਉਂਦੇ ਹਨ। ਤਾਓਵਾਦ ਵਿਚ ਵੀ ਰੁੱਖਾਂ ਦੀ ਵਡਿਆਈ ਕੀਤੀ ਗਈ ਹੈ। ਤਾਓਵਾਦ ਵਿਚ ਰੁੱਖਾਂ ਤੇ ਪੇੜ-ਪੌਦਿਆਂ ਦਰਮਿਆਨ ਬੈਠ ਕੇ ਧਿਆਨ ਲਗਾਉਣ ਦੀ ਪਰੰਪਰਾ ਹੈ। ਅਮਰੀਕੀ ਵਿਗਿਆਨੀ ਜਿਓਫਰੀ ਡੋਨੋਵਨ ਨੇ ਸਿੱਧ ਕੀਤਾ ਹੈ ਕਿ ਜਿਨ੍ਹਾਂ ਖੇਤਰਾਂ ਵਿਚ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕੀਤੀ ਗਈ ਹੈ ਉੱਥੇ ਦਿਲ ਤੇ ਸਾਹ ਦੇ ਰੋਗਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ 'ਚ ਭਾਰੀ ਵਾਧਾ ਹੋਇਆ ਹੈ। ਅਮਰੀਕੀ ਖੇਤੀਬਾੜੀ ਵਿਭਾਗ ਅਨੁਸਾਰ, 'ਜੰਗਲ ਦਾ ਇਕ ਏਕੜ ਇਲਾਕਾ 6 ਟਨ ਕਾਰਬਨ ਡਾਈਆਕਸਾਈਡ ਗੈਸ ਨੂੰ ਜਜ਼ਬ ਕਰ ਲੈਂਦਾ ਹੈ ਤੇ 4 ਟਨ ਆਕਸੀਜਨ ਪੈਦਾ ਕਰਦਾ ਹੈ। ਆਕਸੀਜਨ ਦੀ ਇਹ ਮਾਤਰਾ 18 ਵਿਅਕਤੀਆਂ ਦੀ ਸਾਲਾਨਾ ਜ਼ਰੂਰਤ ਪੂਰੀ ਕਰਨ ਲਈ ਕਾਫ਼ੀ ਹੈ।

### ਰੁੱਖਾਂ ਦਾ ਕੋਈ ਬਦਲ ਨਹੀਂ

ਰੁੱਖਾਂ ਕਰਕੇ ਹੀ ਵਾਤਾਵਰਨ ਸੰਤੁਲਨ ਬਣਿਆ ਹੋਇਆ ਹੈ। ਮਨੁੱਖ ਦੀ ਚੰਗੀ ਸਿਹਤ ਵੀ ਰੁੱਖਾਂ 'ਤੇ ਨਿਰਭਰ ਹੈ। ਰੁੱਖਾਂ ਦੀ ਅਣਹੋਂਦ ਧਰਤੀ 'ਤੇ ਤਬਾਹੀ ਦਾ ਕਾਰਨ ਬਣ ਜਾਏਗੀ। ਅੱਜ ਵਿਕਾਸ ਦੇ ਨਾਂ 'ਤੇ ਜਿਸ ਅਨੁਪਾਤ 'ਚ ਰੁੱਖ ਵੱਢੇ ਜਾ ਰਹੇ ਹਨ ਜੇ ਇਹ ਵਰਤਾਰਾ ਜਾਰੀ ਰਿਹਾ ਤਾਂ ਧਰਤੀ ਉੱਪਰ ਸਮੁੱਚੇ ਜੀਵਾਂ ਦਾ ਜੀਵਨ ਖ਼ਤਮ ਹੋ ਜਾਣ ਦੀ ਸੰਭਾਵਨਾਵਾਂ ਪੈਦਾ ਹੋ ਜਾਵੇਗੀ। ਰੁੱਖ ਕੁਦਰਤ ਦੀ ਅਜਿਹੀ ਦਾਤ ਹਨ ਜਿਨ੍ਹਾਂ ਦਾ ਹੋਰ ਕੋਈ ਬਦਲ ਸਾਡੇ ਕੋਲ ਨਹੀਂ ਹੈ।

### ਇਕ ਰੁੱਖ ਸੌ ਸੁੱਖ

ਸਾਡੇ ਦੁਆਰਾ ਲਗਾਇਆ ਗਿਆ ਇਕ ਰੁੱਖ ਸਿਰਫ਼ ਸਾਨੂੰ ਹੀ ਨਹੀਂ, ਸਗੋਂ ਆਉਣ ਵਾਲੀਆਂ ਕਈ ਪੀੜ੍ਹੀਆਂ ਨੂੰ ਫ਼ਾਇਦਾ ਦਿੰਦਾ ਹੈ। ਸ਼ਾਇਦ ਇਸੇ ਲਈ ਇਹ ਕਹਾਵਤ ਬਣੀ ਹੈ ਕਿ 'ਇਕ ਰੁੱਖ ਸੌ ਸੁੱਖ।' ਇਨ੍ਹਾਂ ਤੋਂ ਸਾਨੂੰ ਸਾਫ਼ ਹਵਾ, ਬਾਲਣ, ਖਾਣਯੋਗ ਪਦਾਰਥ, ਕੱਪੜੇ, ਜਾਨਵਰਾਂ ਲਈ ਚਾਰਾ ਤੇ ਇਮਾਰਤੀ ਲੱਕੜੀ ਆਦਿ ਵਸਤਾਂ ਪ੍ਰਾਪਤ ਹੁੰਦੀਆਂ ਹਨ।।ਇਹ ਵਾਤਾਵਰਨ ਵਿਚੋਂ ਕਾਰਬਨ ਡਾਈਆਕਸਾਈਡ ਲੈ ਕੇ ਸਾਨੂੰ ਆਕਸੀਜਨ ਦਿੰਦੇ ਹਨ, ਜੋ ਸਭ ਜੀਵਾਂ ਦੇ ਜ਼ਿੰਦਾ ਰਹਿਣ ਲਈ ਬੁਨਿਆਦੀ ਲੋੜ ਹੈ। ਰੁੱਖ ਅਤੇ ਜੰਗਲ ਪੰਛੀਆਂ ਤੇ ਜੰਗਲੀ-ਜੀਵਾਂ ਦੇ ਵੀ ਰੈਣ-ਬਸੇਰੇ ਹਨ। ਇਨ੍ਹਾਂ ਦੀ ਅਣਹੋਂਦ ਕਾਰਨ ਅੱਜ ਜੰਗਲੀ ਜੀਵਾਂ ਦੀਆਂ ਸੈਂਕੜੇ ਪ੍ਰਜਾਤੀਆਂ ਖ਼ਤਮ ਹੋਣ ਕੰਢੇ ਆਣ ਪੁੱਜੀਆਂ ਹਨ।

### ਜ਼ਰੂਰੀ ਹੈ ਜਾਗਰੂਕਤਾ

ਰੁੱਖਾਂ ਤੇ ਜੰਗਲਾਂ ਤੋਂ ਮਿਲਣ ਵਾਲੇ ਇਨ੍ਹਾਂ ਕੁਦਰਤੀ ਵਸੀਲਿਆਂ ਦੇ ਨਿਰੰਤਰ ਲਾਭ ਲਈ ਇਨ੍ਹਾਂ ਦੀ ਸਾਂਭ-ਸੰਭਾਲ ਪ੍ਰਤੀ ਜਾਗਰੂਕਤਾ ਦੀ ਲੋੜ ਹੈ। ਅਸੀਂ ਰੁੱਖਾਂ ਨੂੰ ਬਚਾਉਣਾ ਤਾਂ ਚਾਹੁੰਦੇ ਹਾਂ ਪਰ ਜਿਸ ਪੱਧਰ 'ਤੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ, ਉਹ ਨਹੀਂ ਕੀਤੇ ਜਾ ਰਹੇ। ਰੁੱਖਾਂ ਦੀ ਅਣਹੋਂਦ ਕਾਰਨ ਜ਼ਮੀਨਦੋਜ਼ ਪਾਣੀ ਜ਼ਹਿਰੀਲਾ ਹੋ ਰਿਹਾ ਹੈ, ਕੁਦਰਤ ਦਾ ਸੰਤੁਲਨ ਵਿਗੜ ਰਿਹਾ ਹੈ, ਮੌਸਮੀ ਤਬਦੀਲੀਆਂ ਖੇਤੀ ਤੇ ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਜੜ੍ਹੀ-ਬੂਟੀਆਂ ਦੇ ਰੂਪ 'ਚ ਮੌਜੂਦ ਅਣਮੁੱਲੇ ਖ਼ਜ਼ਾਨਿਆਂ ਤੋਂ ਅਸੀਂ ਵਾਂਝੇ ਹੋ ਰਹੇ ਹਾਂ, ਕਈ ਜੀਵਾਂ ਦੀਆਂ ਪ੍ਰਜਾਤੀਆਂ ਖ਼ਤਮ ਹੋਣ ਵੱਲ ਵਧ ਰਹੀਆਂ ਹਨ। ਰੁੱਖਾਂ ਦੀ ਇਸ ਅਹਿਮੀਅਤ ਕਾਰਨ ਹੀ ਇਨ੍ਹਾਂ ਨੂੰ 'ਹਰਾ ਸੋਨਾ' ਆਖਿਆ ਜਾਂਦਾ ਹੈ। ਸਨਅਤੀ ਖੇਤਰ ਵਿਚ ਵੀ ਰੁੱਖਾਂ ਦਾ ਮਹੱਤਵਪੂਰਨ ਯੋਗਦਾਨ ਹੈ। ਘਰ ਦੇ ਨਿਰਮਾਣ ਲਈ ਉਪਯੋਗੀ ਵਸਤਾਂ ਤੋਂ ਲੈ ਕੇ ਬਹੁਤ ਸਾਰੀਆਂ ਮਨੁੱਖੀ ਲੋੜਾਂ ਦੀ ਪੂਰਤੀ ਰੁੱਖਾਂ ਤੋਂ ਹੀ ਹੁੰਦੀ ਹੈ। ਇਸ ਲਈ ਮਨੁੱਖ ਦਾ ਫ਼ਰਜ਼ ਹੈ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਏ ਤੇ ਕੁਦਰਤੀ ਵਸੀਲਿਆਂ ਦੀ ਸੰਭਾਲ ਕਰੇ। ਰੁੱਖਾਂ ਦੀ ਧੜਾਧੜ ਕਟਾਈ ਕਾਰਨ ਹਵਾ ਪ੍ਰਦੂਸ਼ਣ ਵਧਣ ਨਾਲ ਸਾਹ ਸਬੰਧੀ ਅਤੇ ਕਈ ਹੋਰ ਗਹਿਰ-ਗੰਭੀਰ ਬਿਮਾਰੀਆਂ ਮਨੁੱਖਾਂ ਤੇ ਦੂਸਰੇ ਜੀਵਾਂ ਨੂੰ ਆਪਣੀ ਜਕੜ 'ਚ ਲੈ ਰਹੀਆਂ ਹਨ।

### ਲਾਭ ਹੀ ਲਾਭ

ਰੁੱਖ ਧਰਤੀ ਦਾ ਸਰਮਾਇਆ ਹਨ।।ਇਹ ਜੀਵਨ ਦਾ ਆਧਾਰ ਹਨ। ਰੁੱਖਾਂ ਬਗ਼ੈਰ ਧਰਤੀ ਉੱਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਰੁੱਖਾਂ ਕਾਰਨ ਮਨੁੱਖ ਅਤੇ ਦੂਸਰੇ ਜੀਵ-ਜੰਤੂਆਂ ਦੀਆਂ ਅਨੇਕਾਂ ਜ਼ਰੂਰਤਾਂ ਦੀ ਪੂਰਤੀ ਹੁੰਦੀ ਹੈ। ਰੁੱਖ ਸਾਨੂੰ ਛਾਂ, ਹਵਾ, ਫਲ਼, ਫੁੱਲ, ਲੱਕੜ, ਕਾਗ਼ਜ਼, ਰਬੜ, ਆਯੁਰਵੈਦਿਕ ਦਵਾਈਆਂ ਆਦਿ ਦਿੰਦੇ ਹਨ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ 'ਚ ਬੇਹੱਦ ਅਹਿਮ ਭੂਮਿਕਾ ਅਦਾ ਕਰਦੇ ਹਨ। ਪਿੱਪਲ, ਬੋਹੜ, ਕਿੱਕਰ, ਅੰਬ, ਟਾਹਲੀ, ਸਫ਼ੈਦਾ, ਅਰਜੁਨ, ਫਲਾਹੀ, ਪਿਲਕਣ, ਪਾਪਲਰ ਆਦਿ ਸੈਂਕੜੇ ਰੁੱਖ ਮਨੁੱਖ ਨੂੰ ਕਈ ਲਾਭ ਦੇ ਰਹੇ ਹਨ। ਰੁੱਖਾਂ ਉੱਤੇ ਕੀਟਾਂ ਅਤੇ ਸੈਂਕੜੇ ਹੋਰ ਜੀਵਾਂ ਦੀਆਂ ਲੱਖਾਂ ਪ੍ਰਜਾਤੀ ਆਪਣਾ ਜੀਵਨ ਬਸਰ ਕਰਦੀਆਂ ਹਨ। ਇਸ ਤਰ੍ਹਾਂ ਰੁੱਖਾਂ ਨਾਲ ਜੀਵ-ਜੰਤੂਆਂ ਦਾ ਜੀਵਨ-ਚੱਕਰ ਵੀ ਜੁੜਿਆ ਹੋਇਆ ਹੈ।ਰੁੱਖ ਲਗਾਉਣ ਨਾਲ ਏਅਰ-ਕੰਡੀਸ਼ਨਰਾਂ, ਮੋਟਰ ਗੱਡੀਆਂ ਅਤੇ ਹੋਰ ਵਸੀਲਿਆਂ ਤੋਂ ਪੈਦਾ ਹੋਣ ਵਾਲੀਆਂ ਹਾਨੀਕਾਰਕ ਗੈਸਾਂ ਦੇ ਬੁਰੇ ਪ੍ਰਭਾਵ ਤੋਂ ਅਸੀਂ ਬਚੇ ਰਹਿ ਸਕਦੇ ਹਾਂ। ਸਾਨੂੰ ਕੁਦਰਤੀ ਰੂਪ ਵਿਚ ਸਾਫ਼ ਤੇ ਸ਼ੁੱਧ ਹਵਾ ਪ੍ਰਾਪਤ ਹੋਵੇਗੀ। ਰੁੱਖਾਂ ਦੀਆਂ ਜੜ੍ਹਾਂ ਮਿੱਟੀ ਨੂੰ ਮਜ਼ਬੂਤੀ ਨਾਲ ਬੰਨ੍ਹ ਕੇ ਰੱਖਦੀਆਂ ਹਨ ਤੇ ਭੂਮੀ-ਖੋਰ ਨੂੰ ਰੋਕਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਰੁੱਖਾਂ ਨਾਲੋਂ ਟੁੱਟੇ ਪੱਤੇ ਮਿੱਟੀ ਵਿਚ ਮਿਲ ਕੇ ਕੁਦਰਤੀ ਖਾਦ ਦਾ ਕੰਮ ਕਰਦੇ ਹਨ ਤੇ ਮਿੱਟੀ ਨੂੰ ਸਿਹਤਮੰਦ ਤੇ ਉਪਜਾਊ ਬਣਾਉਂਦੇ ਹਨ। ਰੁੱਖਾਂ ਦੀ ਧੜਾਧੜ ਕਟਾਈ ਅਤੇ ਰਸਾਇਣਾਂ ਦੇ ਮਾੜੇ ਪ੍ਰਭਾਵ ਕਾਰਨ ਅੱਜ ਪੰਜਾਬ ਦੀ ਜ਼ਮੀਨ ਵੀ ਰੇਗਿਸਤਾਨੀ ਮਿੱਟੀ 'ਚ ਤਬਦੀਲ ਹੋਣ ਵੱਲ ਵਧ ਰਹੀ ਹੈ।

ਰੁੱਖ ਵਰਖਾ ਦਾ ਸੰਤੁਲਨ ਬਣਾਈ ਰੱਖਣ 'ਚ ਮਦਦ ਕਰਦੇ ਹਨ। ਸਾਨੂੰ ਛਾਂ ਦਿੰਦੇ ਹਨ ਤੇ ਗਰਮੀ ਦੇ ਪ੍ਰਭਾਵ ਨੂੰ ਘੱਟ ਕਰਦੇ ਹਨ। ਜੇ ਧਰਤੀ ਉੱਤੋਂ ਰੁੱਖਾਂ ਦਾ ਇਹ ਖ਼ਜ਼ਾਨਾ ਇਸੇ ਦਰ ਨਾਲ ਘਟਦਾ ਗਿਆ ਤਾਂ ਗਲੋਬਲ ਵਾਰਮਿੰਗ ਅਤੇ ਸੋਕੇ ਵਰਗੀਆਂ ਸਮੱਸਿਆਵਾਂ ਹੋਰ ਭਿਆਨਕ ਰੂਪ ਲੈ ਲੈਣਗੀਆਂ। ਘਰ ਵਿਚ ਆਪਣੇ ਅਤੇ ਕਿਸੇ ਵੀ ਪਰਿਵਾਰਕ ਮੈਂਬਰ ਦੇ ਜਨਮ ਦਿਨ ਅਤੇ ਖ਼ੁਸ਼ੀ ਦੇ ਦੂਸਰੇ ਮੌਕਿਆਂ 'ਤੇ ਰੁੱਖ ਲਗਾ ਕੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰ ਕੇ ਮਨੁੱਖਤਾ ਦੀ ਵੱਡੀ ਸੇਵਾ ਕਰ ਸਕਦੇ ਹਾਂ।

ਧਰਤੀ ਉੱਪਰ ਮਨੁੱਖੀ ਹੋਂਦ ਨੂੰ ਬਚਾਉਣ ਲਈ ਧਰਤੀ ਦੇ ਇਸ ਬਹੁਮੁੱਲੇ ਸਰਮਾਏ ਦੀ ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ। ਜੇ ਮਨੁੱਖ ਨੇ ਸਮਾਂ ਰਹਿੰਦਿਆਂ ਇਸ ਦਿਸ਼ਾ 'ਚ ਆਪਣੇ ਫਰਜ਼ ਨਾ ਪਛਾਣੇ ਤਾਂ ਇਸ ਧਰਤੀ ਉੱਪਰ ਸਮੁੱਚਾ ਜੀਵਨ ਖ਼ਤਰੇ 'ਚ ਪੈ ਜਾਵੇਗਾ। •



ਪੰਜਾਬ ਵਿਚ ਪਿਆਜ਼ ਦੀ 450-500 ਕਰੋੜ ਰੁਪਏ ਦੀ ਮੰਗ ਹੈ ਪਰ ਸੂਬੇ ਵਿਚ ਸਿਰਫ਼ 100 ਤੋਂ 125 ਕਰੋੜ ਰੁਪਏ ਦੇ ਪਿਆਜ਼ ਦੀ ਪੈਦਾਵਾਰ ਹੁੰਦੀ ਹੈ। ਬਾਕੀ ਖ਼ਰੀਦ ਦੂਜੇ ਸੂਬਿਆਂ ਤੋਂ ਕੀਤੀ ਜਾਂਦੀ ਹੈ...

# ਪਿਆਜ਼ ਦਾ ਮਿਆਰੀ ਬੀਜ ਤਿਆਰ ਕਰਨ ਦੇ ਅਹਿਮ ਨੁਕਤੇ

• ਅਮਰਜੀਤ ਸਿੰਘ,
ਅੰਜੂ ਬਾਲਾ

ਪਿਆਜ਼ ਪੰਜਾਬ ਦੀ ਮਹੱਤਵਪੂਰਨ ਫ਼ਸਲ ਹੈ। ਇਸ ਵਿਚ ਪਾਏ ਜਾਣ ਵਾਲੇ ਐਲੀਸਿਨ, ਐਲੀਨਥਾਇਓਸਲਫੇਟ, ਸਲਫਾਈਟ ਆਦਿ ਤੱਤ ਕੈਂਸਰ, ਸ਼ੂਗਰ ਰੋਗ, ਕੋਲੈਸਟਰੋਲ ਤੇ ਜਿਗਰ ਦੀਆਂ ਬਿਮਾਰੀਆਂ ਨਾਲ ਲੜਨ ਦੀ ਸਮਰਥਾ ਰੱਖਦੇ ਹਨ। ਪੰਜਾਬ ਦੀਆਂ ਮੰਡੀਆਂ ਵਿਚ ਪਿਆਜ਼ ਦੀ 450-500 ਕਰੋੜ ਰੁਪਏ ਦੀ ਮੰਗ ਹੈ ਪਰ ਸੂਬੇ ਵਿਚ ਸਿਰਫ਼ 100 ਤੋਂ 125 ਕਰੋੜ ਰੁਪਏ ਦੇ ਪਿਆਜ਼ ਦੀ ਹੀ ਪੈਦਾਵਾਰ ਹੁੰਦੀ ਹੈ। ਬਾਕੀ ਖ਼ਰੀਦ ਮਹਾਰਾਸ਼ਟਰ, ਆਂਧਰ ਪ੍ਰਦੇਸ਼ ਤੇ ਦੂਜੇ ਸੂਬਿਆਂ ਤੋਂ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਪਿਆਜ਼ ਦੇ ਉੱਤਮ ਬੀਜ ਦੀ ਉਪਲਬਧੀ ਤੇ ਪੌਦ ਸੁਰੱਖਿਆ ਤਕਨੀਕਾਂ ਦੀ ਜਾਣਕਾਰੀ ਦੀ ਘਾਟ ਇਸ ਦੀ ਘੱਟ ਪੈਦਾਵਾਰ ਦਾ ਮੁੱਖ ਕਾਰਨ ਹੈ। ਸੰਗਠਿਤ ਖੇਤਰ ਦੁਆਰਾ ਪਿਆਜ਼ ਦੇ ਬੀਜ ਦੀ ਕੇਵਲ 54 ਫ਼ੀਸਦੀ ਲੋੜ ਪੂਰੀ ਕੀਤੀ ਜਾ ਸਕਦਾ ਹੈ। ਬਾਕੀ ਰਹਿੰਦੀ ਲੋੜ ਕਿਸਾਨਾਂ ਦੁਆਰਾ ਆਪਣੇ ਤੌਰ 'ਤੇ ਬੀਜ ਪੈਦਾ ਕਰ ਕੇ ਪੂਰੀ ਕੀਤੀ ਜਾਂਦੀ ਹੈ। ਪੌਦ ਸੁਰੱਖਿਆ ਦੀ ਬਿਹਤਰ ਜਾਣਕਾਰੀ ਨਾਲ ਤਿਆਰ ਕੀਤਾ ਗਿਆ ਮਿਆਰੀ ਬੀਜ ਬਾਜ਼ਾਰੀ ਮੰਗ ਦੀ ਪੂਰਤੀ ਲਈ ਸਮੇਂ ਦੀ ਮੁੱਖ ਲੋੜ ਹੈ। ਪਿਆਜ਼ ਦੀ ਬੀਜ ਵਾਲੀ ਫ਼ਸਲ ਅਤੇ ਅਨੁਕੂਲ ਮੌਸਮ ਦੌਰਾਨ ਬਿਮਾਰੀਆਂ ਦਾ ਹਮਲਾ ਵਧੇਰੇ ਹੁੰਦਾ ਹੈ। ਆਓ, ਜਾਣਦੇ ਹਾਂ ਪਿਆਜ਼ ਦੇ ਬੀਜ ਦੀ ਪੈਦਾਵਾਰ 'ਤੇ ਮਾੜਾ ਅਸਰ ਪਾਉਣ ਵਾਲੀਆਂ ਕੁਝ ਮੁੱਖ ਬਿਮਾਰੀਆਂ ਬਾਰੇ :

### ਜਾਮਣੀ ਧੱਬਿਆਂ ਦਾ ਰੋਗ

ਇਹ ਇਕ ਉੱਲੀ ਨਾਲ ਰੋਗ ਹੈ, ਜੋ ਲਸਣ ਅਤੇ ਪਿਆਜ਼ ਦੋਵਾਂ ਫ਼ਸਲਾਂ 'ਤੇ ਹਮਲਾ ਕਰਦਾ ਹੈ। ਬੀਜ ਵਾਲੀ ਫ਼ਸਲ 'ਤੇ ਇਸ ਹਮਲਾ ਜ਼ਿਆਦਾ ਹੁੰਦਾ ਹੈ। ਆਮ ਤੌਰ 'ਤੇ ਇਹ ਬਿਮਾਰੀ ਫ਼ਸਲ ਦੇ ਕਿਸੇ ਵੀ ਹਿੱਸੇ 'ਤੇ ਆ ਸਕਦੀ ਹੈ ਪਰ ਫੁੱਲਾਂ ਵਾਲੀਆਂ ਟਹਿਣੀਆਂ 'ਤੇ ਇਸ ਦਾ ਹਮਲਾ ਵਧੇਰੇ ਨੁਕਸਾਨ ਕਰਦਾ ਹੈ। ਬਿਮਾਰੀ ਦੇ ਸ਼ੁਰੂਆਤੀ ਹਮਲੇ ਵੇਲੇ ਪੱਤਿਆਂ ਉੱਪਰ ਪਾਣੀ ਭਿੱਜੇ ਧੱਬੇ ਪੈ ਜਾਂਦੇ ਹਨ। ਜਿਵੇਂ-ਜਿਵੇਂ ਬਿਮਾਰੀ ਵਧਦੀ ਜਾਂਦੀ ਹੈ, ਧੱਬੇ ਅੰਡਾਕਾਰ ਤੇ ਫਿਰ ਅੱਖ ਦੀ ਸ਼ਕਲ ਵਰਗੇ ਹੋ ਕੇ ਜਾਮਣੀ ਰੰਗ ਦੇ ਹੋ ਜਾਂਦੇ ਹਨ। ਸਿੱਲ੍ਹੇ ਮੌਸਮ ਦੌਰਾਨ ਕੁਝ ਦਿਨਾਂ ਵਿਚ ਬਿਮਾਰੀ ਵਾਲੇ ਧੱਬਿਆਂ ਉੱਪਰ ਕਾਲੇ ਰੰਗ ਦੀ ਉੱਲੀ ਦੇ ਕਣ ਪੈਦਾ ਹੋ ਜਾਂਦੇ ਹਨ ਤੇ ਇਹ ਕਣ ਫੁੱਲਾਂ ਵਾਲੀਆਂ ਡੰਡੀਆਂ ਤਕ ਬਿਮਾਰੀ ਨੂੰ ਫੈਲਾ ਦਿੰਦੇ ਹਨ। ਫੁੱਲਾਂ ਵਾਲੀਆਂ ਟਹਿਣੀਆਂ ਭੂਰੀਆਂ ਜਾਂ ਪੀਲੀਆਂ ਪੈ ਜਾਂਦੀਆਂ ਹਨ ਤੇ ਬੀਜ ਬਣਨ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਹਨ। ਜੇ ਬੀਜ ਵਾਲੀਆਂ ਟਹਿਣੀਆਂ 'ਤੇ ਬਿਮਾਰੀ ਦਾ ਹਮਲਾ ਬੀਜ ਬਣਨ ਤੋਂ ਬਾਅਦ ਹੋਵੇ ਤਾਂ ਇਹ ਟਹਿਣੀਆਂ ਟੁੱਟ ਜਾਂਦੀਆਂ ਹਨ। ਬੀਜਾਂ ਵਾਲਾ ਫੁੱਲਾਂ ਦਾ ਗੁੱਛਾ ਬੂਟੇ ਤੋਂ ਵੱਖ ਹੋ ਜਾਂਦਾ ਹੈ ਅਤੇ ਬੀਜ ਬੇਜਾਨ ਤੇ ਸੁੰਗੜਿਆ ਹੋਇਆ ਪੈਦਾ ਹੁੰਦਾ ਹੈ। ਥਰਿੱਪ ਦਾ ਹਮਲਾ ਬਿਮਾਰੀ ਨੂੰ ਤੇਜ਼ੀ ਨਾਲ ਵਧਾਉਂਦਾ ਹੈ ਜਿਸ ਨਾਲ ਫ਼ਸਲ ਦਾ 80-85 ਫ਼ੀਸਦੀ ਤਕ ਨੁਕਸਾਨ ਹੋ ਸਕਦਾ ਹੈ। ਇਸ ਬਿਮਾਰੀ ਦੇ ਵਧਣ-ਫੁੱਲਣ ਲਈ 25-28 ਡਿਗਰੀ ਤਾਪਮਾਨ ਤੇ ਸਿੱਲ੍ਹਾ ਮੌਸਮ ਬਹੁਤ ਢੁਕਵਾਂ ਹੁੰਦਾ ਹੈ। ਇਸ ਬਿਮਾਰੀ ਦੇ ਕੀਟਾਣੂ ਬੀਜ ਵਿਚ ਚਲੇ ਜਾਂਦੇ ਹਨ ਤੇ ਬਿਮਾਰ ਬੀਜ ਜਲਦੀ ਮਰ ਜਾਂਦਾ ਹੈ।

### ਰੋਕਥਾਮ

ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਬਿਮਾਰੀ ਰਹਿਤ ਬੀਜ ਤੇ ਗੰਢਿਆਂ ਦੀ ਵਰਤੋਂ ਕਰੋ। ਬਿਜਾਈ ਤੋਂ ਪਹਿਲਾਂ ਬੀਜ ਨੂੰ ਕੈਪਟਾਨ ਜਾਂ ਥੀਰਮ ਦਵਾਈ ਨਾਲ 3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਬਿਮਾਰੀ ਨਜ਼ਰ ਆਉਣ 'ਤੇ ਫ਼ਸਲ ਉੱਪਰ 600 ਗ੍ਰਾਮ ਇੰਡੋਫਿਲ ਐੱਮ-45 ਤੇ 200 ਮਿਲੀਲਿਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਇਸ ਤੋਂ ਬਾਅਦ 10 ਦਿਨਾਂ ਦੇ ਵਕਫ਼ੇ 'ਤੇ 3 ਛਿੜਕਾਅ ਹੋਰ ਕਰੋ। ਜ਼ਿਕਰਯੋਗ ਹੈ ਕਿ ਪਿਆਜ਼ ਦੇ ਪੱਤੇ ਵੈਕਸੀ ਜਾਂ ਮੋਮੀ ਹੁੰਦੇ ਹਨ ਜਿਸ ਉੱਪਰ ਉੱਲੀਨਾਸ਼ਕ ਚੰਗੀ ਤਰ੍ਹਾਂ ਚਿਪਕਦੇ ਨਹੀਂ, ਇਸ ਲਈ ਇਨ੍ਹਾਂ ਉੱਲੀਨਾਸ਼ਕਾਂ ਵਿਚ ਟਰਾਈਟੋਨ ਜਾਂ ਅਲਸੀ ਦਾ ਤੇਲ ਮਿਲਾ ਕੇ ਛਿੜਕਾਅ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਬਿਮਾਰੀਆਂ ਉੱਪਰ ਚੰਗੀ ਤਰ੍ਹਾਂ ਕਾਬੂ ਪਾਇਆ ਜਾ ਸਕੇ। ਥਰਿੱਪ ਦੇ ਹਮਲੇ ਤੋਂ ਬਚਾਅ ਲਈ 250 ਮਿਲੀਲਿਟਰ ਮੈਲਾਥਿਓਨ 50 ਈਸੀ ਨੂੰ 80 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। •

### ਪੀਲੇ ਧੱਬਿਆਂ ਦਾ ਰੋਗ

ਇਹ ਇਕ ਉੱਲੀ ਰੋਗ ਹੈ। ਅਨੁਕੂਲ ਮੌਸਮ ਵਿਚ ਇਹ ਰੋਗ ਫ਼ਸਲ ਨੂੰ ਤੇਜ਼ੀ ਨਾਲ ਤਬਾਹ ਕਰ ਦਿੰਦਾ ਹੈ। ਇਹ ਬਿਮਾਰੀ ਧੌੜੀਆਂ ਵਿਚ ਸ਼ੁਰੂ ਹੁੰਦੀ ਹੈ ਤੇ ਸਿੱਲ੍ਹ ਵਾਲੇ ਮੌਸਮ 'ਚ ਇਸ ਦਾ ਵਾਧਾ ਜਿਆਦਾ ਹੁੰਦਾ ਹੈ। ਇਸ ਦੇ ਹਮਲੇ ਨਾਲ 30-45 ਦਿਨ ਵਿਚ ਹੀ ਫ਼ਸਲ ਨਸ਼ਟ ਹੋ ਜਾਂਦੀ ਹੈ। ਸਵੇਰ ਸਮੇਂ ਪੱਤਿਆਂ ਉੱਪਰ ਜਾਮਣੀ ਸਲੇਟੀ, ਮਖਮਲੀ ਉੱਲੀ ਦਿਖਾਈ ਦਿੰਦੀ ਹੈ। ਬਿਮਾਰੀ ਵਾਲੇ ਪੱਤੇ ਤੇਜ਼ੀ ਨਾਲ ਪੀਲੇ ਪੈ ਜਾਂਦੇ ਹਨ। ਇਹ ਪੀਲੇ ਧੱਬੇ ਅੰਡਾਕਾਰ ਹੁੰਦੇ ਹਨ ਤੇ ਇਨ੍ਹਾਂ ਉੱਪਰ ਜਾਮਣੀ ਧੱਬਿਆਂ ਦਾ ਰੋਗ ਅਤੇ ਸਟੈਂਮਫਿਲਿਅਮ ਬਲਾਈਟ ਦਾ ਵੀ ਹਮਲਾ ਹੋ ਜਾਂਦਾ ਹੈ। ਅੰਡਾਕਾਰ ਪੀਲੇ ਧੱਬੇ ਫੁੱਲਾਂ ਦੀਆਂ ਡੰਡੀਆਂ 'ਤੇ ਵੀ ਦਿਖਾਈ ਦਿੰਦੇ ਹਨ। ਇਨ੍ਹਾਂ ਧੱਬਿਆਂ 'ਤੇ ਜਾਮਣੀ ਰੰਗ ਦੀ ਉੱਲੀ ਵੀ ਦਿਖਾਈ ਦਿੰਦੀ ਹੈ। ਡੰਡੀਆਂ ਉੱਤੇ ਇਹ ਧੱਬੇ ਬਾਅਦ 'ਚ ਭੂਰੇ ਰੰਗ ਦੇ ਹੋ ਜਾਂਦੇ ਹਨ। ਬਿਮਾਰੀ ਵਾਲੀ ਫੁੱਲਾਂ ਦੀ ਡੰਡੀ ਕਮਜ਼ੋਰ ਹੋ ਕੇ ਟੁੱਟ ਜਾਂਦੀ ਹੈ ਤੇ ਫ਼ਸਲ ਸੜੀ ਹੋਈ ਨਜ਼ਰ ਆਉਂਦੀ ਹੈ।



### ਸਟੈਮਫਿਲਿਅਮ ਬਲਾਈਟ

ਇਸ ਬਿਮਾਰੀ ਨਾਲ ਪੱਤਿਆਂ ਉੱਪਰ ਪੀਲੇ ਭੂਰੇ ਪਾਣੀ ਭਿੱਜੇ ਲੰਬੂਤਰੇ ਧੱਬੇ ਪੈ ਜਾਂਦੇ ਹਨ, ਜੋ ਕਿ ਬਾਅਦ ਵਿਚ ਗੂੜ੍ਹੇ ਭੂਰੇ ਤੇ ਕਾਲੇ ਰੰਗ ਦੇ ਹੋ ਜਾਂਦੇ ਹਨ। ਇਹ ਧੱਬੇ ਆਪਸ 'ਚ ਮਿਲ ਕੇ ਪੱਤੇ ਨੂੰ ਸਾੜ ਦਿੰਦੇ ਹਨ। ਦੂਰੋਂ ਵੇਖਣ 'ਤੇ ਇਹ ਧੱਬੇ ਜਾਮਣੀ ਧੱਬਿਆਂ ਦੇ ਰੋਗ ਵਾਂਗ ਹੀ ਲਗਦੇ ਹਨ। ਇਹ ਬਿਮਾਰੀ ਜਿਆਦਾਤਰ ਪੱਤਿਆਂ 'ਤੇ ਹੀ ਸੀਮਿਤ ਰਹਿੰਦੀ ਹੈ। ਲੰਬੇ ਸਮੇਂ ਤਕ ਗਰਮ ਤੇ ਸਿਲ੍ਹਾ ਮੌਸਮ ਇਸ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੁੰਦਾ ਹੈ। ਥਰਿੱਪ ਦਾ ਹਮਲਾ ਵੀ ਇਸ ਦੇ ਹਮਲੇ 'ਚ ਵਾਧਾ ਕਰਦਾ ਹੈ।





# ਪਰਾਲੀ ਵਾਲੇ ਕਣਕ ਦੇ ਖੇਤਾਂ 'ਚ ਕੀੜਿਆਂ ਦੀਆਂ ਸਮੱਸਿਆਵਾਂ

• ਬੇਅੰਤ ਸਿੰਘ, ਕਮਲਜੀਤ ਸਿੰਘ ਸੂਰੀ
99880-95878

ਕਣਕ ਹਾੜੀ ਰੁੱਤ ਦੀ ਮੁੱਖ ਫ਼ਸਲ ਹੈ। ਲਗਪਗ 35 ਲੱਖ ਹੈਕਟੇਅਰ ਰਕਬੇ 'ਚ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਝੋਨੇ ਦੀ ਕਟਾਈ ਤੇ ਕਣਕ ਦੀ ਬਿਜਾਈ ਦਰਮਿਆਨ ਘੱਟ ਵਕਫ਼ਾ ਹੋਣ ਕਰਕੇ, ਆਮ ਤੌਰ ਤੇ ਪਰਾਲੀ ਨੂੰ ਸਾੜ ਕੇ ਕਣਕ ਦੀ ਬਿਜਾਈ ਕੀਤੀ ਜਾਂਦੀ ਸੀ ਪਰ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਇਸ ਸਾਲ ਵੱਡੇ ਰਕਬੇ ਵਿਚ ਕਣਕ ਦੀ ਬਿਜਾਈ ਪਰਾਲੀ ਨੂੰ ਖੇਤ ਵਿਚ ਵਾਹ ਕੇ ਹੀ ਕੀਤੀ ਗਈ ਹੈ। ਭਾਵੇਂ ਕੁਝ ਕਿਸਾਨ ਬੀਤੇ 6-7 ਸਾਲ ਤੋਂ ਇਸ ਤਰੀਕੇ ਨਾਲ ਕਣਕ ਦੀ ਬਿਜਾਈ ਕਰ ਰਹੇ ਸਨ ਪਰ ਸਰਕਾਰ ਪਾਸੋਂ ਮਿਲੀ ਮਾਲੀ ਮਦਦ ਕਾਰਨ ਇਸ ਸਾਲ ਪਰਾਲੀ ਦੀ ਖੇਤ ਵਿਚ ਵਹਾਈ ਕਰ ਕੇ ਕਣਕ ਬੀਜਣ ਦੇ ਰਕਬੇ ਵਿਚ ਚੋਖਾ ਵਾਧਾ ਹੋਇਆ ਹੈ।

### ਕੀੜਿਆਂ ਦੀ ਰੋਕਥਾਮ

**ਸੈਨਿਕ ਸੁੰਡੀ** : ਇਹ ਕੀੜਾ ਕਈ ਫ਼ਸਲਾਂ ਦਾ ਨੁਕਸਾਨ ਕਰਦਾ ਹੈ। ਕਦੇ-ਕਦੇ ਮਾਰਚ-ਅਪ੍ਰੈਲ ਵਿਚ ਕਣਕ ਉੱਪਰ ਇਸ ਦਾ ਹਮਲਾ ਵੇਖਣ ਨੂੰ ਮਿਲਦਾ ਹੈ ਪਰ ਇਸ ਸਾਲ ਦਸੰਬਰ ਮਹੀਨੇ ਹੀ ਇਸ ਦਾ ਹਮਲਾ ਵੇਖਣ 'ਚ ਆਇਆ ਹੈ। ਇਸ ਦੀ ਨਵੀਂ ਜੰਮੀ ਸੁੰਡੀ ਪੱਤੇ ਖਾਂਦੀ ਹੈ ਤੇ ਵੱਡੀਆਂ ਸੁੰਡੀਆਂ ਪੱਤੇ, ਕਸੀਰ ਤੇ ਸਿੱਟਿਆਂ ਉੱਪਰ ਹਮਲਾ ਕਰਦੀਆਂ ਹਨ। ਇਹ ਸੁੰਡੀ ਦਿਨ ਸਮੇਂ ਝੋਨੇ ਦੇ ਮੁੱਢਾਂ ਤੇ ਜ਼ਮੀਨ ਦੀਆਂ ਤਰੇੜਾਂ ਵਿਚ ਲੁਕੀ ਰਹਿੰਦੀ ਹੈ ਤੇ ਸਵੇਰੇ-ਸ਼ਾਮ ਜਾਂ ਰਾਤ ਵੇਲੇ ਹਮਲਾ ਕਰਦੀ ਹੈ। ਇਸ ਦਾ ਹਮਲਾ ਬੂਟਿਆਂ ਹੇਠ ਪਈਆਂ ਇਸ ਦੀਆਂ ਮੀਂਗਣਾਂ ਤੇ ਸੁੰਡੀਆਂ ਰਾਹੀਂ ਪਛਾਣਿਆ ਜਾ ਸਕਦਾ ਹੈ। ਇਸ ਦੇ ਹਮਲੇ ਸਮੇਂ 400 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਸੂਰਜ ਛਿਪਣ ਤੋਂ ਬਾਅਦ ਕੀਤੀ ਗਈ ਸਪਰੇ ਜ਼ਿਆਦਾ ਕਾਰਗਰ ਹੁੰਦੀ ਹੈ। ਜਿਨ੍ਹਾਂ ਖੇਤਾਂ ਵਿਚ ਪਰਾਲੀ ਜ਼ਿਆਦਾ ਹੋਵੇ, ਕੀਟਨਾਸ਼ਕ ਸਪਰੇਅ ਤੋਂ ਬਾਅਦ ਹੀ ਪਾਣੀ ਲਗਾਓ। ਇਸ ਕੀੜੇ ਦੇ ਪਤੰਗੇ ਦੀ ਆਮਦ ਜਾਣਨ ਲਈ ਲਾਈਟ ਟਰੈਪ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਤਣੇ ਦੀ ਗੁਲਾਬੀ ਸੁੰਡੀ** : ਇਹ ਮੁੱਖ ਤੌਰ 'ਤੇ ਝੋਨੇ ਦਾ ਕੀੜਾ ਹੈ ਪਰ ਕੁਝ ਸਮੇਂ ਤੋਂ ਕਣਕ ਉੱਪਰ ਵੀ ਇਸ ਦਾ ਹਮਲਾ ਵੇਖਣ ਨੂੰ ਮਿਲ ਰਿਹਾ ਹੈ। ਇਸ ਤੋਂ ਇਲਾਵਾ ਇਹ ਕੀੜਾ ਮੱਕੀ ਅਤੇ ਕਮਾਦ ਉੱਪਰ ਵੀ ਹਮਲਾ ਕਰਦਾ ਹੈ। ਇਸ ਦਾ ਹਮਲਾ ਸਭ ਤੋਂ ਵੱਧ 40-50 ਦਿਨ ਦੀ ਕਣਕ ਦੀ ਫ਼ਸਲ ਉੱਪਰ ਵੇਖਣ ਨੂੰ ਮਿਲਦਾ ਹੈ। ਇਸ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣਿਆਂ 'ਚ ਮੋਰੀਆਂ ਕਰ ਕੇ ਅੰਦਰ ਚਲੀਆਂ ਜਾਂਦੀਆਂ ਹਨ ਤੇ ਅੰਦਰੂਨੀ ਮਾਦਾ ਖਾਂਦੀਆਂ ਹਨ ਜਿਸ ਨਾਲ ਬੂਟੇ ਪੀਲੇ ਪੈ ਜਾਂਦੇ ਹਨ ਤੇ ਅਖ਼ੀਰ ਵਿਚ ਮਰ ਜਾਂਦੇ ਹਨ।

ਫ਼ਸਲ ਦੇ ਸਿੱਟੇ ਨਿਕਲਣ ਸਮੇਂ ਇਸ ਦੇ ਹਮਲੇ ਕਾਰਨ ਸਿੱਟੇ ਚਿੱਟੇ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਚ ਜਾਂ ਤਾਂ ਦਾਣੇ ਬਣਦੇ ਨਹੀਂ ਤੇ ਜੇ ਬਣਦੇ ਹਨ ਤਾਂ ਬਹੁਤ ਬਾਰੀਕ ਰਹਿ ਜਾਂਦੇ ਹਨ। ਇਸ ਦੀ ਰੋਕਥਾਮ ਲਈ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਜੇ ਹਮਲਾ ਧੌੜੀਆਂ ਵਿਚ ਹੋਵੇ ਤਾਂ ਏਕਾਲਕਸ 25 ਈਸੀ (ਕੁਇਨਲਫਾਸ) ਨੂੰ 8 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਰਤ ਕੇ ਧੌੜੀਆਂ ਵਿਚ ਛਿੜਕਾਅ ਕਰੋ। •

### ਗੁਲਾਬੀ ਸੁੰਡੀ ਤੇ ਸੈਨਿਕ ਸੁੰਡੀ ਦਾ ਹਮਲਾ

ਜਿਹੜੇ ਕਿਸਾਨ ਬੀਤੇ ਕਾਫ਼ੀ ਸਮੇਂ ਤੋਂ ਇਸ ਤਰੀਕੇ ਨਾਲ ਕਣਕ ਦੀ ਬਿਜਾਈ ਕਰ ਰਹੇ ਹਨ, ਉਹ ਇਸ ਨਾਲ ਜੁੜੀਆਂ ਕੀੜੇ-ਮਕੌੜਿਆਂ ਦੀ ਸਮੱਸਿਆ ਤੋਂ ਭਲੀ ਭਾਂਤੀ ਜਾਣੂੰ ਹਨ। ਇਸ ਤਕਨੀਕ ਨਾਲ ਨਵੇਂ ਜੁੜੇ ਕਿਸਾਨਾਂ ਲਈ ਇਨ੍ਹਾਂ ਸਮੱਸਿਆਵਾਂ ਨੂੰ ਜਾਣਨਾ ਬੇਹੱਦ ਜ਼ਰੂਰੀ ਹੈ। ਖੇਤੀ ਵਿਗਿਆਨੀਆਂ ਵੱਲੋਂ ਕੀਤੇ ਗਏ ਸਰਵੇਖਣਾਂ ਮੁਤਾਬਿਕ ਪਰਾਲੀ ਵਾਲੇ ਖੇਤਾਂ 'ਚ ਕਣਕ ਦੀ ਫ਼ਸਲ ਚੰਗੀ ਹਾਲਤ ਵਿਚ ਹੈ ਪਰ ਕੁਝ ਖੇਤਾਂ ਵਿਚ ਤਣੇ ਦੀ ਗੁਲਾਬੀ ਸੁੰਡੀ ਦੀ ਸਮੱਸਿਆ ਵੇਖਣ 'ਚ ਆਈ ਹੈ। ਇਸ ਤੋਂ ਇਲਾਵਾ ਪਟਿਆਲਾ ਤੇ ਕਪੂਰਥਲਾ ਵਿਖੇ ਕੁਝ ਖੇਤਾਂ 'ਚ ਸੈਨਿਕ ਸੁੰਡੀ ਵੀ ਵੇਖਣ ਨੂੰ ਮਿਲੀ। ਆਮ ਤੌਰ ਤੇ ਸੈਨਿਕ ਸੁੰਡੀ ਦਾ ਹਮਲਾ ਮਾਰਚ-ਅਪ੍ਰੈਲ 'ਚ ਹੁੰਦਾ ਹੈ ਪਰ ਇਸ ਸਾਲ ਪਹਿਲੀ ਵਾਰ ਇਸ ਸੁੰਡੀ ਦਾ ਹਮਲਾ ਦਸੰਬਰ ਮਹੀਨੇ ਵਿਚ ਵੇਖਣ ਨੂੰ ਮਿਲਿਆ ਹੈ। ਕਿਸਾਨ ਨੂੰ ਚਾਹੀਦਾ ਹੈ ਕਿ ਉਹ ਕੀੜੇਮਾਰ ਦਵਾਈਆਂ ਦੀ ਬੇਲੋੜੀ ਵਰਤੋਂ ਨਾ ਕਰਨ ਤੇ ਨਿਰੰਤਰ ਖੇਤਾਂ ਵਿਚ ਕੀੜੇ-ਮਕੌੜਿਆਂ ਦੀ ਆਮਦ ਸਬੰਧੀ ਜਾਇਜ਼ਾ ਲੈਂਦੇ ਰਹਿਣ ਤੇ ਹਮਲਾ ਹੋਣ 'ਤੇ ਹੀ ਕੀੜੇਮਾਰ ਦਵਾਈਆਂ ਦੀ ਵਰਤੋਂ ਕਰਨ।





ਰੂੜੀ ਦੀ ਖ਼ਾਦ 'ਚ ਮੌਜੂਦ ਕੁਦਰਤੀ ਤੱਤ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ ਉਥੇ ਰਸਾਇਣਕ ਖਾਦਾਂ 'ਤੇ ਹੋਣ ਵਾਲੇ ਖ਼ਰਚਿਆਂ ਦੀ ਬੱਚਤ ਵੀ ਹੁੰਦੀ ਹੈ...

# ਖੇਤੀ ਖ਼ਰਚੇ ਘਟਾਏ ਰੂੜੀ ਦੀ ਖਾਦ

• ਡਾ. ਨਰੇਸ਼ ਕੁਮਾਰ ਗੁਲਾਟੀ
97812-62255

ਫ਼ਸਲ ਦਾ ਵਧੇਰੇ ਝਾੜ ਲੈਣ ਲਈ ਅਸੀਂ ਰਸਾਇਣਕ ਖਾਦਾਂ ਦਾ ਵਰਤੋਂ ਤਾਂ ਕਰਦੇ ਹਾਂ ਪਰ ਇਹ ਗੱਲ ਵੀ ਬੜੀ ਅਹਿਮ ਹੈ ਕਿ ਰਸਾਇਣਾਂ ਦੀ ਵਧੇਰੇ ਵਰਤੋਂ ਕਾਰਨ ਖੇਤੀ ਖ਼ਰਚਿਆਂ 'ਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਵਾਤਾਵਰਨ ਪ੍ਰਦੂਸ਼ਣ ਵਧਦਾ ਹੈ ਤੇ ਉਪਜ ਦੇ ਮਿਆਰ ਵਿਚ ਵੀ ਗਿਰਾਵਟ ਆਉਂਦੀ ਹੈ। ਪੰਜਾਬ ਵਿਚ ਇਸ ਸਮੇਂ ਪ੍ਰਤੀ ਹੈਕਟੇਅਰ 243 ਕਿੱਲੋ ਰਸਾਇਣਕ ਖਾਦਾਂ ਇਸਤੇਮਾਲ ਕੀਤੀਆਂ ਜਾਂਦੀਆਂ ਹਨ ਤੇ ਇਹ ਦਰ ਦੇਸ਼ ਵਿਚ ਸਭ ਤੋਂ ਜ਼ਿਆਦਾ ਹੈ।

### ਫ਼ਸਲਾਂ ਲਈ ਲੋੜੀਂਦੇ 17 ਖ਼ੁਰਾਕੀ ਤੱਤ

ਵਧ ਰਹੀ ਆਬਾਦੀ ਤੇ ਵਧੇਰੇ ਝਾੜ ਲੈਣ ਲਈ ਭਾਵੇਂ ਸਾਨੂੰ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕੀਤੀ ਜਾਣੀ ਹੀ ਸਹੀ ਹੈ। ਫ਼ਸਲਾਂ ਲਈ ਖ਼ੁਰਾਕੀ ਤੱਤਾਂ ਦੀ ਲੋੜ ਅਨੁਸਾਰ ਪੂਰਤੀ ਲਈ ਅੱਜ ਕੱਲ੍ਹ ਸਰਵਪੱਖੀ ਖ਼ੁਰਾਕੀ ਤੱਤਾਂ ਦੇ ਪ੍ਰਬੰਧ ਉੱਪਰ ਜ਼ੋਰ ਦਿੱਤਾ ਜਾ ਰਿਹਾ ਹੈ। ਮਾਹਿਰਾਂ ਅਨੁਸਾਰ ਫ਼ਸਲ ਦੇ ਸਹੀ ਵਾਧੇ ਲਈ ਬੂਟਿਆਂ ਨੂੰ ਕਰੀਬ 17 ਖ਼ੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ। ਇਨ੍ਹਾਂ ਤੱਤਾਂ ਦੀ ਪੂਰਤੀ ਲਈ ਰਸਾਇਣਕ ਖਾਦਾਂ ਰਾਹੀਂ ਅਸੀਂ ਨਾਈਟ੍ਰੋਜਨ, ਫਾਸਫੋਰਸ ਜਾਂ ਪੋਟਾਸ਼ ਦੀ ਵਰਤੋ ਤਾਂ ਕਰਦੇ ਹਾਂ ਪਰ ਦੂਸਰੇ ਅਹਿਮ ਤੱਤਾਂ ਦੀ ਪੂਰਤੀ ਵੱਲ ਅਸੀਂ ਵਧੇਰੇ ਧਿਆਨ ਨਹੀ ਦਿੰਦੇ, ਨਤੀਜੇ ਵਜੋਂ ਕਈ ਵਾਰ ਬਿਮਾਰੀ ਦੇ ਹਮਲੇ ਤੇ ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਝਾੜ 'ਚ ਕਮੀ ਆ ਜਾਂਦੀ ਹੈ।

### ਰੂੜੀ ਦੀ ਖ਼ਾਦ ਤਿਆਰ ਕਰਨਾ

ਰੂੜੀ ਦੀ ਖਾਦ ਨੂੰ ਬਣਾਉਣ ਲਈ ਟੋਇਆ ਦੀ ਵਰਤੋਂ ਕਰੋ। ਤਿੰਨ ਤੋਂ ਪੰਜ ਪਸ਼ੂਆਂ ਦੇ ਮਲ-ਮੂਤਰ ਲਈ 6-7 ਮੀਟਰ ਲੰਬਾ, ਇਕ ਤੋਂ ਡੇਢ ਮੀਟਰ ਚੌੜਾ ਤੇ ਇਕ ਮੀਟਰ ਡੂੰਘਾ ਟੋਇਆ ਕਾਫ਼ੀ ਹੈ। ਟੋਏ ਦਾ ਆਕਾਰ ਗੋਹੇ ਦੀ ਉਪਲਬਧਤਾ ਅਨੁਸਾਰ ਘੱਟ-ਵੱਧ ਵੀ ਕੀਤਾ ਸਕਦਾ ਹੈ। ਟੋਏ ਨੂੰ ਗੋਬਰ, ਮਲ-ਮੂਤਰ, ਘਾਹ-ਫੂਸ, ਪੱਤਿਆ ਆਦਿ ਨਾਲ ਭਰ ਕੇ ਜ਼ਮੀਨ ਦੇ ਪੱਧਰ ਤੋਂ ਡੇਢ-ਦੋ ਫੁੱਟ ਉੱਚਾ ਹੋ ਜਾਣ 'ਤੇ ਇਸ ਉੱਪਰ ਗੋਹੇ ਤੇ ਮਿੱਟੀ ਦਾ ਪਤਲਾ ਲੇਪ ਕਰ ਦੇਵੋ। 3-4 ਮਹੀਨੇ ਵਿਚ ਟੋਏ ਵਿਚਲੇ ਪਦਾਰਥ ਬਿਹਤਰੀਨ ਰੂੜੀ ਖਾਦ ਦਾ ਰੂਪ ਲੈ ਲੈਂਦੇ ਹਨ। ਇਕ ਟੋਏ ਤੋਂ 5 ਤੋਂ 6 ਟਨ ਰੂੜੀ ਖਾਦ ਤਿਆਰ ਹੁੰਦੀ ਹੈ। ਰੂੜੀ ਖਾਦ ਤਿਆਰ ਕਰਨ ਦੇ ਇਹ ਹੋਰ ਤਰੀਕੇ ਰਾਹੀਂ ਜ਼ਮੀਨ ਦੇ ਉੱਪਰ 10 ਫੁੱਟ×6 ਫੁੱਟ×3 ਫੁੱਟ ਦਾ ਟੋਇਆ 9 ਇੰਚ ਮੋਟੀ ਦੀਵਾਰ ਬਣਾ ਕੇ ਤਿਆਰ ਕੀਤਾ ਜਾਂਦਾ ਹੈ। ਇਸ ਦੀਆਂ ਦੀਵਾਰਾਂ ਵਿਚ ਹਵਾ ਦੇ ਸੰਚਾਰ ਵਾਸਤੇ 7 ਇੰਚ ਦੀਆਂ ਮੋਰੀਆਂ ਰੱਖੀਆਂ ਜਾਂਦੀਆਂ ਹਨ। ਇਸ ਨਾਲ ਹਵਾ ਉਸਾਰੇ ਗਏ ਢਾਂਚੇ ਦੇ ਅੰਦਰ ਜਾਂਦੀ ਰਹਿੰਦੀ ਹੈ ਅਤੇ ਕਾਫ਼ੀ ਘੱਟ ਸਮੇਂ ਵਿਚ ਰੂੜੀ ਦੀ ਖਾਦ ਤਿਆਰ ਕੀਤੀ ਜਾ ਸਕਦੀ ਹੈ।

### ਰੂੜੀ ਦੀ ਖ਼ਾਦ ਦੇ ਹੋਰ ਬਦਲ

ਇਕ ਸਹਿਤਮੰਦ ਪਸ਼ੂ ਸਾਲ ਵਿਚ 40 ਕਿੱਲੋਮ ਨਾਈਟ੍ਰੋਜਨ, 31-35 ਕਿੱਲੋ ਪੋਟਾਸ਼ ਤੇ ਹੋਰ ਤੱਤ ਗੋਹੇ ਤੇ ਮਲ-ਮੂਤਰ ਰਾਹੀਂ ਸਰੀਰ 'ਚੋਂ ਖਾਰਜ ਕਰਦਾ ਹੈ। ਇਸ ਤੋ ਇਲਾਵਾ ਪੋਲਟਰੀ ਫਾਰਮ, ਪ੍ਰੈੱਸ-ਮਡ, ਕੰਮਪੋਸਟ ਆਦਿ ਦਾ ਇਸਤੇਮਾਲ ਕਰ ਕੇ ਵੀ ਰੂੜੀ ਦੀ ਖਾਦ ਤਿਆਰ ਕੀਤੀ ਜਾ ਸਕਦੀ ਹੈ। ਪਸ਼ੂਆਂ ਦੀ ਗਿਣਤੀ ਅਨੁਸਾਰ 2 ਤੋਂ 3 ਟੋਏ ਪੁੱਟਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਰੂੜੀ ਖਾਦ ਦੀ ਪੂਰਤੀ ਨਿਰਵਿਘਨ ਜਾਰੀ ਰੱਖੀ ਜਾ ਸਕੇ। ਅੱਜ ਕੱਲ੍ਹ ਗੰਡੋਇਆਂ ਰਾਹੀਂ ਵੀ ਰੂੜੀ ਦੀ ਖਾਦ ਤਿਆਰ ਕੀਤੀ ਜਾ ਰਹੀ ਹੈ। ਇਹ ਖਾਦ ਜਲਦੀ ਤਿਆਰ ਹੁੰਦੀ ਹੈ ਤੇ ਇਸ ਦੀ ਵਿਕਰੀ ਸਹਾਇਕ ਕਿੱਤੇ ਦਾ ਰੂਪ ਵੀ ਅਖ਼ਤਿਆਰ ਕਰ ਰਹੀ ਹੈ। ਬਹੁਤ ਸਾਰੇ ਨੌਜਵਾਨ ਵਰਮੀਕੰਪੋਸਟ ਤੇ ਗੰਡੋਇਆਂ ਆਦਿ ਦੀ ਵਿਕਰੀ ਕਰ ਕੇ ਚੰਗਾ ਲਾਭ ਕਮਾ ਰਹੇ ਹਨ।

### ਦੇਸੀ ਖਾਦ ਦੇ ਫ਼ਾਇਦੇ

- ਰੂੜੀ ਦੀ ਖਾਦ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਦੀ ਹੈ ਅਤੇ ਜਮੀਨ ਦੀ ਭੌਤਿਕ, ਰਸਾਇਣਿਕ ਤੇ ਜੈਵਿਕ ਸ਼ਕਤੀ 'ਚ ਸੁਧਾਰ ਕਰਦੀ ਹੈ।
- ਰੂੜੀ ਦੀ ਖਾਦ ਦੀ ਵਰਤੋ ਨਾਲ ਪਾਣੀ ਨੂੰ ਸੰਭਾਲਣ ਦੀ ਜ਼ਮੀਨ ਦੀ ਸ਼ਕਤੀ 'ਚ ਸੁਧਾਰ ਹੁੰਦਾ ਹੈ।
- ਇਹ ਜ਼ਮੀਨ ਦੀ ਭੋਇੰ-ਖੋਰ ਨੂੰ ਰੋਕਦੀ ਹੈ।
- ਚੰਗੀ ਤਰ੍ਹਾਂ ਗਲੀ-ਸੜੀ ਰੂੜੀ ਵਿਚ 1.2 ਤੋਂ 2 ਫ਼ੀਸਦੀ ਨਾਈਟ੍ਰੋਜਨ, 0.5 ਤੋਂ 0.7 ਫ਼ੀਸਦੀ ਫਾਸਫੋਰਸ ਤੇ 1.2 ਤੋਂ 2.6 ਫ਼ੀਸਦੀ ਪੋਟਾਸ਼ ਤੱਤ ਦਾ ਹੈ। ਇਸ ਤੋ ਇਲਾਵਾ ਰੂੜੀ ਵਿਚ 0.2 ਤੋਂ 3.8 ਫ਼ੀਸਦੀ ਕੈਲਸ਼ੀਅਮ, 0.2 ਤੋਂ 0.7 ਫ਼ੀਸਦੀ ਮੈਗਨੀਸ਼ੀਅਮ ਤੇ 0.3 ਤੋ 0.5 ਫ਼ੀਸਦੀ ਗੰਧਕ ਤੱਤ ਵੀ ਹੁੰਦਾ ਹੈ। ਇਸ ਤੋਂ ਇਲਾਵਾ ਰੂੜੀ ਦੀ ਖਾਦ ਵਿਚ ਕਰੀਬ 100 ਮਿਲੀਗ੍ਰਾਮ ਪ੍ਰਤੀ ਕਿੱਲੋ ਜ਼ਿੰਕ, 200 ਤੋਂ 3500 ਮਿਲੀਗ੍ਰਾਮ ਪ੍ਰਤੀ ਕਿੱਲੋ ਲੋਹਾ, 100-300 ਮਿਲੀਗ੍ਰਾਮ ਪ੍ਰਤੀ ਕਿੱਲੋ ਮੈਂਗਨੀਜ, ਬੋਰੋਨ, ਮੋਲੀਬਡੀਨਮ, ਤਾਂਬਾ ਆਦਿ ਤੱਤ ਵੀ ਹੁੰਦੇ ਹਨ।
- ਰੂੜੀ ਵਿਚ ਵਧੇਰੇ ਜੈਵਿਕ ਕਾਰਬਨ ਹੋਣ ਕਾਰਨ ਇਹ ਜ਼ਮੀਨ ਵਿਚ ਸੂਖ਼ਮ ਜੀਵਾਂ ਦੇ ਵਾਧੇ 'ਚ ਸਹਾਈ ਹੁੰਦੀ ਹੈ ਤੇ ਇਸ ਨਾਲ ਜ਼ਮੀਨ ਵਿਚ ਨਾ ਉਪਲਬਧ ਖ਼ੁਰਾਕੀ ਤੱਤ ਸੌਖਿਆਂ ਹੀ ਉਪਲਬਧ ਹੋ ਜਾਂਦੇ ਹਨ।
- ਰੂੜੀ 'ਚ ਮੌਜੂਦ ਖ਼ੁਰਾਕੀ ਤੱਤ ਹੌਲੀ-ਹੌਲੀ ਫ਼ਸਲਾਂ ਨੂੰ ਉਪਲਬਧ ਹੁੰਦੇ ਹਨ, ਜਿਸ ਨਾਲ ਲੰਬੇ ਸਮੇਂ ਤਕ ਫ਼ਸਲਾਂ ਨੂੰ ਖ਼ੁਰਾਕ ਮਿਲਦੀ ਰਹਿੰਦੀ ਹੈ। ਮਾਹਿਰਾਂ ਅਨੁਸਾਰ 6 ਟਨ ਪ੍ਰਤੀ ਏਕੜ ਰੂੜੀ ਖਾਦ ਵਰਤਣ ਨਾਲ ਝੋਨੇ ਤੇ ਮੱਕੀ ਵਿਚ 16 ਕਿੱਲੋ ਤੇ ਕਣਕ ਵਿਚ 12 ਕਿਲੋ ਨਾਈਟ੍ਰੋਜਨ ਅਤੇ 6 ਕਿੱਲੋ ਫਾਸਫੋਰਸ ਦੀ ਵਰਤੋਂ ਸਿੱਧੇ ਤੌਰ 'ਤੇ ਘਟਾਈ ਜਾ ਸਕਦੀ ਹੈ। •



### ਸਰਵਪੱਖੀ ਤੱਤ ਪ੍ਰਬੰਧ

ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸੱਮਸਿਆ ਦੇ ਹੱਲ ਲਈ ਫ਼ਸਲਾਂ ਨੂੰ ਖਾਦਾਂ ਦੀ ਵਰਤੋਂ ਸਰਵਪੱਖੀ ਤੱਤਾਂ ਦੇ ਪ੍ਰਬੰਧ ਦੇ ਆਧਾਰ 'ਤੇ ਕੀਤੀ ਜਾਵੇ। ਇਸ ਫਾਰਮੂਲੇ ਵਿਚ ਰੂੜੀ ਦੀਆਂ ਖਾਦਾਂ ਦਾ ਇਸਤੇਮਾਲ ਅਹਿਮ ਹੈ। ਪਸ਼ੂਆਂ ਦੇ ਗੋਬਰ ਤੇ ਮਲ-ਮੂਤਰ ਵਿਚ ਕੁਦਰਤੀ ਤੌਰ 'ਤੇ ਫ਼ਸਲਾਂ ਦੇ ਵਾਧੇ ਲਈ ਲੋੜੀਂਦੇ ਕਰੀਬ ਸਾਰੇ ਖ਼ੁਰਾਕੀ ਤੱਤ ਹੁੰਦੇ ਹਨ। ਪਿੰਡਾਂ ਵਿਚ ਜ਼ਿਆਦਾਤਰ ਕਿਸਾਨਾਂ ਕੋਲ ਪਸ਼ੂ ਤਾਂ ਹਨ ਪਰ ਅਸੀਂ ਪਸ਼ੂਆਂ ਦੇ ਗੋਬਰ ਨੂੰ ਜਾਇਆ ਕਰ ਦਿੰਦੇ ਹਾਂ। ਗੋਬਰ ਦੀ ਵਰਤੋਂ ਜੇ ਰੂੜੀ ਖਾਦ ਲਈ ਕੀਤੀ ਜਾਵੇ ਤਾਂ ਵਾਧੂ ਖੇਤੀ ਖ਼ਰਚਿਆਂ ਉੱਪਰ ਰੋਕ ਦੇ ਨਾਲ-ਨਾਲ ਕਈ ਅਹਿਮ ਫ਼ਾਇਦੇ ਹੋ ਸਕਦੇ ਹਨ। ਰੂੜੀ ਖ਼ਾਦ ਦੇ ਗੁਣਾਂ ਦੇ ਆਧਾਰ 'ਤੇ ਹੀ ਮਾਹਿਰ ਇਸ ਨੂੰ 'ਕਾਲਾ ਸੋਨਾ' ਆਖਦੇ ਹਨ।

## ਸੰਪਾਦਕੀ

# ਬਾਇਡਨ ਬਨਾਮ ਟਰੰਪ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਹਫ਼ਤੇ ਆਪੋ-ਆਪਣੀਆਂ ਪ੍ਰਾਇਮਰੀ (ਪਾਰਟੀ ਡੈਲੀਗੇਟ) ਚੋਣਾਂ ਜਿੱਤ ਕੇ ਨਾਮਜ਼ਦਗੀ ਪੱਕੀ ਕਰ ਲਈ ਹੈ ਅਤੇ ਹੁਣ ਦੋਵੇਂ ਇਸ ਸਾਲ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਵਿਚ ਇਕ ਵਾਰ ਫਿਰ ਆਹਮੋ-ਸਾਹਮਣੇ ਹੋਣਗੇ। ਬਾਇਡਨ ਨੂੰ ਅਗਸਤ ਮਹੀਨੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿਚ ਪਾਰਟੀ ਦਾ ਬਾਕਾਇਦਾ ਉਮੀਦਵਾਰ ਐਲਾਨਿਆ ਜਾਵੇਗਾ; ਟਰੰਪ ਦੀ ਅਧਿਕਾਰਤ ਨਾਮਜ਼ਦਗੀ ਜੁਲਾਈ ਵਿਚ ਮਿਲਵਾਕੀ ਵਿੱਚ ਹੋਣ ਵਾਲੀ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਵਿਚ ਕੀਤੀ ਜਾਵੇਗੀ। 1956 ਤੋਂ ਬਾਅਦ ਇਹ ਪਹਿਲੀ ਚੋਣ ਹੋਵੇਗੀ ਜਦੋਂ ਦੋਵੇਂ ਉਮੀਦਵਾਰ ਦੂਜੀ ਵਾਰ ਇਕ ਦੂਜੇ ਦਾ ਮੁਕਾਬਲਾ ਕਰਨਗੇ। ਉਸ ਸਾਲ ਰਿਪਬਲਿਕਨ ਪਾਰਟੀ ਨਾਲ ਸਬੰਧਿਤ ਰਾਸ਼ਟਰਪਤੀ ਡਵਾਇਟ ਡੀ ਆਇਜ਼ਨਹੌਵਰ ਨੇ ਡੈਮੋਕਰੈਟਿਕ ਪਾਰਟੀ ਦੇ ਐਡਲਾਈ ਸਟੀਵਨਸਨ ਨੂੰ ਚਾਰ ਸਾਲਾਂ ਵਿਚ ਦੂਜੀ ਵਾਰ ਹਰਾਇਆ ਸੀ।

ਚੋਣ ਪ੍ਰਚਾਰ ਮੁਹਿੰਮ ਦੌਰਾਨ ਬਾਇਡਨ ਅਤੇ ਟਰੰਪ ਦੋਵੇਂ ਇਕ ਦੂਜੇ ਨੂੰ ਬਚਾਓ ਲਈ ਕੋਈ ਥਾਂ ਨਹੀਂ ਦੇਣਗੇ। 81 ਸਾਲਾ ਰਾਸ਼ਟਰਪਤੀ ਬਾਇਡਨ ਨੇ ਖ਼ਬਰਦਾਰ ਕੀਤਾ ਹੈ ਕਿ ਟਰੰਪ ਦੇਸ਼ ਲਈ ਬਹੁਤ ਵੱਡਾ ਖ਼ਤਰਾ ਹੈ ਜਿਸ ਕਰ ਕੇ ਲੋਕਾਂ ਨੂੰ ਦੇਸ਼ ਦੇ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਸੋਚ ਸਮਝ ਕੇ ਚੋਣ ਕਰਨੀ ਚਾਹੀਦੀ ਹੈ। ਉਨ੍ਹਾਂ ਲੋਕਾਂ ਨੂੰ ਆਖਿਆ: ਕੀ ਅਸੀਂ ਆਪਣੇ ਲੋਕਰਾਜ ਦੀ ਰਾਖੀ ਲਈ ਖੜ੍ਹੇ ਹੋਵਾਂਗੇ ਜਾਂ ਹੋਰਨਾਂ ਨੂੰ ਇਸ ਨੂੰ ਲੀਰੋ-ਲੀਰ ਕਰਨ ਦੀ ਆਗਿਆ ਦੇਵਾਂਗੇ ? ਟਰੰਪ ਨੇ ਜਵਾਬੀ ਹਮਲਾ ਕਰਦਿਆਂ ਆਖਿਆ ਕਿ ਬਾਇਡਨ ਅਮਰੀਕਾ ਦੇ ਇਤਿਹਾਸ ਦੇ ਸਭ ਤੋਂ ਮਾੜੇ ਰਾਸ਼ਟਰਪਤੀ ਸਾਬਿਤ ਹੋਏ ਹਨ। 2024 ਦਾ ਇਹ ਜਮਹੂਰੀ ਮੁਕਾਬਲਾ 2020 ਦੇ ਮੁਕਾਬਲੇ ਨਾਲੋਂ ਬਹੁਤ ਵੱਖਰਾ ਹੋਵੇਗਾ ਕਿਉਂਕਿ ਇਸ ਸਮੇਂ ਟਰੰਪ ਨੂੰ 90 ਤੋਂ ਵੱਧ ਅਪਰਾਧਿਕ ਕੇਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮਹੀਨੇ ਦੇ ਅੰਤ ਵਿਚ ਉਹ ਪਹਿਲੇ ਅਮਰੀਕੀ ਸਾਬਕਾ ਰਾਸ਼ਟਰਪਤੀ ਬਣ ਜਾਣਗੇ ਜਿਨ੍ਹਾਂ ਖਿਲਾਫ਼ ਕਿਸੇ ਫ਼ੌਜਦਾਰੀ ਕੇਸ ਦਾ ਮੁਕੱਦਮਾ ਚਲਾਇਆ ਜਾਵੇਗਾ; ਟਰੰਪ 'ਤੇ ਦੋਸ਼ ਹੈ ਕਿ ਉਨ੍ਹਾਂ ਇਕ ਪੋਰਨ ਸਟਾਰ ਨੂੰ ਨਾਜਾਇਜ਼ ਪੈਸੇ ਦੀ ਅਦਾਇਗੀ ਕਰਨ ਲਈ ਝੂਠੇ ਕਾਰੋਬਾਰੀ ਕਾਗਜ਼ਾਤ ਤਿਆਰ ਕਰਵਾਏ ਸਨ। ਜ਼ਾਹਿਰ ਹੈ ਕਿ ਇਕ ਪਾਸੇ ਟਰੰਪ ਦੀਆਂ ਕਾਨੂੰਨੀ ਲੜਾਈਆਂ ਚੱਲਣਗੀਆਂ ਤੇ ਦੂਜੇ ਪਾਸੇ ਚੁਣਾਵੀ ਮੁਹਿੰਮ। ਇਸ ਲਈ ਉਹ ਵੋਟਾਂ ਹਾਸਲ ਕਰਨ ਲਈ ਆਪਣੇ ਆਪ ਨੂੰ ਪੀੜਤ ਵਜੋਂ ਪੇਸ਼ ਕਰਨ ਵਿਚ ਕੋਈ ਕਸਰ ਨਹੀਂ ਰਹਿਣ ਦੇਣਗੇ।

ਇਹ ਕਹਿਣਾ ਮੁਸ਼ਕਲ ਹੋਵੇਗਾ ਕਿ ਅਮਰੀਕੀ ਵੋਟਰ ਕਿਸੇ ਬਿਹਤਰ ਉਮੀਦਵਾਰ ਦੀ ਚੋਣ ਕਰਨਗੇ ਜਾਂ ਘੱਟ ਬੁਰਾਈ ਦੀ। ਸੱਜਰੇ ਚੋਣ ਸਰਵੇਖਣ ਤੋਂ ਦੇਸ਼ ਦੇ ਸਿਆਸੀ ਮਿਜ਼ਾਜ ਦੀ ਝਲਕ ਮਿਲਦੀ ਹੈ। ਇਸ ਸਰਵੇਖਣ ਵਿਚ ਸ਼ਾਮਲ 36 ਫ਼ੀਸਦ ਲੋਕਾਂ ਨੇ ਕਿਹਾ ਹੈ ਕਿ ਉਹ ਟਰੰਪ 'ਤੇ ਭਰੋਸਾ ਕਰਦੇ ਹਨ; 33 ਫ਼ੀਸਦ ਲੋਕਾਂ ਨੇ ਬਾਇਡਨ 'ਤੇ ਭਰੋਸਾ ਦਰਸਾਇਆ ਹੈ। ਉਂਝ, ਹਰ ਪੰਜਾਂ 'ਚੋਂ ਇਕ ਸ਼ਖ਼ਸ ਜਾਂ ਕਹੋ ਕਿ 20 ਫ਼ੀਸਦ ਲੋਕਾਂ ਨੇ ਬਾਇਡਨ ਅਤੇ ਟਰੰਪ, ਦੋਵਾਂ ਨੂੰ ਰੱਦ ਕੀਤਾ ਹੈ। ਆਸਾਰ ਹਨ ਕਿ 2024 ਦੀ ਰਾਸ਼ਟਰਪਤੀ ਦੀ ਚੋਣ ਦਾ ਫ਼ੈਸਲਾ ਕਰਨ ਵਿਚ ਇਨ੍ਹਾਂ ਵੋਟਰਾਂ ਦਾ ਰੁਖ਼ ਅਹਿਮ ਭੂਮਿਕਾ ਨਿਭਾਅ ਸਕਦਾ ਹੈ।

# ਅਗਨੀ-5 ਦਾ ਪ੍ਰੀਖਣ

ਭਾਰਤ ਨੇ ਬੈਲਿਸਟਿਕ ਮਿਜ਼ਾਈਲ ਅਗਨੀ-5 ਦੀ ਸਫ਼ਲ ਅਜ਼ਮਾਇਸ਼ ਕੀਤੀ ਹੈ ਜਿਸ ਵਿਚ ਮਿਸ਼ਨ 'ਦਿਵਿਆਸਤਰ' ਤਹਿਤ ਮਲਟੀਪਲ ਇੰਡੀਪੈਂਡੇਟਲੀ ਟਾਰਗੈਟੇਬਲ ਰੀ-ਐਂਟਰੀ ਵਹੀਕਲ (ਐੱਮਆਈਆਰਵੀ) ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੇਸ਼ ਦੀਆਂ ਰੱਖਿਆ ਸਮੱਰਥਾਵਾਂ ਵਿਚ ਅਹਿਮ ਕਦਮ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦੇ ਨਾਲ ਹੀ ਇਹ ਅਜ਼ਮਾਇਸ਼ ਇਸ ਗੱਲ ਦਾ ਪ੍ਰਮਾਣ ਹੈ ਕਿ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਦੀ ਪਿਛਲੇ ਕਈ ਸਾਲਾਂ ਦੀ ਮਿਹਨਤ ਨੂੰ ਬੂਰ ਪਿਆ ਹੈ ਅਤੇ ਨਾਲ ਹੀ ਆਲਮੀ ਪੱਧਰ 'ਤੇ ਭਾਰਤ ਦੀ ਤਕਨੀਕੀ ਸ਼ਕਤੀ ਹੋਰ ਪੁਖ਼ਤਾ ਹੋਈ ਹੈ। ਇਹ ਮਹਿਲਾ ਪ੍ਰਾਜੈਕਟ ਡਾਇਰੈਕਟਰ ਦੀ ਅਗਵਾਈ ਸਟੈੱਮ ਖੇਤਰਾਂ ਵਿਚ ਲਿੰਗਕ ਭਾਗੀਦਾਰੀ ਵੱਲ ਦੇਸ਼ ਦੇ ਵਧ ਰਹੇ ਕਦਮਾਂ ਨੂੰ ਦਰਸਾਉਂਦੀ ਹੈ।

ਇਸ ਮਿਜ਼ਾਈਲ ਦੀ ਅਜ਼ਮਾਇਸ਼ ਜਿੱਥੇ ਨਾ ਕੇਵਲ ਵੱਡੀ ਰਣਨੀਤਕ ਪ੍ਰਾਪਤੀ ਹੈ ਜਿਸ ਸਦਕਾ ਭਾਰਤ ਐੱਮਆਈਆਰ ਤਕਨੀਕ ਦੇ ਮਾਲਕ ਛੇ ਮੁਲਕਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਹੋ ਗਿਆ ਹੈ, ਉੱਥੇ ਇਸ ਨਾਲ ਇਹ ਖੁਲਾਸਾ ਵੀ ਹੋਇਆ ਹੈ ਕਿ ਮੁਲਕ ਵੱਡੀਆਂ ਆਲਮੀ ਸ਼ਕਤੀਆਂ ਦੇ ਬਰਾਬਰ ਰੱਖਿਆ ਪ੍ਰਣਾਲੀਆਂ ਵਿਕਸਤ ਕਰਨ ਦੇ ਕਾਬਿਲ ਬਣ ਗਿਆ ਹੈ। ਇਸ ਤਕਨੀਕ ਨਾਲ ਇਕ ਹੀ ਮਿਜ਼ਾਈਲ ਉੱਪਰ ਕਈ ਜੰਗੀ ਹਥਿਆਰ (ਵਾਰਹੈੱਡ) ਫਿੱਟ ਕੀਤੇ ਜਾ ਸਕਦੇ ਹਨ ਜਿਸ ਨਾਲ ਦੇਸ਼ ਦੀ ਡਰਾਵਾ ਸ਼ਕਤੀ ਵਿਚ ਵਾਧਾ ਹੋਇਆ ਹੈ ਅਤੇ ਨਾਲ ਹੀ ਇਸ ਦੇ ਪਰਮਾਣੂ ਜ਼ਖੀਰੇ ਵਿਚ ਨਵੇਂ ਪੱਧਰ ਦੀ ਲਚਕਤਾ ਤੇ ਮਜ਼ਬੂਤੀ ਦਾ ਵੀ ਪਤਾ ਲਗਦਾ ਹੈ। ਅਜੋਕੀ ਦੁਨੀਆ ਅੰਦਰ ਸੁਰੱਖਿਆ ਖ਼ਤਰੇ ਬਹੁਤ ਤੇਜ਼ੀ ਨਾਲ ਉਭਰਦੇ ਹਨ ਜਿਸ ਕਰ ਕੇ ਇਸ ਤਰ੍ਹਾਂ ਦੀਆਂ ਕਾਢਾਂ ਦੀ ਆਪਣੀ ਅਹਿਮੀਅਤ ਹੈ ਅਤੇ ਨਾਲ ਹੀ ਭਰੋਸੇਮੰਦ ਡਰਾਵਾ ਪੈਦਾ ਕਰਨਾ ਵੀ ਜ਼ਰੂਰੀ ਹੈ। ਇਹ ਪ੍ਰਾਪਤੀ ਭਾਰਤ ਦੀ ਰਾਸ਼ਟਰੀ ਸੁਰੱਖਿਆ ਨੂੰ ਹੁਲਾਰਾ ਦੇਣ ਦੀ ਵਚਨਬੱਧਤਾ ਦਰਸਾਉਂਦੀ ਹੈ। ਭਾਰਤ ਵਲੋਂ ਐੱਮਆਈਆਰਵੀ ਤਕਨੀਕ ਨੂੰ ਅਪਣਾਉਣ ਨਾਲ ਇਸ ਦੇ ਸੰਭਾਵੀ ਦੁਸ਼ਮਣਾਂ ਨੂੰ ਹੀ ਨਹੀਂ ਸਗੋਂ ਸਾਫ਼ ਤੌਰ 'ਤੇ ਇਹ ਸੰਦੇਸ਼ ਵੀ ਜਾਵੇਗਾ ਕਿ ਭਾਰਤ ਆਪਣੀ ਪ੍ਰਭੂਸੱਤਾ ਅਤੇ ਰਾਸ਼ਟਰੀ ਹਿੱਤਾਂ ਦੀ ਸੁਰੱਖਿਆ ਕਰਨ ਲਈ ਦ੍ਰਿੜ ਹੈ।

ਜਿਵੇਂ ਭੂ-ਰਾਜਨੀਤਕ ਹਾਲਾਤ ਲਗਾਤਾਰ ਬਦਲਦੇ ਰਹਿੰਦੇ ਹਨ ਅਤੇ ਦੇਸ਼ ਦੀ ਡਰਾਵਾ ਸ਼ਕਤੀ ਦੀਆਂ ਸਮੱਰਥਾਵਾਂ ਵਿਚ ਵਾਧਾ ਹੋਣ ਨਾਲ ਸਥਿਰਤਾ ਆਉਂਦੀ ਹੈ ਤੇ ਉੱਭਰ ਰਹੇ ਖਤਰਿਆਂ ਲਈ ਮੋੜਵੇਂ ਰੂਪ ਵਿਚ ਸੰਤੁਲਨ ਪੈਦਾ ਹੁੰਦਾ ਹੈ ਜਿਸ ਸਦਕਾ ਖਿੱਤੇ ਅਤੇ ਆਲਮੀ ਪੱਧਰ 'ਤੇ ਸ਼ਾਂਤੀ ਅਤੇ ਸਥਿਰਤਾ ਨੂੰ ਹੁਲਾਰਾ ਮਿਲਦਾ ਹੈ। ਉਂਝ, ਇਸ ਦੇ ਨਾਲ ਹੀ ਇਹ ਵੀ ਮੰਨਣਾ ਪੈਂਦਾ ਹੈ ਕਿ ਰੱਖਿਆ ਸਮਰੱਥਾਵਾਂ ਵਿਚ ਵਾਧਾ ਹੋਣ ਨਾਲ ਜ਼ਿੰਮੇਵਾਰੀਆਂ ਵਿਚ ਵੀ ਵਾਧਾ ਹੁੰਦਾ ਹੈ। ਭਾਰਤ ਨੂੰ ਆਪਣੀ ਤਕਨੀਕੀ ਮੁਹਾਰਤ ਨੂੰ ਆਪਣੇ ਕੌਮੀ ਹਿੱਤਾਂ ਦੀ ਰਾਖੀ ਲਈ ਵਰਤਣਾ ਚਾਹੀਦਾ ਹੈ, ਉੱਥੇ ਦੁਨੀਆ ਭਰ ਵਿਚ ਅਮਨ, ਸਥਿਰਤਾ ਅਤੇ ਜ਼ਿੰਮੇਵਾਰ ਪਰਮਾਣੂ ਅਗਵਾਈ ਦੇ ਅਸੂਲਾਂ ਨੂੰ ਵੀ ਲਗਾਤਾਰ ਬੁਲੰਦ ਕਰ ਕੇ ਰੱਖਣ ਦੀ ਲੋੜ ਹੈ। ਇਹ ਮਸਲਾ ਵੀ ਸਾਰੀ ਦੁਨੀਆ ਲਈ ਵਿਚਾਰਨ ਵਾਲਾ ਹੈ ਕਿ ਹਥਿਆਰਾਂ ਦੀ ਦੌੜ ਵਿਚੋਂ ਬਾਹਰ ਕਿਵੇਂ ਆਇਆ ਜਾਵੇ ਜਾਂ ਘੱਟੋ-ਘੱਟ ਇਸ ਨੂੰ ਠੱਲ੍ਹ ਪੈਣ ਬਾਰੇ ਤਾਂ ਗੱਲ ਤੁਰਨੀ ਹੀ ਚਾਹੀਦੀ ਹੈ। ਹਥਿਆਰਾਂ ਦੀ ਦੌੜ ਵਿੱਚੋਂ ਬਚਾਈ ਊਰਜਾ ਅਵਾਮ ਨੂੰ ਦਰਪੇਸ਼ ਸਮੱਸਿਆਵਾਂ ਸੁਲਝਾਉਣ ਲਈ ਲਾਈ ਜਾ ਸਕਦੀ ਹੈ। ਇਹ ਕਾਰਜ ਕਿਸੇ ਇਕੱਲੇ-ਇਕਹਿਰੇ ਮੁਲਕ ਦਾ ਨਹੀਂ, ਇਸ ਲਈ ਸਮੂਹਿਕ ਯਤਨ ਹੀ ਸਫਲ ਹੋ ਸਕਦੇ ਹਨ।

# ਪਹਿਲੀ ਵਾਰ ਵੋਟਰ ਬਣਨ ਵਾਲੇ ਨੌਜਵਾਨਾਂ 'ਤੇ ਓਲੰਪੀਅਨ ਨੀਰਜ ਚੋਪੜਾ ਵੱਲੋਂ ਲੇਖ



**ਨੀਰਜ ਚੋਪੜਾ**

ਖਿਡਾਰੀ ਆਪਣੇ ਸਮਰਪਣ, ਲਗਨ ਅਤੇ ਟੀਮ ਭਾਵਨਾ ਰਾਹੀਂ ਦੇਸ਼ ਦੀ ਸੇਵਾ ਕਰਦੇ ਹਨ। ਚਾਹੇ ਘਰੇਲੂ ਮੈਦਾਨ ਹੋਵੇ ਜਾਂ ਵਿਦੇਸ਼ੀ, ਦੇਸ਼ ਦੀ ਜਰਸੀ ਪਹਿਨਣਾ ਇੱਕ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਦੋਵੇਂ ਹਨ। ਪਰ ਵਿਸ਼ਵ ਦੇ ਸਭ ਤੋਂ ਜੀਵੰਤ ਲੋਕਤੰਤਰ ਦੇ ਇੱਕ ਹਿੱਸੇ ਵਜੋਂ ਅਸੀਂ ਖਿਡਾਰੀ ਅਤੇ ਨੌਜਵਾਨ ਭਾਰਤੀ ਇੱਕ ਹੋਰ ਵਿਸ਼ੇਸ਼ ਅਧਿਕਾਰ ਦੀ ਇੱਛਾ ਰੱਖਦੇ ਹਾਂ - ਉਹ ਹੈ ਮਤਦਾਨ।

ਚੋਣਾਂ ਲੋਕਤੰਤਰ ਦੀ ਬੁਨਿਆਦ ਹਨ, ਜੋ ਨਾਗਰਿਕਾਂ ਨੂੰ ਆਪਣੇ ਨੁਮਾਇੰਦਿਆਂ ਨੂੰ ਚੁਣਨ ਦਾ ਅਹਿਮ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦੀਆਂ ਹਨ। ਹਾਲਾਂਕਿ, ਇਹ ਅਧਿਕਾਰ ਅਕਿਰਿਆਸ਼ੀਲ ਨਹੀਂ ਹੈ; ਚੋਣ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਸ਼ਾਮਲ ਹੋਣਾ ਇੱਕ ਫਰਜ਼ ਹੈ, ਖਾਸ ਕਰਕੇ ਨੌਜਵਾਨਾਂ ਦਾ। ਇਤਿਹਾਸਕ ਤੌਰ 'ਤੇ, ਨੌਜਵਾਨਾਂ ਨੇ ਸਮਾਜਿਕ ਤਬਦੀਲੀ ਦੀ ਅਗਵਾਈ ਕੀਤੀ ਹੈ ਅਤੇ ਚੋਣਾਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਮਹੱਤਵਪੂਰਨ ਹੈ। ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਵੋਟਰ ਰਜਿਸਟ੍ਰੇਸ਼ਨ ਤੋਂ ਲੈ ਕੇ ਜ਼ਮੀਨੀ ਪੱਧਰ 'ਤੇ ਪ੍ਰਚਾਰ ਤੱਕ ਹਰ ਪੜਾਅ 'ਤੇ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਦੀ ਜ਼ਰੂਰਤ ਹੁੰਦੀ ਹੈ।

ਪਹਿਲੀ ਵਾਰ ਬਣੇ ਵੋਟਰ ਨਵੇਂ ਦ੍ਰਿਸ਼ਟੀਕੋਣ ਦੇ ਨਾਲ ਪਾਰਦਰਸ਼ਤਾ ਅਤੇ ਸਮਾਵੇਸ਼ਿਤਾ ਵਰਗੇ ਆਦਰਸ਼ ਲੈ ਕੇ ਆਉਂਦੇ ਹਨ। ਇੱਕ ਨੌਜਵਾਨ ਵੋਟਰ ਦੀ ਊਰਜਾ ਅਤੇ ਤਕਨੀਕ- ਸਮਝਦਾਰ ਸੁਭਾਅ ਨਾਗਰਿਕਾਂ ਦੀਆਂ ਜ਼ਰੂਰਤਾਂ ਲਈ ਪਹੁੰਚਯੋਗਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਦੇ ਹੋਏ, ਚੋਣਾਂ ਦੇ ਲੈਂਡਸਕੇਪ ਵਿੱਚ ਗਤੀਸ਼ੀਲਤਾ ਨੂੰ ਸ਼ਾਮਲ ਕਰਦਾ ਹੈ। ਨੌਜਵਾਨ ਚੁਣੇ ਹੋਏ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਉਣ, ਲੋਕਾਂ ਦੇ ਮੁੱਦਿਆਂ ਦੀ ਵਕਾਲਤ ਕਰਨ ਅਤੇ ਅਵਾਜ਼ ਚੁੱਕਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਤਰ੍ਹਾਂ ਇਹ ਲੋਕਤੰਤਰ ਦੇ ਮਹੱਤਵ ਅਤੇ ਜੀਵਨਸ਼ੈਲੀ ਦੀ ਰਾਖੀ ਕਰਦੇ ਹਨ।

ਮਹਾਤਮਾ ਗਾਂਧੀ ਦੇ ਸ਼ਬਦਾਂ ਵਿੱਚ, ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਅੱਜ ਕੀ ਕਰਦੇ ਹੋ।÷ 2024 ਵਿੱਚ ਭਾਰਤ ਵਿੱਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਵਿੱਚ, ਲੋਕਤੰਤਰ ਦਾ ਪਹੀਆ ਇੱਕ ਵਾਰ ਫਿਰ ਤੋਂ ਘੁੰਮਦੇ ਹੋਏ, ਦੇਸ਼ ਦੀ ਕਿਸਮਤ ਨੂੰ ਘੜਨ ਵਿੱਚ ਨੌਜਵਾਨਾਂ ਵੱਲੋਂ ਨਿਭਾਈ ਜਾਣ ਵਾਲੀ ਅਹਿਮ ਭੂਮਿਕਾ ਨੂੰ ਰੇਖਾਂਕਿਤ ਕਰਨਾ ਲਾਜ਼ਮੀ ਹੈ। ਆਪਣੇ ਮਾਸਿਕ ਰੇਡੀਓ ਪ੍ਰੋਗਰਾਮ ਮਨ ਕੀ ਬਾਤ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਪਹਿਲੀ ਵਾਰ ਬਣੇ ਵੋਟਰਾਂ ਦੇ ਉਦੇਸ਼ ਨਾਲ ਚੋਣ ਕਮਿਸ਼ਨ ਦੀ ÷ਮੇਰਾ ਪਹਿਲਾ ਵੋਟ ਦੇਸ਼ ਕੇ ਲੀਏ÷ ਮੁਹਿੰਮ ਨੂੰ ਉਜਾਗਰ ਕਰਦੇ ਹੋਏ, ਚੋਣ ਪ੍ਰਕਿਰਿਆ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਰਤ ਦੇ ਨੌਜਵਾਨਾਂ ਦੇ ਜੋਸ਼ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਮਤਦਾਨ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਦੀ ਅਪੀਲ ਕੀਤੀ ਕਿਉਂਕਿ ਇਹ ਸਿੱਧੇ ਤੌਰ 'ਤੇ ਦੇਸ਼ ਦੇ ਭਵਿੱਖ ਨੂੰ ਪ੍ਰਭਾਵਿਤ ਕਰਦਾ ਹੈ। ਪਹਿਲੀ ਵਾਰ ਬਣੇ ਵੋਟਰਾਂ ਨੂੰ ਰਿਕਾਰਡ ਸੰਖਿਆ ਵਿੱਚ ਹਿੱਸਾ ਲੈਣ ਦੀ ਅਪੀਲ ਕਰਦਿਆਂ, ਉਨ੍ਹਾਂ ਨੇ ਦੇਸ਼ ਦੀ ਕਿਸਮਤ ਘੜਨ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਸਮਾਜਿਕ ਤਬਦੀਲੀ ਨੂੰ ਚਲਾਉਣ ਵਿੱਚ ਉਨ੍ਹਾਂ ਦੀ ਪ੍ਰਭਾਵਸ਼ਾਲੀ ਭੂਮਿਕਾ ਨੂੰ ਪਹਿਚਾਣਦੇ ਹੋਏ ਵੱਖ-ਵੱਖ ਖੇਤਰਾਂ ਦੇ ਪ੍ਰਭਾਵਸ਼ਾਲੀ ਲੋਕਾਂ ਨੂੰ ਮੁਹਿੰਮ ਵਿੱਚ ਸ਼ਾਮਲ ਹੋਣ ਅਤੇ ਨੌਜਵਾਨ ਵੋਟਰਾਂ ਨੂੰ ਪ੍ਰੇਰਿਤ ਕਰਨ ਲਈ ਸੱਦਾ ਦਿੱਤਾ। ਚੋਣਾਂ ਦੇ ਜੋਸ਼ ਦੌਰਾਨ, ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਾ ਸਿਰਫ਼ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਬਲਕਿ ਚੱਲ ਰਹੇ ਵਿਚਾਰ-ਵਟਾਂਦਰੇ ਅਤੇ ਬਹਿਸ ਤੋਂ ਵੀ ਜਾਣੂ ਰਹਿਣ।

ਭਾਰਤ ਦਾ ਚੋਣ ਕਮਿਸ਼ਨ 'ਮੇਰਾ ਪਹਿਲਾ ਵੋਟ ਦੇਸ਼ ਕੇ ਲੀਏ' ਦੀ ਅਗਵਾਈ ਕਰ ਰਿਹਾ ਹੈ, ਜਿਸ ਦਾ ਉਦੇਸ਼ ਚੋਣਾਂ ਵਿੱਚ ਨੌਜਵਾਨਾਂ ਦੀ ਵਿਆਪਕ ਗਿਆਨਵਾਨ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਕੇਂਦਰੀ ਮੰਤਰੀ ਸ੍ਰੀ ਅਨੁਰਾਗ ਠਾਕੁਰ ਨੇ ਮੁਹਿੰਮ ਗੀਤ ਦੀ ਸ਼ੁਰੂਆਤ ਕੀਤੀ, ਜੋ ਕਿ ਨੌਜਵਾਨ ਵੋਟਰਾਂ ਨੂੰ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨ ਲਈ ਦੇਸ਼ ਦੀ ਵਚਨਬੱਧਤਾ ਦਾ ਪ੍ਰਤੀਕ ਹੈ। ਇਹ ਗੀਤ, ਵੋਟਰ ਜਾਗਰੂਕਤਾ ਪਹਿਲ ਦਾ ਇੱਕ ਹਿੱਸਾ ਹੈ, ਜੋ ਚੋਣ ਪ੍ਰਕਿਰਿਆ ਵਿੱਚ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਲਈ ਪ੍ਰਧਾਨ ਮੰਤਰੀ ਸ੍ਰੀ ਮੋਦੀ ਦੇ ਸੱਦੇ ਦੀ ਭਾਵਨਾ ਨੂੰ ਦਰਸਾਉਂਦਾ ਹੈ। ਦੇਸ਼ ਭਰ ਦੇ ਨੌਜਵਾਨ ਆਪਣੇ ਨੌਜਵਾਨ ਦੋਸਤਾਂ ਨੂੰ ਵੋਟ ਪਾਉਣ ਦਾ ਸੰਕਲਪ ਲੈਣ ਲਈ ਉਤਸ਼ਾਹਿਤ ਕਰਨ ਲਈ ਇਸ ਗੀਤ ਨੂੰ ਸੱਦੇ ਵਜੋਂ ਅਪਨਾ ਰਹੇ ਹਨ।

ਇਸ ਮੁਹਿੰਮ ਦੇ ਤਹਿਤ ਉੱਚ ਸਿੱਖਿਆ ਸੰਸਥਾਵਾਂ (ਐੱਚਈਆਈਜ਼) ਵੱਲੋਂ ਦੇਸ਼ ਭਰ ਵਿੱਚ ਵਿਆਪਕ ਵੋਟਰ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ ਹੋਰ ਵਧੇਰੇ ਪ੍ਰਤੀਨਿਧੀ ਲੋਕਤੰਤਰ ਲਈ ਵੋਟ ਦੀ ਵੈਲਿਊ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਜਿੱਥੇ ਐੱਚਈਆਈਜ਼ ਭੌਤਿਕ ਸਮਾਗਮਾਂ ਦੀ ਮੇਜ਼ਬਾਨੀ ਕਰ ਰਹੇ ਹਨ, ਉੱਥੇ ਸਮੱਗਰੀ ਨਿਰਮਾਣ ਵਿੱਚ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਮਾਈ ਗੌਵ (MyGov) ਪਲੈਟਫਾਰਮ 'ਤੇ ਔਨਲਾਈਨ ਮੁਕਾਬਲੇ ਵੀ ਆਯੋਜਿਤ ਕੀਤੇ ਜਾ ਰਹੇ ਹਨ, ਜਿਸ ਵਿੱਚ ਬਲੌਗ ਲੇਖਨ, ਪੌਡਕਾਸਟ, ਬਹਿਸ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਵਰਕਸ਼ਾਪਾਂ, ਸੈਮੀਨਾਰ, ਫਲੈਸ਼ ਮੌਬਜ਼ ਅਤੇ ਵੋਟਰ ਵਚਨਬੱਧਤਾ ਮੁਹਿੰਮਾਂ ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ ਬਾਰੇ ਹੋਰ ਰੁਝੇਵਿਆਂ ਵਿੱਚ ਸ਼ਾਮਲ ਅਤੇ ਸਿੱਖਿਅਤ ਕਰ ਰਹੀਆਂ ਹਨ, ਐੱਨਐੱਸਐੱਸ ਵਲੰਟੀਅਰਾਂ ਅਤੇ ਸੰਸਥਾਨ ਕਲੱਬਾਂ ਨੇ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਹੈ।

ਪ੍ਰਧਾਨ ਮੰਤਰੀ ਦੀ ਅਪੀਲ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਇੰਸਟਾਗ੍ਰਾਮ, ਯੂਟਿਊਬ ਅਤੇ ਮਨੋਰੰਜਨ ਉਦਯੋਗ ਸਮੇਤ ਵੱਖ-ਵੱਖ ਪਲੇਟਫਾਰਮਾਂ ਦੇ ਪ੍ਰਭਾਵਸ਼ਾਲੀ ਲੋਕ ਪਹਿਲੀ ਵਾਰ ਵੋਟਰਾਂ ਨੂੰ ਪ੍ਰੇਰਿਤ ਕਰਦੇ ਹੋਏ, ਮੁਹਿੰਮ ਦਾ ਸਰਗਰਮੀ ਨਾਲ ਸਮਰਥਨ ਕਰ ਰਹੇ ਹਨ। ਦੇਸ਼ ਦੇ ਕੋਨੇ-ਕੋਨੇ ਤੋਂ ਉੱਘੀਆਂ ਸ਼ਖ਼ਸੀਅਤਾਂ, ਜਿਨ੍ਹਾਂ ਨੇ ਖੇਡਾਂ, ਮਨੋਰੰਜਨ, ਵਪਾਰ ਅਤੇ ਉਦਯੋਗ ਵਰਗੇ ਖੇਤਰਾਂ ਵਿੱਚ ਆਪਣੀ ਪਹਿਚਾਣ ਬਣਾਈ ਹੈ, ਇਸ ਸੰਦੇਸ਼ ਨੂੰ ਦੂਰ-ਦੂਰ ਤੱਕ ਫੈਲਾਉਣ ਲਈ ਇਕੱਠੇ ਹੋਏ ਹਨ।

ਮੇਰੇ ਸਾਥੀ ਖਿਡਾਰੀ ਜਿਵੇਂ ਜਸਪ੍ਰੀਤ ਬੁਮਰਾ, ਰਵੀਚੰਦਰਨ ਅਸਵਿਨ, ਮੋਹੰਮਦ ਸਿਰਾਜ, ਅਵਨੀ ਲੇਖਰਾ, ਸੈਖੋਮ ਮੀਰਾਬਾਈ ਚਾਨੂ, ਫ਼ਿਲਮੀ ਸ਼ਖ਼ਸੀਅਤਾਂ ਅਨਿਲ ਕਪੂਰ, ਪ੍ਰੋਸੇਨਜੀਤ ਚੈਟਰਜੀ, ਰਵੀਨਾ ਟੰਡਨ, ਰਾਣਾ ਦੱਗੂਬਾਤੀ, ਕੈਲਾਸ਼ ਖੇਰ, ਸ਼੍ਰੇਯਾ ਘੋਸ਼ਾਲ, ਉਦਯੋਗ ਜਗਤ ਦੇ ਨੇਤਾ ਰਿਤੇਸ਼ ਅਗਰਵਾਲ, ਬੀ.ਵੀ. ਆਰ ਮੋਹਨਰੈੱਡੀ ਅਤੇ ਕਈ ਪਦਮ ਪੁਰਸਕਾਰ ਜੇਤੂਆਂ ਨੇ ਇਸ ਮੁਹਿੰਮ ਵਿੱਚ ਹਿੱਸਾ ਲਿਆ ਹੈ, ਜਿਸ ਸਦਕਾ ਇਹ ਮੁਹਿੰਮ ਵੋਟਰ ਜਾਗਰੂਕਤਾ ਦਾ ਇੱਕ 'ਰਾਸ਼ਟਰੀ ਅੰਦੋਲਨ' ਬਣ ਗਈ ਹੈ। ਇਹ 'ਜਨ ਅੰਦੋਲਨ' ਨੌਜਵਾਨਾਂ ਦੀ ਅਵਾਜ਼ ਦੀ ਸਮੂਹਿਕ ਸ਼ਕਤੀ ਅਤੇ ਦੇਸ਼ ਦੇ ਜਮਹੂਰੀ ਲੈਂਡਸਕੇਪ ਦਾ ਰੂਪ ਦੇਣ ਵਿੱਚ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਦੇ ਮਹੱਤਵ ਨੂੰ ਰੇਖਾਂਕਿਤ ਕਰਦਾ ਹੈ। ਆਓ ਇਸ ਜ਼ਿੰਮੇਵਾਰੀ ਨੂੰ ਅਪਣਾਉਣ ਅਤੇ ਸਾਡੀਆਂ ਸਮੂਹਿਕ ਆਵਾਜ਼ਾਂ ਦੀ ਤਾਕਤ ਦਾ ਜਸ਼ਨ ਮਨਾਉਣ ਲਈ ਇਕਜੁੱਟ ਹੋਈਏ। ਆਉ ਅਸੀਂ ਚੁਣੌਤੀ ਦਾ ਸਾਹਮਣਾ ਕਰੀਏ, ਆਪਣੀ ਆਵਾਜ਼ ਬੁਲੰਦ ਕਰੀਏ ਅਤੇ ਦੂਜਿਆਂ ਨੂੰ ਵੀ ਅਜਿਹਾ ਕਰਨ ਲਈ ਸਮਰੱਥ ਕਰੀਏ।

ਨੀਰਜ ਚੋਪੜਾ, ਭਾਰਤੀ ਟ੍ਰੈਕ ਅਤੇ ਫੀਲਡ ਐਥਲੀਟ ਅਤੇ ਪੁਰਸ਼ਾਂ ਦੇ ਜੈਵਲਿਨ ਥਰੋਅ ਵਿੱਚ ਓਲੰਪਿਕ ਅਤੇ ਵਿਸ਼ਵ ਚੈਂਪੀਅਨ ਹਨ। ਪ੍ਰਗਟਾਏ ਗਏ ਵਿਚਾਰ ਨਿੱਜੀ ਹਨ।

# ਕੈਬਨਿਟ ਸਬ-ਕਮੇਟੀ ਵੱਲੋਂ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ ਜਾਇਜ਼ ਮੰਗਾਂ ਦੇ ਜਲਦੀ ਹੱਲ ਲਈ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ



**ਚੰਡੀਗੜ੍ਹ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਾਲੀ ਕੈਬਨਿਟ ਸਬ-ਕਮੇਟੀ ਨੇ ਅੱਜ ਇੱਥੇ ਸਿੱਖਿਆ ਵਿਭਾਗ, ਮਾਲ ਵਿਭਾਗ ਅਤੇ ਸਹਿਕਾਰਤਾ ਵਿਭਾਗ ਨਾਲ ਸਬੰਧਤ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਮਸਲਿਆਂ ਅਤੇ ਮੰਗਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਮੀਟਿੰਗ ਦੌਰਾਨ ਕੈਬਨਿਟ ਸਬ-ਕਮੇਟੀ, ਜਿਸ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਵੀ ਸ਼ਾਮਲ ਸਨ, ਨੇ ਇਨ੍ਹਾਂ ਯੂਨੀਅਨਾਂ ਦੇ ਆਗੂਆਂ ਵੱਲੋਂ ਦਿੱਤੇ ਮੰਗ ਪੱਤਰਾਂ ਵਿੱਚ ਦਰਜ ਮੁੱਦਿਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਇਨ੍ਹਾਂ ਮੁੱਦਿਆਂ 'ਤੇ ਵਿਆਪਕ ਚਰਚਾ ਦੌਰਾਨ ਸਕੂਲ ਸਿੱਖਿਆ ਦੇ ਪ੍ਰਮੁੱਖ ਸਕੱਤਰ ਸ਼੍ਰੀ ਕਮਲ ਕਿਸ਼ੋਰ ਯਾਦਵ, ਸਕੱਤਰ ਮਾਲ ਵਿਭਾਗ ਸ਼੍ਰੀਮਤੀ ਅਲਕਨੰਦਾ ਦਿਆਲ, ਵਿੱਤ ਸਕੱਤਰ ਸ਼੍ਰੀਮਤੀ ਗੁਰਪ੍ਰੀਤ ਕੌਰ ਸਪਰਾ, ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਸ਼੍ਰੀ ਵਿਨੈ ਬੁਬਲਾਨੀ ਅਤੇ ਵਧੀਕ ਰਜਿਸਟਰਾਰ ਸਹਿਕਾਰਤਾ (ਐਡਮਿਨ) ਸ੍ਰੀ ਗੁਲਪ੍ਰੀਤ ਸਿੰਘ ਔਲਖ ਨੇ ਸਬ-ਕਮੇਟੀ ਨੂੰ ਇਨ੍ਹਾਂ ਦੇ ਸਬੰਧ ਵਿੱਚ ਸਬੰਧਤ ਵਿਭਾਗਾਂ ਵੱਲੋਂ ਅਪਣਾਈਆਂ ਗਈਆਂ ਨੀਤੀਆਂ ਅਨੁਸਾਰ ਵਿਹਾਰਕਤਾ, ਮੌਜੂਦਾ ਸਥਿਤੀ ਅਤੇ ਵਿੱਤੀ ਜ਼ਿੰਮੇਵਾਰੀ ਬਾਰੇ ਜਾਣੂ ਕਰਵਾਇਆ।

ਇਸ ਮੌਕੇ ਕੈਬਨਿਟ ਸਬ-ਕਮੇਟੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਯੂਨੀਅਨਾਂ ਵੱਲੋਂ ਉਠਾਈਆਂ ਜਾਇਜ਼ ਮੰਗਾਂ ਦਾ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਵਿਚਾਰ-ਵਟਾਂਦਰੇ ਦੌਰਾਨ ਯੂਨੀਅਨ ਆਗੂਆਂ ਵੱਲੋਂ ਸਾਂਝੇ ਕੀਤੇ ਗਏ ਕੁਝ ਮੁੱਦਿਆਂ ਬਾਰੇ ਸਬ-ਕਮੇਟੀ ਨੇ ਉਨ੍ਹਾਂ ਤੋਂ ਸਾਰਥਿਕ ਹੱਲ ਲਈ ਸੁਝਾਅ ਮੰਗੇ। ਸਬ-ਕਮੇਟੀ ਨੇ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਕਈ ਮਸਲਿਆਂ ਨੂੰ ਹੱਲ ਕਰ ਲਿਆ ਹੈ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਜਲਦੀ ਹੱਲ ਕਰਨ ਲਈ ਯਤਨਸ਼ੀਲ ਹੈ।

ਅੱਜ ਕੈਬਨਿਟ ਸਬ-ਕਮੇਟੀ ਵੱਲੋਂ ਜਿੰਨ੍ਹਾਂ ਯੂਨੀਅਨਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਉਨ੍ਹਾਂ ਵਿੱਚ ਸਰਵ ਸਿੱਖਿਆ ਅਭਿਆਨ/ਮਿਡ ਡੇਅ ਮੀਲ ਆਫਿਸ ਇੰਪਲਾਈਜ਼ ਯੂਨੀਅਨ, ਪੰਜਾਬ ਨੰਬਰਦਾਰ ਯੂਨੀਅਨ, ਲੈਂਡ ਮਾਰਗੇਜ ਬੈਂਕ ਇੰਪਲਾਈਜ਼ ਯੂਨੀਅਨ, ਮਿਡ ਡੇ ਮੀਲ ਅਤੇ ਸਫਾਈ ਵਰਕਰਜ਼ ਯੂਨੀਅਨ, ਕੰਪਿਊਟਰ ਅਧਿਆਪਕ ਯੂਨੀਅਨ, ਬੇਰੋਜ਼ਗਾਰ ਸਾਂਝਾ ਮੋਰਚਾ, ਅਨਏਡਿਡ ਸਟਾਫ਼ ਫਰੰਟ, ਅਤੇ ਪੰਜਾਬ ਤਨਖਾਹ ਸਕੇਲ ਬਹਾਲੀ ਸਾਂਝ ਫਰੰਟ ਸ਼ਾਮਿਲ ਸਨ।

# ਖ਼ੂਨਦਾਨ ਕਰਨ ਸਬੰਧੀ ਖਾਲਸਾ ਕਾਲਜ ਵਿੱਚ ਲਗਾਇਆ ਜਾਗਰੂਕਤਾ ਸੈਮੀਨਾਰ : ਡਾ. ਚਰਨਜੀਤ ਕੁਮਾਰ

## ਔਰਤ ਦਿਵਸ ਦੇ ਸਬੰਧ ਵਿੱਚ ਵਿਦਿਆਰਥਣਾਂ ਨੂੰ ਕੀਤਾ ਜਾਗਰੂਕ- ਪ੍ਰਿੰ.ਜਸਵੀਰ ਸਿੰਘ




**ਸ੍ਰੀ ਅਨੰਦਪੁਰ ਸਾਹਿਬ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਬਲੱਡ ਟਰਾਂਸਫਿਊਜਨ ਕੌਂਸਲ ਦੇ ਨਿਰਦੇਸ਼ਾ ਅਨੁਸਾਰ ਵਿਸ਼ਵ ਔਰਤ ਦਿਵਸ ਨੂੰ ਸਮਰਪਿਤ ਇਕ ਸੈਮੀਨਾਰ ਖਾਲਸਾ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਲਗਾਇਆ ਗਿਆ। ਜਿਸ ਵਿੱਚ ਖਾਲਸਾ ਕਾਲਜ ਦੀਆਂ ਵਿਦਿਆਰਥਣਾ ਨੂੰ ਸੰਬੋਧਨ ਕਰਦੇ ਹੋਏ ਡਾ.ਚਰਨਜੀਤ ਕੁਮਾਰ ਸੀਨੀਅਰ ਮੈਡੀਕਲ ਅਫਸਰ ਸਿਵਲ ਹਸਪਤਾਲ ਸ਼੍ਰੀ ਅਨੰਦਪੁਰ ਸਾਹਿਬ ਨੇ ਖੂਨਦਾਨ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥੀਆ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਔਰਤਾਂ ਅੱਜ ਹਰ ਖੇਤਰ ਵਿੱਚ ਬਰਾਬਰ ਦੀਆਂ ਭਾਗੀਦਾਰ ਹਨ, ਪ੍ਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਖੂਨਦਾਨ ਦੇ ਪ੍ਰਤੀ ਇਹਨਾਂ ਦਾ ਯੋਗਦਾਨ ਬਹੁਤ ਘੱਟ ਹੈ। ਉਹਨਾਂ ਨੇ ਕਿਹਾ ਕਿ ਨੌਜਵਾਨ ਲੜਕੀਆਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ, ਜਿਸ ਨਾਲ ਖੂਨਦਾਨ ਦੇ ਖੇਤਰ ਵਿੱਚ ਇਹਨਾਂ ਦੀ ਭਾਗੀਦਾਰੀ ਵਧਾਈ ਜਾ ਸਕੇ।

ਜਿਸ ਦੌਰਾਨ ਪ੍ਰਿੰ. ਡਾ.ਜਸਵੀਰ ਸਿੰਘ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਆਪਣੇ ਸੰਬੋਧਨ ਵਿੱਚ ਵਿਸ਼ਵਾਸ ਦੁਆਇਆ ਗਿਆ ਹੈ ਕਿ ਉਹ ਆਪਣੇ ਕਾਲਜ ਦੇ ਵਿਦਿਆਰਥਣਾਂ ਦੀ ਖੂਨਦਾਨ ਦੇ ਖੇਤਰ ਵਿੱਚ ਭਾਗੀਦਾਰੀ ਵਧਾਉਣ ਲਈ ਹਰ ਸੰਭਵ ਯਤਨ ਕਰਨਗੇ। ਸੈਮੀਨਾਰ ਵਿੱਚ ਲਗਾਤਾਰ ਖੂਨਦਾਨ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਬਲੱਟ ਸੈਂਟਰ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ। ਸੈਮੀਨਾਰ ਉਪਰੰਤ ਵਿਸ਼ਵ ਔਰਤ ਦਿਵਸ ਦੇ ਸਬੰਧ ਵਿੱਚ ਅਤੇ ਖੂਨਦਾਨ ਕਰਨ ਲਈ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਨੂੰ ਡਾ.ਚਰਨਜੀਤ ਕੁਮਾਰ ਐਸ.ਐਮ.ਓ ਅਤੇ ਡਾ.ਜਸਵੀਰ ਸਿੰਘ ਪ੍ਰਿੰਸੀਪਲ ਵੱਲੋਂ ਸਾਂਝੇ ਤੌਰ ਤੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।

ਇਸ ਮੌਕੇ ਪ੍ਰੋ.ਸੁਖਵਿੰਦਰ ਸਿੰਘ, ਪ੍ਰੋ.ਬਲਜੀਤ ਸਿੰਘ ਚਾਨਾ, ਰਾਣਾ ਬਖਤਾਬਰ ਸਿੰਘ, ਸੁਰਿੰਦਰਪਾਲ ਸਿੰਘ, ਅਨੀਤਾ, ਅਰਾਧਨਾ, ਸੰਜੀਵ ਕੁਮਾਰ, ਜਗਦੀਪ ਸਿੰਘ ਅਤੇ ਕਾਲਜ ਦੀਆਂ ਵਿਦਿਆਰਥਣਾ ਹਾਜ਼ਰ ਸਨ।

# ਮਾੜੇ ਅਨਸਰਾਂ, ਨਸ਼ਾ ਤਸਕਰਾਂ ਅਤੇ ਚੋਰੀ/ਲੁੱਟਾਂ-ਖੋਹਾਂ ਕਰਨ ਵਾਲੇ ਵਿਅਕਤੀਆਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਤਹਿਤ ਕੀਤੀ ਕਾਰਵਾਈ

**ਜਲਾਲਾਬਾਦ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਰਣਜੀਤ ਸਿੰਘ ਢਿੱਲੋਂ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਫਿਰੋਜਪੁਰ ਰੇਂਜ, ਫਿਰੋਜਪੁਰ ਅਤੇ ਸ੍ਰੀ ਵਰਿੰਦਰ ਸਿੰਘ ਬਰਾੜ ਪੀ.ਪੀ.ਐਸ. ਸੀਨੀਅਰ ਕਪਤਾਨ ਪੁਲਿਸ ਫਾਜਿਲਕਾ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਮਾੜੇ ਅਨਸਰਾਂ ਅਤੇ ਨਸ਼ਾ ਤਸਕਰਾਂ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀ ਕਰਨਵੀਰ ਸਿੰਘ ਪੀ.ਪੀ.ਐਸ. ਕਪਤਾਨ ਪੁਲਿਸ (ਓਪ੍ਰੇਸ਼ਨ) ਫਾਜਿਲਕਾ ਅਤੇ ਸ੍ਰੀ ਅੱਛਰੂ ਰਾਮ ਉਪ-ਕਪਤਾਨ ਪੁਲਿਸ ਸ.ਡ. ਜਲਾਲਾਬਾਦ ਦੀ ਯੋਗ ਅਗਵਾਈ ਹੇਠ ਸ:ਥ:ਗੁਰਬਖਸ਼ ਸਿੰਘ 237/ਫਾਜਿਲਕਾ ਵੱਲੋਂ ਮੁਖਬਰ ਖਾਸ ਦੀ ਇਤਲਾਹ ਤੇ ਪਿੰਡ ਪ੍ਰਭਾਤ ਸਿੰਘ ਵਾਲਾ ਕੋਲ ਰਾਜ ਸਿੰਘ ਉਰਫ ਰਾਜੂ ਪੁੱਤਰ ਬਲਵੀਰ ਸਿੰਘ ਵਾਸੀ ਲੱਲ੍ਹਾ ਬਸਤੀ ਜਲਾਲਾਬਾਦ, ਫਲਕ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਪਿੰਡ ਕਾਹਨੇ ਵਾਲਾ ਅਤੇ ਮੱਖਣ ਸਿੰਘ ਪੁੱਤਰ ਸੁਜਵਾਰ ਸਿੰਘ ਵਾਸੀ ਪਿੰਡ ਚੱਕ ਖੀਵਾ ਨੂੰ ਕਾਬੂ ਕਰਕੇ ਉਨ੍ਹਾ ਪਾਸੋਂ 32,000/-ਰੁ: ਭਾਰਤੀ ਜਾਅਲੀ ਕਰੰਸੀ, ਸੰਦੀਪ ਕੁਮਾਰ ਪੁੱਤਰ ਕ੍ਰਿਸ਼ਨ ਲਾਲ ਵਾਸੀ ਧੋਤੜ ਥਾਣਾ ਰਾਣੀਆ (ਸਿਰਸਾ) ਅਤੇ ਸੰਦੀਪ ਕੁਮਾਰ ਉਰਫ ਦੀਪਕ ਪੁੱਤਰ ਸੁਭਾਸ਼ ਚੰਦਰ ਵਾਸੀ ਵਾਰਡ ਨੰਬਰ 6 ਰਾਣੀਆ (ਜਿਲ੍ਹਾ) ਨੂੰ ਗ੍ਰਿਫਤਾਰ ਕਰਕੇ ਲੈਪਟਾਪ ਅਤੇ ਪ੍ਰਿੰਟਰ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਿਹਨਾਂ ਦੇ ਖਿਲਾਫ ਮੁ.ਨੰ. 16 ਮਿਤੀ 11-03-2024 ਅ/ਧ 489-ਬੀ,489-ਸੀ ਭ:ਦ. ਥਾਣਾ ਸਦਰ ਜਲਾਲਾਬਾਦ ਦਰਜ ਰਜਿਸ਼ਟਰ ਕੀਤਾ ਗਿਆ।



2. ਭਗੌੜੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਚਲਾਈ ਗਈ ਸਪੈਸ਼ਲ ਮੁਹਿੰਮ ਤਹਿਤ ਇੰਸ.ਅੰਗਰੇਜ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਜਲਾਲਾਬਾਦ ਵੱਲੋਂ ਮਿਤੀ 13.03.2024 ਨੂੰ ਹੇਠ ਲਿਖੇ ਮੁਕੱਦਮਿਆਂ ਦੇ ਦੋ ਭਗੋੜਿਆਂ ਨੂੰ ਗ੍ਰਿਫਤਾਰ ਕੀਤਾ ਗਿਆ।

1) ਮੁਕੱਦਮਾ ਨੰਬਰ 155/2017 ਅ/ਧ 379-ਬੀ ਭ.ਦ. ਥਾਣਾ ਸਿਟੀ ਜਲਾਲਾਬਾਦ ਦੇ ਦੋਸ਼ੀ ਜਸਪਾਲ ਸਿੰਘ ਉਰਫ ਪਾਲਾ ਪੁੱਤਰ ਸ਼ੀਨਾ ਸਿੰਘ ਵਾਸੀ ਨੂਰਸ਼ਾਹ ਥਾਣਾ ਸਦਰ ਫਾਜਿਲਕਾ ਨੂੰ ਗ੍ਰਿਫਤਾਰ ਕੀਤਾ ਗਿਆ।

2) ਮੁਕੱਦਮਾ ਨੰਬਰ 39/24 ਅ/ਧ 174-ਏ ਭ.ਦ. ਥਾਣਾ ਸਿਟੀ ਜਲਾਲਾਬਾਦ ਦੇ ਦੋਸ਼ੀ ਸੁਖਮੰਦਰ ਸਿੰਘ ਲਛਮਨ ਸਿੰਘ ਵਾਸੀ ਲੱਖੇ ਵਾਲੀ ਮੰਡੀ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕੀਤਾ ਗਿਆ।

3. ਸ੍ਰੀ ਸ਼ੁਬੇਗ ਸਿੰਘ ਪੀ.ਪੀ.ਐਸ. ਉਪ-ਕਪਤਾਨ ਪੁਲਿਸ ਸ.ਡ. ਫਾਜਿਲਕਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਸ.ਆਈ.ਜੱਜਪਾਲ ਸਿੰਘ ਮੁੱਖ ਅਫਸਰ ਥਾਣਾ ਖੂਈ ਖੇੜਾ ਵੱਲੋਂ ਬਾਹੱਦ ਰਕਬਾ ਸ਼ੂਗਰ ਮਿੱਲ ਘੱਲੂ ਤੋਂ ਰਾਮਕੋਟ ਨੂੰ ਜਾਂਦੇ ਟੀ-ਪੁਆਇੰਟ ਤੇ ਕੁਲਦੀਪ ਸਿੰਘ ਪੁੱਤਰ ਦੇਸਾ ਸਿੰਘ ਵਾਸੀ ਚੱਕ ਜਵਾਲਾ ਵਾਲਾ ਮਕਾਨ ਨੰਬਰ 48, ਐਸ.ਡੀ.ਐਮ.ਕਲੋਨੀ ਜਿਲ੍ਹਾ ਹਨੂੰਮਾਨਗੜ੍ਹ ਨੂੰ ਗ੍ਰਿਫਤਾਰ ਕਰਕੇ ਉਸਦੇ ਕਬਜਾ ਵਿੱਚੋ 3 ਕਿਲੋ 500 ਗ੍ਰਾਮ ਅਫੀਮ ਬ੍ਰਾਮਦ ਕਰਕੇ ਮੁਕੱਦਮਾ ਨੰਬਰ 16 ਮਿਤੀ 14.03.2024 ਅ/ਧ 18-61-85 ਐਨ.ਡੀ.ਪੀ.ਐਸ. ਐਕਟ ਤਹਿਤ ਥਾਣਾ ਖੂਈ ਖੇੜਾ ਵਿਖੇ ਦਰਜ ਰਜਿਸ਼ਟਰ ਕੀਤਾ।

4. ਮਿਤੀ 09,10.03.2024 ਦੀ ਦਰਮਿਆਨੀ ਰਾਤ ਨੂੰ ਪਿੰਡ ਭਾਗੂ ਵਿਖੇ ਹੋਏ ਨਾਮਾਲੂਮ ਵਿਅਕਤੀਆਂ ਵੱਲੋਂ ਹਰਚੰਦ ਰਾਮ ਉਮਰ ਕਰੀਬ 40/45 ਸਾਲ ਨੂੰ ਸੱਟਾਂ ਮਾਰ ਕੇ ਉਸਦਾ ਕਤਲ ਕਰ ਦਿੱਤਾ ਸੀ, ਜਿਸਤੇ ਉਸਦੇ ਲੜਕੇ ਅਮਨਦੀਪ ਦੇ ਬਿਆਨ ਪਰ ਮੁਕੱਦਮਾ ਨੰਬਰ 27 ਮਿਤੀ 10-03-2024 ਅ/ਧ 302 9♦3 ਥਾਣਾ ਬਹਾਵ ਵਾਲਾ ਬਰਖਿਲਾਫ ਨਾਮਾਲੂਮ ਵਿਅਕਤੀਆਂ ਦੇ ਦਰਜ ਰਜਿਸਟਰ ਹੋਇਆ ਸੀ, ਜਿਸ ਨੂੰ ਇੰਸ. ਗੁਰਮੀਤ ਸਿੰਘ 1246/ਫਿਰੋਜ਼. ਮੁੱਖ ਅਫਸਰ ਥਾਣਾ ਬਹਾਵ ਵਾਲਾ ਵੱਲੋਂ ਖੂਫੀਆ ਸੋਰਸਾਂ ਰਾਹੀਂ ਦੋਸ਼ੀ ਮਾਂਗੀ ਲਾਲ ਪੁੱਤਰ ਰਾਜਾ ਰਾਮ ਵਾਸੀ ਪਿੰਡ ਭਾਗੂ ਥਾਣਾ ਬਹਾਵ ਵਾਲਾ ਜਿਲਾ ਫਾਜਿਲਕਾ ਨੂੰ ਟਰੇਸ ਕਰਕੇ ਗ੍ਰਿਫਤਾਰ ਕੀਤਾ ਗਿਆ।

# ਹੁਣ ਪਿੰਡਾਂ ਅਤੇ ਬਲਾਕਾਂ ਦੇ ਲੋਕ ਵੀ 'ਸੀ.ਐਮ. ਦੀ ਯੋਗਸ਼ਾਲਾ' ਦਾ ਲੈ ਸਕਣਗੇ ਲਾਭ

**➢ ਲੋਕਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਬਣਾਉਣ ਲਈ ਯੋਗਾ ਹੈ ਜ਼ਰੂਰੀ: ਮੁੱਖ ਮੰਤਰੀ ➢ ਲੋਕ ਮੁਫਤ ਯੋਗ ਸਿਖਲਾਈ ਦਾ ਲਾਭ ਲੈਣ ਲਈ ਡਾਇਲ ਕਰ ਸਕਦੇ ਹਨ ਟੋਲ-ਫਰੀ ਨੰਬਰ 7669 400 500 ਜਾਂ https://cmdiyogshala.punjab.gov.in 'ਤੇ ਕੀਤਾ ਜਾ ਸਕਦਾ ਹੈ ਲੌਗਇਨ**

**ਚੰਡੀਗੜ੍ਹ, 18 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਹੱਤਵਪੂਰਨ ਤੇ ਅਭਿਲਾਸ਼ੀ ਪ੍ਰਾਜੈਕਟ 'ਸੀ.ਐਮ. ਦੀ ਯੋਗਸ਼ਾਲਾ' ਦੀ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਸਫਲਤਾਪੂਰਵਕ ਸ਼ੁਰੂਆਤ ਤੋਂ ਬਾਅਦ, ਪੰਜਾਬ ਦੇ ਲੋਕਾਂ ਨੂੰ ਤੰਦਰੁਸਤ ਤੇ ਸਿਹਤਮੰਦ ਰੱਖਣ ਦੇ ਉਦੇਸ਼ ਨਾਲ ਹੁਣ ਇਹ ਜਨ- ਮੁਹਿੰਮ ਸ਼ਨੀਵਾਰ ਤੋਂ ਪਿੰਡ ਅਤੇ ਬਲਾਕ ਪੱਧਰ 'ਤੇ ਵੀ ਆਪਣੇ ਖੰਭ ਪਸਾਰਣ ਲਈ ਤਿਆਰ ਹੈ। ਸਰਕਾਰ ਨੇ ਇਸ ਉਪਰਾਲੇ ਦੀ ਸਫ਼ਲਤਾ ਲਈ 315 ਨਵੇਂ ਯੋਗਾ ਟਰੇਨਰਾਂ ਦੀ ਭਰਤੀ ਕੀਤੀ ਹੈ, ਜੋ ਕਿ ਬਲਾਕਾਂ ਅਤੇ ਪਿੰਡਾਂ ਵਿੱਚ ਮੁਫਤ ਯੋਗਾ ਕਲਾਸਾਂ ਲਗਾਉਣ ਲਈ ਤਾਇਨਾਤ ਕੀਤੇ ਜਾਣਗੇ।

ਇਸ ਤੋਂ ਪਹਿਲਾਂ ਤਿੰਨ ਪੜਾਵਾਂ ਤਹਿਤ 24 ਸ਼ਹਿਰਾਂ ਵਿੱਚ 'ਸੀਐਮ ਦੀ ਯੋਗਸ਼ਾਲਾ' ਮੁਹਿੰਮ ਸ਼ੁਰੂ ਕੀਤੀ ਗਈ ਸੀ। ਇਨ੍ਹਾਂ 24 ਸ਼ਹਿਰਾਂ ਵਿੱਚ ਅੰਮ੍ਰਿਤਸਰ, ਲੁਧਿਆਣਾ, ਫਗਵਾੜਾ, ਪਟਿਆਲਾ, ਜਲੰਧਰ, ਹੁਸ਼ਿਆਰਪੁਰ, ਐਸ.ਏ.ਐਸ.ਨਗਰ, ਸੰਗਰੂਰ, ਬਠਿੰਡਾ, ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਕਪੂਰਥਲਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਪਠਾਨਕੋਟ, ਰੂਪਨਗਰ, ਨਵਾਂ



ਸ਼ਹਿਰ ਤਰਨਤਾਰਨ ਅਤੇ ਮਲੇਰਕੋਟਲਾ ਸ਼ਾਮਲ ਹਨ।

ਮੌਜੂਦਾ ਸਮੇਂ ਦੌਰਾਨ, ਇਨ੍ਹਾਂ ਸ਼ਹਿਰਾਂ ਵਿੱਚ ਰੋਜ਼ਾਨਾ ਸਵੇਰੇ 1600 ਤੋਂ ਵੱਧ 'ਸੀਐਮ ਦੀ ਯੋਗਸ਼ਾਲਾਵਾਂ' ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ 35000 ਤੋਂ ਵੱਧ ਲੋਕ ਇਨ੍ਹਾਂ ਯੋਗ ਕੈਂਪਾਂ ਦਾ ਲਾਭ ਲੈ ਰਹੇ ਹਨ।

ਮੁੱਖ ਮੰਤਰੀ ਨੇ ਇਹ ਜਨ- ਮੁਹਿੰਮ ਨਾ ਸਿਰਫ਼ ਚੰਗੀ ਸਿਹਤ ਨੂੰ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਸੀ, ਸਗੋਂ ਉਨ੍ਹਾਂ ਲੋਕਾਂ ਨੂੰ ਤਣਾਅ ਤੋਂ ਮੁਕਤ ਕਰਨ ਲਈ ਵੀ ਸ਼ੁਰੂ ਕੀਤੀ ਸੀ, ਜਿਨ੍ਹਾਂ ਨੂੰ ਆਪਣੇ ਜੀਵਨ ਵਿੱਚ ਹਰ ਰੋਜ਼ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਵਿੱਚ ਵਧ ਰਹੇ ਤਣਾਅ ਦਾ ਪੱਧਰ ਹਰ ਕਿਸੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਯੋਗ ਲੋਕਾਂ ਨੂੰ ਇਸ ਤੋਂ ਬਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜੋ ਖੁਦ ਰੋਜ਼ਾਨਾ ਸਵੇਰੇ ਯੋਗਾ ਕਰਦੇ ਹਨ, ਦਾ ਮੰਨਣਾ ਹੈ ਕਿ ਜੀਵਨਸ਼ੈਲੀ ਵਿੱਚ ਕੁਝ ਬਦਲਾਅ ਕਰਕੇ ਅਤੇ ਯੋਗਾ ਦਾ ਅਭਿਆਸ ਕਰਕੇ ਇੱਕ ਰਿਸ਼ਟਪੁਸ਼ਟ ਜੀਵਨ ਬਤੀਤ ਕਰਨ ਲਈ ਮਾਨਸਿਕ ਅਤੇ ਸਰੀਰਕ ਸੰਤੁਲਨ ਬਣਾਈ ਰੱਖਣਾ ਜ਼ਰੂਰੀ ਹੈ।

ਇੱਛੁਕ ਲੋਕ ਮੁਫਤ ਯੋਗਾ ਸਿਖਲਾਈ ਲੈਣ ਲਈ ਟੋਲ-ਫਰੀ ਨੰਬਰ 7669 400 500 ਡਾਇਲ ਕਰ ਸਕਦੇ ਹਨ ਜਾਂ https://cmdiyogshala.punjab.gov.in 'ਤੇ ਲੌਗਇਨ ਕਰ ਸਕਦੇ ਹਨ। ਸਿੱਖਿਅਤ ਯੋਗਾ ਇੰਸਟਰਕਟਰ ,ਲੋਕਾਂ ਨੂੰ ਯੋਗਾ ਕਰਵਾਉਣ ਵਿੱਚ ਮਦਦ ਕਰਨਗੇ।

ਜ਼ਿਕਰਯੋਗ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਕੋਲ ਉਸਦੇ ਘਰ ਦੇ ਨੇੜੇ ਖੁੱਲ੍ਹੇ ਪਾਰਕ ਜਾਂ ਹੋਰ ਜਨਤਕ ਥਾਂ ਉਪਲਬਧ ਹੈ ਅਤੇ ਯੋਗਾ ਕਰਨ ਲਈ 25 ਲੋਕਾਂ ਦਾ ਸਮੂਹ ਮੌਜੂਦ ਹੈ ਤਾਂ ਪੰਜਾਬ ਸਰਕਾਰ ਲੋਕਾਂ 'ਸੀਐਮ ਦੀ ਯੋਗਸ਼ਾਲਾ' ਕਰਵਾਉਣ ਲਈ ਉੱਚ ਸਿਖਲਾਈ ਪ੍ਰਾਪਤ ਯੋਗਾ ਇੰਸਟਰਕਟਰਾਂ ਭੇਜੇਗੀ।

# ਕੁਝ ਕਹਿੰਦੀ ਐ ਤਸਵੀਰ...

• ਹਰਜੀਤ ਸਿੰਘ ਸਿੱਧੂ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

# ਹਾਰ ਜਾਣ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ

**ਹਾਰ ਦੇ ਸਮੁੰਦਰ 'ਚੋਂ ਜਿੱਤ ਰੂਪੀ ਹੀਰੇ ਦੀ ਤਲਾਸ਼ ਸਾਨੂੰ ਕਾਮਯਾਬ ਬਣਾ ਸਕਦੀ ਹੈ। ਅਸਲ ਹਾਰ ਉਦੋਂ ਹੁੰਦੀ ਹੈ ਜਦ ਇਨਸਾਨ ਕੋਸ਼ਿਸ਼ ਕਰਨੀ ਛੱਡ ਦਿੰਦਾ ਹੈ...**

• ਪ੍ਰੋ. ਧਰਮਜੀਤ ਸਿੰਘ ਮਾਨ, 94784-60084

ਹਾਰਨਾ ਕੋਈ ਨਹੀਂ ਚਾਹੁੰਦਾ ਹਰ ਕੋਈ ਖੇਡੀ ਬਾਜ਼ੀ ਨੂੰ ਜਿੱਤ ਕੇ ਖ਼ੁਸ਼ੀ 'ਚ ਜਸ਼ਨ ਮਨਾਉਣ ਦੀ ਵਿਉਂਤ ਬਣਾਉਂਦਾ ਹੈ। ਜਿੱਤ ਦਾ ਵਿਰੋਧੀ ਸ਼ਬਦ ਹੈ ਹਾਰ। ਦੋਹਾਂ ਸ਼ਬਦਾਂ ਵਿਚ ਗਿਣਤੀ ਇੱਕੋ ਜਿਹੀ ਹੈ ਪਰ ਫ਼ਰਕ ਜ਼ਮੀਨ ਅਸਮਾਨ ਦਾ।

ਹਾਰਿਆ ਇਨਸਾਨ ਮਾਯੂਸੀ ਦੇ ਸਮੁੰਦਰ 'ਚ ਡੁੱਬ ਜਾਂਦਾ ਹੈ ਅਤੇ ਜਿੱਤਣ ਵਾਲਾ ਖ਼ੁਸ਼ੀ ਦਾ ਪੂਰਨ ਆਨੰਦ ਲੈਂਦਾ ਹੈ। ਪਰ ਦੋਵੇਂ ਹੀ ਅਸਥਾਈ ਹਨ। ਦੋਹਾਂਦਾ ਬਹੁਤਾ ਚਿਰ ਮਨੁੱਖੀ ਜ਼ਿੰਦਗੀ 'ਚ ਟਿਕਣਾ ਸੰਭਵ ਨਹੀਂ। ਅੱਜ ਦਾ ਜੇਤੂ ਕੱਲ੍ਹ ਨੂੰ ਹਾਰ ਸਕਦਾ ਹੈ ਅਤੇ ਹਾਰ ਦਾ ਮੂੰਹ ਦੇਖਣ ਵਾਲਾ ਕੱਲ੍ਹ ਜਿੱਤ ਨੂੰ ਗਲ਼ਵਕੜੀ ਪਾ ਸਕਦਾ ਹੈ। ਗੱਲ ਸਿਰਫ਼ ਸਮੇਂ ਸਥਾਨ ਅਤੇ ਖੇਡੀ ਹੋਈ ਬਾਜ਼ੀ 'ਤੇ ਨਿਰਭਰ ਹੈ।

ਹਾਰਨ ਨਾਲ ਜ਼ਿੰਦਗੀ ਦਾ ਅੰਤ ਨਹੀਂ ਹੁੰਦਾ, ਜੇ ਅਜਿਹਾ ਸੋਚਣਾ ਹੈ ਤਾਂ ਇਹ ਵਿਅਰਥ ਹੈ ਸਗੋਂ ਹਾਰਨ ਨਾਲ ਜ਼ਿੰਦਗੀ ਦਾ ਇਕ ਉਹ ਪੜਾਅ ਸ਼ੁਰੂ ਹੁੰਦਾ ਹੈ ਜੋ ਇਨਸਾਨ ਨੂੰ ਅਗਲੀ ਲੜਾਈ ਲਈ ਤਜਰਬੇ ਅਤੇ ਹੌਂਸਲੇ ਨਾਲ ਤਰੋਤਰ ਕਰ ਦਿੰਦਾ ਹੈ।

ਉਹ ਵੀ ਕੀ ਜ਼ਿੰਦਗੀ ਹੋਵੇਗੀ ਜਿਸ ਨੇ ਕਦੇ ਹਾਰ ਦਾ ਸੁਆਦ ਨਾ ਦੇਖਿਆ ਹੋਵੇ। ਹਾਰ ਸਹਿਣੀ ਔਖੀ ਹੈ ਪਰ ਇਹ ਇਨਸਾਨ ਨੂੰ ਮੁਸ਼ਕਿਲਾਂ ਨਾਲ ਲੜਨ ਅਤੇ ਉਨ੍ਹਾਂ 'ਤੇ ਆਸਾਨੀ ਨਾਲ ਕਾਬੂ ਪਾਉਣ ਦਾ ਢੰਗ ਸਿਖਾ ਜਾਂਦੀ ਹੈ। ਕਈ ਹਾਰਾਂ ਦਾ ਮੂੰਹ ਦੇਖਣ ਵਾਲੇ ਅੰਤ ਜਿੱਤਦੇ ਦੇਖੇ ਹਨ ਅਤੇ ਜਿੱਤਾਂ ਦਰਜ ਕਰਨ ਵਾਲੇ ਹਾਰਦੇ। ਕਾਫ਼ੀ ਲੰਬੀ ਕਾਮਯਾਬੀ ਤੋਂ ਬਾਅਦ ਹਾਰ ਦਾ ਮੂੰਹ ਦੇਖਣਾ ਅਕਸਰ ਮੁਸ਼ਕਿਲ ਹੋ ਜਾਂਦਾ ਹੈ। ਇਹ ਹਾਰ ਹੀ ਹੈ ਜੋ ਨਵੇਂ ਰਸਤਿਆਂ ਨੂੰ ਲੱਭਣ 'ਚ ਮਨੁੱਖ ਦੀ ਸਹਾਇਤਾ ਕਰਦੀ ਹੈ। ਯਾਦ ਰੱਖਣਾ ਲੋੜ ਪੈਣ 'ਤੇ ਹੀ ਨਵੀਆਂ ਕਾਢਾਂ ਨੇ ਜਨਮ ਲਿਆ ਹੈ। ਹਾਰਨ ਤੋਂ ਬਾਅਦ ਜਿੱਤ ਦੀ ਲੋੜ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਉਹੀ ਇਕ ਦਿਨ ਜਿੱਤ ਦਾ ਕਾਰਨ ਬਣਦੀ ਹੈ।

ਕਰਜ਼ੇ ਥੱਲੇ ਦੱਬੇ ਇਕ ਕਿਸਾਨ ਨੇ ਸਹਿਜੇ-ਸਹਿਜੇ ਮਿਹਨਤ ਕਰ ਕੇ ਸਿਰ ਚੜ੍ਹਿਆ ਕਰਜ਼ਾ ਉਤਾਰ ਦਿੱਤਾ। ਪਰਿਵਾਰ ਸੁਖੀ ਜੀਵਨ ਜਿਊਣ ਲੱਗਿਆ ਅਤੇ ਹਾਰੀ ਹੋਈ ਬਾਜ਼ੀ ਜਿੱਤ ਕੇ ਉਹ ਕਿਸਾਨ ਹੌਸਲੇ ਨਾਲ ਸਰੀਰਕ ਤੌਰ 'ਤੇ ਅੱਗੇ ਨਾਲੋਂ ਵੀ ਤਕੜਾ ਹੋ ਗਿਆ। ਸਿਰ 'ਤੇ ਪਈ ਭਾਰੀ ਤੋਂ ਭਾਰੀ ਮਾਰ ਵੀ ਆਪਣਾ ਭਾਰ ਖੋ ਬੈਠਦੀ ਹੈ ਜੇ ਉਸਨੂੰ ਚੁਣੌਤੀ ਦੇਣ ਵਾਲਾ ਹਿੰਮਤ ਰੱਖੇ। ਜ਼ਿੰਦਗੀ 'ਚ ਕੁਝ ਵੀ ਟਿਕਾਊ ਨਹੀਂ ਫਿਰ ਅਸਥਾਈ ਹਾਰਾਂ ਤੋਂ ਹਾਰ ਕੇ ਜੀਵਨ ਖ਼ਤਮ ਕਿਉਂ ਕਰਨਾ। ਸੰਘਰਸ਼ ਹਾਰ ਨੂੰ ਜਿੱਤ 'ਚ ਤਬਦੀਲ ਕਰਨ ਲਈ ਕਾਫ਼ੀ ਹੈ। ਨੌਕਰੀ ਨਾ ਮਿਲਣ ਕਰਕੇ ਮਾਯੂਸ ਹੋਏ ਇਕ ਨੌਜਵਾਨ ਨੇ ਇਕ ਰਾਜ ਮਿਸਤਰੀ ਨਾਲ ਮਜ਼ਦੂਰ ਦੇ ਤੌਰ 'ਤੇ ਕੰਮ ਕਰਵਾਉਣਾ ਸ਼ੁਰੂ ਕਰ ਦਿੱਤਾ। ਮਨ 'ਚ ਕੁੱਝ ਸਿੱਖਣ ਅਤੇ ਕਰਨ ਦੀ ਲਗਨ ਸੀ। ਦਿਹਾੜੀਦਾਰ ਵਜੋਂ ਕੰਮ ਕਰਦੇ ਹੋਏ ਉਹ ਨੌਜਵਾਨ ਇਕ ਰਾਜ ਮਿਸਤਰੀ ਵਾਲਾ ਕੰਮ ਕਰਨ ਦੇ ਸਾਰੇ ਗੁਰ ਸਿੱਖ ਗਿਆ। ਅੱਜ ਉਹ ਨਾਮੀ ਠੇਕੇਦਾਰ ਹੈ ਅਤੇ ਉਸ ਕੋਲ ਬਿਲਡਿੰਗਾਂ ਖੜ੍ਹੀਆਂ ਕਰਨ ਲਈ ਬੰਦਿਆਂ ਦੀ ਇਕ ਪੂਰੀ ਫ਼ੌਜ ਹੈ।

ਮਾਲਕ ਬਣਨਾ ਹੈ ਜਾਂ ਨੌਕਰ ਇਹ ਫ਼ੈਸਲਾ ਸਾਡਾ ਸੰਘਰਸ਼ ਕਰਦਾ ਹੈ। ਮਿਹਨਤ ਕੀਤੀ ਹੋਵੇ ਤਾਂ ਫੇਲ੍ਹ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਜੇ ਮਿਹਨਤ ਨਾ ਕੀਤੀ ਹੋਵੇ ਜਿੱਤ ਮਹਿਜ ਇਕ ਸੁਪਨਾ ਬਣ ਜਾਂਦੀ ਹੈ। ਚੰਗੇ ਮਾੜੇ ਦਿਨਾਂ ਦਾ ਜ਼ਿੰਦਗੀ 'ਚ ਕੋਈ ਵਜੂਦ ਨਹੀਂ ਗੱਲ ਸਿਰਫ਼ ਚੰਗੇ ਅਤੇ ਇਮਾਨਦਾਰ ਕੰਮ ਕਰਨ ਦੀ ਹੈ ਫਿਰ ਮਾੜੇ ਦਿਨ ਵੀ ਚੰਗੇ ਬਣ ਜਾਂਦੇ ਹਨ। ਬੇਸ਼ੱਕ ਹਾਰ ਮਨ ਨੂੰ ਨਿਰਾਸ਼ਾ ਦਿੰਦੀ ਹੈ ਪਰ ਇਸੇ ਨਿਰਾਸ਼ਾ ਨੂੰ ਆਸ਼ਾ 'ਚ ਬਦਲਣ ਦੀ ਹਿੰਮਤ ਅਤੇ ਹੌਸਲਾ ਸਿਰਫ਼ ਮਨੁੱਖ ਹਿੱਸੇ ਹੀ ਆਇਆ ਹੈ। ਜਾਨਵਰ ਹਾਰਨ ਤੋਂ ਬਾਅਦ ਮੂੰਹ ਫੇਰ ਕੇ ਤੁਰ ਪੈਂਦਾ ਹੈ ਪਰ ਇਨਸਾਨ ਹਾਰ ਤੋਂ ਸਬਕ ਲੈ ਕੇ ਜਿੱਤਣ ਲਈ ਦੁਬਾਰਾ ਕੋਸ਼ਿਸ਼ ਕਰਦਾ ਹੈ।

ਹਾਰ ਦੇ ਸਮੁੰਦਰ 'ਚੋਂ ਜਿੱਤ ਰੂਪੀ ਹੀਰੇ ਦੀ ਤਲਾਸ਼ ਸਾਨੂੰ ਜੀਵਨ ਵਿਚ ਕਾਮਯਾਬ ਬਣਾ ਸਕਦੀ ਹੈ। ਅਸਲ ਹਾਰ ਉਦੋਂ ਹੁੰਦੀ ਹੈ ਜਦ ਇਨਸਾਨ ਕੋਸ਼ਿਸ਼ ਕਰਨ ਤੋਂ ਜੀਅ ਚੁਰਾਉਣ ਲੱਗੇ। ਸਫਲ ਅਤੇ ਅਸਫਲ ਦੀ ਪ੍ਰੀਭਾਸ਼ਾ ਇਨਸਾਨ ਦੁਬਾਰਾ ਕੀਤੇ ਗਏ ਕਰਮ ਤੈਅ ਕਰਦੇ ਹਨ। ਹਾਰਨਾ ਸ਼ਬਦ ਜੁਝਾਰੂਆਂ ਲਈ ਇਕ ਪ੍ਰੇਰਣਾ ਅਤੇ ਡਰਪੋਕ ਲਈ ਬਾਜ਼ੀ ਦਾ ਅੰਤ ਹੁੰਦਾ ਹੈ। ਇਹ ਫ਼ੈਸਲਾ ਇਨਸਾਨ ਨੇ ਕਰਨਾ ਹੈ ਕਿ ਉਸਨੇ ਹਾਰੀ ਖੇਡ ਨੂੰ ਮਿਹਨਤ ਕਰਕੇ ਜਿੱਤ 'ਚ ਤਬਦੀਲ ਕਰਨਾ ਹੈ ਜਾਂ ਫਿਰ ਇਕ ਹੋਰ ਹਾਰ ਦਾ ਇੰਤਜ਼ਾਰ। ਬੇਸ਼ੱਕ ਜ਼ਿੰਦਗੀ 'ਚ ਬੇਸ਼ੁਮਾਰ ਮੁਸ਼ਕਿਲਾਂ ਆਉਣ ਅਤੇ ਇਨਸਾਨ ਨੂੰ ਕਈ ਹਾਰਾਂ ਦਾ ਮੂੰਹ ਦੇਖਣਾ ਪਵੇ ਪਰ ਯਾਦ ਰੱਖਣਾ ਹਾਰ ਜਾਣ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ। •




ਕਹਾਣੀ

# ਪਾਤਸ਼ਾਹ

• ਭੁਪਿੰਦਰ ਸਿੰਘ ਮਾਨ
94170-81419



ਕਾਲੀ ਮਰਸੀਡੀਜ਼ ਹਵਾ ਨਾਲ ਗੱਲਾਂ ਕਰਦੀ ਭੱਜੀ ਜਾ ਰਹੀ ਸੀ। ਡਰਾਈਵਰ ਪੂਰੀ ਹੁਸ਼ਿਆਰੀ ਨਾਲ ਕਾਰ ਚਲਾ ਰਿਹਾ ਸੀ। ਬਰਾੜ ਸਾਹਿਬ ਦੇ ਮਨ ਨੂੰ ਧਰਤੀ ਤੋਂ ਗਿੱਠ-ਗਿੱਠ ਉੱਚੀਆਂ ਹੋਈਆਂ ਕਣਕਾਂ ਦੇਖ ਕੇ ਅਜੀਬ ਜਿਹਾ ਸਕੂਨ ਮਿਲ ਰਿਹਾ ਸੀ। ਉਸਨੂੰ ਬਚਪਨ ਵਿਚ ਬਾਪੂ ਵੱਲੋਂ ਪਹਿਲੇ ਪਾਣੀ ਤੋਂ ਬਾਅਦ ਕਣਕਾਂ ਵਿਚ ਖਾਦ ਖਿਲਾਰਨ ਦਾ ਸਮਾਂ ਯਾਦ ਆ ਗਿਆ ਸੀ। ਥੋੜ੍ਹੇ ਸਮੇਂ ਵਿਚ ਹੀ ਉਸ ਦਾ ਮਨ ਅੱਕ ਗਿਆ ਤੇ ਉਸਨੇ ਆਪਣਾ ਲੈਪਟਾਪ ਦੁਬਾਰਾ ਖੋਲ੍ਹ ਲਿਆ ਤੇ ਨਵੇਂ ਪ੍ਰਾਜੈਕਟ ਦੇ ਹਿਸਾਬ ਕਿਤਾਬ ਵਿਚ ਜੁੜ ਗਿਆ। ਇਹ ਅਕਸਰ ਹੀ ਹੁੰਦਾ ਸੀ ਕਿ ਉਸ ਨੂੰ ਕੋਈ ਚੀਜ਼ ਚੰਗੀ ਲੱਗਦੀ ਪਰ ਥੋੜ੍ਹੇ ਸਮੇਂ ਬਾਅਦ ਉਸ ਦਾ ਮਨ ਅੱਕ ਜਾਂਦਾ ਤੇ ਉਹ ਜ਼ਰਬਾਂ ਤਕਸੀਮਾਂ ਵਿਚ ਰੁਝ ਜਾਂਦਾ। ਵਪਾਰ ਹੀ ਉਸ ਲਈ ਸਭ ਕੁਝ ਸੀ।

ਜ਼ਮੀਨਾਂ ਦੀ ਦਲਾਲੀ ਤੋਂ ਸ਼ੁਰੂ ਹੋਇਆ ਕੰਮ ਕਾਲੋਨੀਆਂ ਦੀ ਮਾਲਕੀ ਤਕ ਪਹੁੰਚ ਗਿਆ ਸੀ। ਹੁਣ ਤਾਂ ਉਸ ਨੂੰ ਪ੍ਰਾਪਰਟੀ ਦੇ ਧੰਦੇ ਦਾ ਕਿੰਗ ਮੰਨਿਆ ਜਾਂਦਾ ਸੀ। ਦਹਾਕੇ ਦੇ ਸਫ਼ਰ ਵਿਚ ਉਸਨੇ ਬੜੇ ਉਤਰਾਅ ਚੜ੍ਹਾਅ ਦੇਖੇ ਸਨ। ਕਈ ਵਾਰੀ ਉਸ ਨੂੰ ਜ਼ਮੀਰ ਟੁੰਬਦੀ ਕਿ ਉਸ ਦੀ ਬੋਲ ਬਾਣੀ ਵਿਚ ਖਰਵਾਪਨ ਤੇ ਸੋਚ ਵਿਚ ਝੂਠ ਤੇ ਧੋਖਾ ਹੀ ਬਾਕੀ ਰਹਿ ਗਿਆ ਹੈ। ਪਰ ਲੱਛਮੀ ਦੀ ਬਰਸਾਤ ਦੇਖਕੇ ਉਹ ਸਭ ਕੁਝ ਭੁੱਲ ਜਾਂਦਾ। ਅੱਜ ਤਾਂ ਉਹ ਖ਼ਾਸ ਕੰਮ ਚੱਲਿਆ ਸੀ। ਪੁਸ਼ਤੈਨੀ ਘਰ ਨੂੰ ਢਾਹ ਕੇ ਦੁਬਾਰਾ ਨਵੇਂ ਸਿਰੇ ਤੋਂ ਬਣਾਉਣ ਦਾ ਕੰਮ ਚਲ ਰਿਹਾ ਸੀ ਤੇ ਉਸ ਨੂੰ ਕਈ ਦਿਨਾਂ ਬਾਅਦ ਫ਼ੁਰਸਤ ਮਿਲੀ ਸੀ।

ਸ਼ੁਰੂ-ਸ਼ੁਰੂ ਵਿਚ ਤਾਂ ਇਸ ਘਰ ਨੂੰ ਵੇਚ ਕੇ ਵਪਾਰ ਵਿਚ ਪੈਸੇ ਲਾਉਣਾ ਚਾਹੁੰਦਾ ਸੀ ਪਰ ਬਾਪੂ ਜੀ ਨਹੀਂ ਮੰਨੇ ਸਨ। ਬਾਪੂ ਜੀ ਨੇ ਨਾ ਘਰ ਛੱਡਿਆ ਅਤੇ ਨਾ ਪਿੰਡ। ਉਨ੍ਹਾਂ ਦਾ ਮਨ ਉਸਦੇ ਮਹਿਲ ਵਰਗੇ ਘਰ ਵਿਚ ਕਦੇ ਨਹੀਂ ਲੱਗਿਆ ਸੀ। ਬਸ ਇਕ ਦੋ ਦਿਨ ਰਹਿੰਦੇ ਤੇ ਪਿੰਡ ਭੱਜ ਆਉਂਦੇ। ਉਸ ਨੂੰ ਬੜੀ ਖਿਝ ਚੜ੍ਹਦੀ। ਜੇ ਮਾਂ ਜਿਉਂਦੀ ਹੁੰਦੀ ਤਾਂ ਸ਼ਾਇਦ ਕਦੇ ਉਸ ਕੋਲ ਰਹਿੰਦੇ। ਉਨ੍ਹਾਂ ਦੇ ਸੁਰਗਵਾਸ ਹੋਣ ਸਮੇਂ ਜਦੋਂ ਭੋਗ ਤਕ ਪਿੰਡ ਰਿਹਾ ਤਾਂ ਉਨ੍ਹਾਂ ਦਸ ਦਿਨਾਂ ਵਿਚ ਭਾਈਚਾਰੇ ਦੀ ਅਣਪੱਤ ਨੇ ਉਸਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਆਪਣੇ-ਆਪਣੇ ਹੀ ਹੁੰਦੇ ਹਨ। ਪਰ ਨਾਲ ਹੀ ਉਸਦੀ ਹਉਮੈ ਨੂੰ ਠੇਸ ਵੀ ਪਹੁੰਚੀ ਕਿ ਪਿੰਡ ਵਾਲਿਆਂ ਲਈ ਉਸ ਦੀ ਤਰੱਕੀ ਖ਼ਾਸ ਮਾਅਨੇ ਨਹੀਂ ਰੱਖਦੀ। ਉਹ ਤਾਂ ਸਾਰਾ ਸਮਾਂ ਉਸਦੇ ਪਿਉ ਦੀ ਚੰਗਿਆਈ ਦੇ ਗੁਣਗਾਨ ਕਰਦੇ ਰਹਿੰਦੇ। ਕੁਝ ਚਲਾਕ ਜਿਹੇ ਬੰਦਿਆਂ ਨੂੰ ਛੱਡ ਕੇ ਬਾਕੀ ਦੇ ਬੰਦਿਆਂ ਲਈ ਉਹ 'ਗਿੰਦਾ' ਹੀ ਸੀ, ਨਾ ਕੇ 'ਗੁਰਿੰਦਰ ਸਿੰਘ ਬਰਾੜ'। ਇਹ ਗੱਲ ਉਸਦੇ ਅੰਦਰਲੇ ਬਰਾੜ ਸਾਹਿਬ ਲਈ ਕਾਫ਼ੀ ਤਿੱਖਾ ਨਸ਼ਤਰ ਸੀ।

ਉਸ ਦੇ ਭੋਗ ਵਾਲੇ ਦਿਨ ਉਸ ਨੇ ਪੂਰਾ ਜ਼ੋਰ ਲਾਇਆ, ਖਾਣ ਪੀਣ ਤੋਂ ਲੈ ਕੇ ਇਕੱਠ ਕਰਨ ਤਕ। ਪਿੰਡ ਵਾਲਿਆਂ ਨੇ ਉਸ ਨੂੰ ਸਲਾਹਿਆ ਵੀ ਪਰ ਅੰਦਰਲੇ ਬਰਾੜ ਸਾਹਿਬ ਫੇਰ ਵੀ ਖ਼ੁਸ਼ ਨਾ ਹੋਏ। ਉਸ ਨੇ ਉਸੇ ਸਮੇਂ ਹੀ ਫ਼ੈਸਲਾ ਕਰ ਲਿਆ ਸੀ ਕਿ ਪਿੰਡ ਵਾਲਿਆਂ ਨੂੰ ਦੱਸਣਾ ਉਹ ਕੀ ਚੀਜ਼ ਹੈ।

ਪ੍ਰਾਪਰਟੀ ਦੇ ਸਰਕਲ ਵਿਚ 'ਪਾਤਸ਼ਾਹ' ਨਾਲ ਮਸ਼ਹੂਰ ਗੁਰਿੰਦਰ ਸਿੰਘ ਬਰਾੜ ਕੋਈ ਅਦਨਾ ਬੰਦਾ ਨਹੀਂ ਹੈ। ਉਸ ਨੇ ਘਰ ਢਾਹ ਦਿੱਤਾ। ਦੋ ਕਮਰੇ ਸਮਾਨ ਰੱਖਣ ਲਈ ਛੱਡ ਕੇ ਬਾਕੀ ਥਾਂ ਤੇ ਮਹਿਲਨੁਮਾ ਕੋਠੀ ਉਸਾਰਨੀ ਸ਼ੁਰੂ ਕਰ ਦਿੱਤੀ ਸੀ। ਕੰਮ ਦੀ ਨਿਗਰਾਨੀ ਲਈ ਉਸ ਨੇ ਜੀਤੀ ਨੂੰ ਪੱਕਾ ਹੀ ਰੱਖ ਲਿਆ ਸੀ। ਜੀਤੀ ਉਹਦਾ ਪੰਜਵੀਂ ਜਮਾਤ ਤਕ ਦਾ ਜਮਾਤੀ ਤੇ ਸ਼ਰੀਕੇ ਵਿੱਚੋਂ ਭਰਾ ਲੱਗਦਾ ਸੀ। ਦੋਵਾਂ ਵਿਚ ਪੁਰਾਣੀ ਸਾਂਝ ਸੀ। ਪਰ ਜਦੋਂ ਉਸ ਨੂੰ ਜੀਤੀ ਬਾਈ ਜੀ ਕਹਿੰਦਾ ਤਾਂ ਉਸ ਦੇ ਅੰਦਰਲੇ ਬਰਾੜ ਨੂੰ ਸੱਟ ਵੱਜਦੀ ਕਿ ਨੰਗ ਬੰਦਾ ਵੀ ਬਰਾਬਰੀ ਕਰਦਾ ਹੈ। ਉਸ ਦੇ ਕੰਨ ਤਾਂ ਸਰਦਾਰ ਜੀ-ਸਰਦਾਰ ਜੀ ਸੁਣਨ ਦੇ ਆਦੀ ਸਨ। ਉਹ ਪਿੰਡ ਦੇ ਮਾਹੌਲ ਕਰਕੇ ਹੀ ਚੁੱਪ ਹੋ ਜਾਂਦਾ ਸੀ।

ਮਰਸੀਡੀਜ਼ ਦੇ ਤੇਜ਼ ਬਰੇਕ ਲੱਗੇ ਤੇ ਉਹ ਸੋਚਾਂ ਵਿੱਚੋਂ ਬਾਹਰ ਆ ਗਿਆ। ਬਾਹਰ ਦੇਖਿਆ ਤਾਂ ਪਿੰਡ ਦੀ ਪੰਜ ਕਿਲੋਮੀਟਰ ਦੀ ਦੂਰੀ ਦਿਖਾ ਰਿਹਾ ਮੀਲ ਪੱਥਰ ਉਸਦੇ ਨਜ਼ਰੀਂ ਪਿਆ। ਕੋਠੀ ਵਿਚ ਲੱਕੜ ਦਾ ਕੰਮ ਇਕ ਦੋ ਦਿਨ ਵਿਚ ਮੁਕੰਮਲ ਹੋ ਜਾਵੇਗਾ। ਦੋਵੇਂ ਕਮਰੇ ਵੀ ਢਾਹੇ ਜਾ ਰਹੇ ਸਨ। ਉਸ ਦਾ ਧਿਆਨ ਜੀਤੀ ਵੱਲ ਚਲਾ ਗਿਆ।

ਉਸ ਨੂੰ ਯਾਦ ਕਰ ਕੇ ਉਹ ਇਕ ਵਾਰੀ ਫੇਰ ਮੁਸਕਰਾਇਆ। ਉਸਨੇ ਸੋਚਿਆ, 'ਦੇਖ ਲਓ ਸਮੇਂ-ਸਮੇਂ ਦੀ ਗੱਲ ਹੁੰਦੀ ਹੈ। ਪਿੰਡ ਵਿਚ ਸਭ ਤੋਂ ਵੱਡੀ ਢੇਰੀ ਸੀ ਇਨ੍ਹਾਂ ਦੀ। ਇਹਦਾ ਦਾਦਾ ਫੈਲਸੂਫ਼ੀਆਂ ਦਾ ਪੱਟਿਆ ਜ਼ਮੀਨ ਬੈਅ ਕਰਨ ਲੱਗ ਪਿਆ ਸੀ। ਜਦੋਂ ਜ਼ਮੀਨ ਵੇਚ ਕੇ ਆਉਂਦਾ ਤਾਂ ਡੱਕਿਆ ਹੋਇਆ ਲਲਕਾਰੇ ਮਾਰਦੇ, "ਓਏ ਡਲਿਆਂ ਦੇ ਪੈਸੇ ਮਿਲਦੇ ਨੇ ਜੱਟ ਨੂੰ ਓਏ ਡਲਿਆਂ ਦੇ।' ਉਹਦੇ ਨਾਲ ਉਹਦੇ ਤਿੰਨ ਚਾਰ ਕੌਲੀ ਚੱਟ ਯਾਰ ਉਹਦੀ ਹਾਂ ਵਿਚ ਹਾਂ ਮਿਲਾਉਂਦੇ। ਕਦੇ ਉਹ ਗਾਉਣ ਵਾਲਿਆਂ ਦਾ ਖਾੜਾ ਲਵਾਈ ਬੈਠਾ ਹੁੰਦਾ। ਕਦੇ ਉਹਦੀਆਂ ਜਲੇਬੀਆਂ ਸ਼ਹਿਰੋਂ ਆ ਰਹੀਆਂ ਹੁੰਦੀਆਂ ਸੀ। ਕਈ ਵਾਰੀ ਉਸਦੇ ਦਾਦੇ ਨੇ ਉਸ ਤੋਂ ਪੈਸੇ ਉਧਾਰੇ ਫੜ ਕੇ ਘਰ ਦੀਆਂ ਗਰਜਾਂ ਪੂਰੀਆਂ ਕੀਤੀਆਂ ਸਨ। ਥੋੜ੍ਹੇ ਸਮੇਂ ਵਿਚ ਹੀ ਉਹਨੇ ਖਾਸੀ ਜ਼ਮੀਨ 'ਤੇ ਫੂਕ ਮਾਰ ਦਿੱਤੀ ਸੀ। ਅੱਗੇ ਜੀਤੀ ਦੇ ਬਾਪ ਹੋਰੀਂ ਤਿੰਨ ਭਰਾ ਸੀ। ਉਹ ਵੀ ਪਿਉ ਦੇ ਨਕਸ਼ੇ ਕਦਮ 'ਤੇ ਤੁਰ ਪਏ ਤੇ ਜੀਤੀ ਦੀ ਵਾਰੀ ਤਕ ਉਸਦੇ ਹਿੱਸੇ ਤਿੰਨ ਕਨਾਲਾਂ ਜ਼ਮੀਨ ਤੇ ਘਰ ਦਾ ਇਕ ਹਿੱਸਾ ਹੀ ਪਿਆ ਸੀ। ਜੀਤੀ ਲੱਕ ਬੰਨ੍ਹ ਕੇ ਕੰਮ ਕਰਦਾ ਸੀ। ਪਰ ਉਹਦੇ ਵਿਚ ਵੀ ਜਟਪੁਣਾ ਹਾਲੇ ਮਰਿਆ ਨਹੀਂ ਸੀ ਸੀ। ਉਹ ਪਿੰਡ ਵਿਚ ਤਾਂ ਕੰਮ ਕਰਵਾ ਆਉਂਦਾ ਪਰ ਲੇਬਰ ਚੌਕ ਵਿਚ ਨਹੀਂ ਖੜ੍ਹ ਸਕਦਾ ਸੀ। ਭੋਗ ਸਮੇਂ ਉਸ ਨੇ ਹੀ ਸਾਰਾ ਕੰਮ ਸੰਭਾਲਿਆ ਸੀ। ਉਸਦਾ ਕੰਮ ਤੇ ਇਮਾਨਦਾਰੀ ਨੂੰ ਦੇਖ ਕੇ ਹੀ ਉਸ ਨੂੰ ਘਰ ਦੀ ਉਸਾਰੀ ਦੀ ਨਿਗਰਾਨੀ ਦਾ ਕੰਮ ਦਿੱਤਾ ਸੀ।

ਉਸਨੂੰ ਜਦੋਂ ਉਹ ਦਿਨ ਯਾਦ ਆਇਆ ਜਦੋਂ ਗਲੀ ਵਿੱਚੋਂ ਲੰਘਦੇ ਨੂੰ ਜੀਤੀ ਧੱਕੇ ਨਾਲ ਘਰ ਲੈ ਗਿਆ ਸੀ, ਤਾਂ ਉਸਦੇ ਮੂੰਹ ਦਾ ਸਵਾਦ ਕੁਸੈਲਾ ਕੁਸੈਲਾ ਹੋ ਗਿਆ। ਉਸ ਨੇ ਦੇਖਿਆ ਗੁਰਬਤ ਹਰ ਪਾਸੇ ਫੈਲੀ ਹੋਈ ਸੀ। ਬਿਨਾਂ ਪਲਸਤਰ ਹੋਏ ਕਮਰੇ ਤੇ ਰਸੋਈ ਦੀ ਬਜਾਏ ਕੰਧੋਲੀ ਦੇ ਉਹਲੇ ਚੁੱਲ੍ਹੇ ਚੌਂਕੇ ਨੂੰ ਦੇਖਕੇ ਬਰਾੜ ਸਾਹਿਬ ਅੰਦਰਲੇ ਗੁਰਿੰਦਰ ਨੂੰ ਝਟਕਾ ਲੱਗਿਆ ਸੀ। ਉਸ ਦੇ ਅੰਦਰ ਕੁਝ ਪਿਘਲਿਆ ਵੀ ਸੀ। ਕੰਧੋਲੀ ਦੇ ਪਰਲੇ ਪਾਸੇ ਆਰਜ਼ੀ ਜਿਹੀ ਖੁਰਲੀ 'ਤੇ ਬੱਝੀ ਬੋਡੀ ਮੱਝ ਨੇ ਜਦੋਂ ਪਿਸਾਬ ਨਾਲ ਲਿਬੜੀ ਪੂਛ ਮੱਖੀਆਂ ਉਡਾਉਣ ਲਈ ਘੁਮਾਈ ਤਾਂ ਕਈ ਛਿੱਟੇ ਉਸ ਉਪਰ ਤੇ ਕਈ ਕੰਧੋਲੀ 'ਤੇ ਜਾ ਪਏ। ਉਸ ਨੂੰ ਇਕ ਵਾਰ ਤਾ ਵੱਤ ਆ ਗਿਆ। ਜੀਤੀ ਨੇ ਚਾਹ ਲਈ ਬਹੁਤ ਜ਼ੋਰ ਲਾਇਆ ਪਰ ਉਹ ਜੀਤੀ ਲਈ ਦੁੱਖ ਤੇ ਆਪਣੇ ਉੱਪਰ ਪਏ ਛਿੱਟਿਆਂ ਕਰਕੇ ਅਜੀਬ ਜਿਹਾ ਮਹਿਸੂਸ ਕਰਦਾ ਉਨ੍ਹੀਂ ਪੈਰੀਂ ਵਾਪਸ ਮੁੜ ਪਿਆ ਸੀ। ਘਰ ਆ ਕੇ ਉਹ ਮਲ਼ ਮਲ਼ ਕੇ ਨਾਹਤਾ ਪਰ ਦ੍ਰਿਸ਼ ਯਾਦ ਕਰ ਕੇ ਉਸਦਾ ਮਨ ਖ਼ਰਾਬ ਹੋ ਜਾਂਦਾ।

ਉਸ ਨੂੰ ਜੀਤੀ 'ਤੇ ਡਾਢਾ ਤਰਸ ਆਇਆ। ਅਗਲੇ ਦਿਨ ਉਸ ਨੇ ਜੀਤੀ ਨੂੰ ਕਹਿ ਦਿੱਤਾ ਕਿ ਪਿਛਲੇ ਕਮਰਿਆਂ ਦੇ ਗਾਡਰ ਤੇ ਇੱਟਾਂ ਉਹ ਲੈ ਜਾਵੇ ਤੇ ਰਸੋਈ ਬਣਾ ਲਵੇ। ਜਦੋਂ ਉਹ ਜੀਤੀ ਨੂੰ ਕਹਿ ਰਿਹਾ ਸੀ ਤਾਂ ਉਸ ਨੂੰ ਲੱਗਿਆ ਕਿ ਜੀਤੀ ਜਿਵੇਂ ਧਰਤੀ ਨਾਲ ਜਾ ਲੱਗਿਆ ਹੋਵੇ ਤੇ ਉਹ ਆਕਾਸ਼ ਨਾਲ ਜਾ ਲੱਗਿਆ ਹੋਵੇ। ਉਸ ਸਮੇਂ ਉਸ ਅੰਦਰਲਾ ਹਰਿੰਦਰ ਫੇਰ ਸੌਂ ਗਿਆ ਸੀ ਤੇ ਪਾਤਸ਼ਾਹ ਫੇਰ ਹੱਸ ਰਿਹਾ ਸੀ।

ਕਾਰ ਹੁੱਝਕੇ ਨਾਲ ਰੁਕੀ ਤੇ ਡਰਾਈਵਰ ਅਦਬ ਨਾਲ ਤਾਕੀ ਖੋਲ੍ਹੀ ਖੜ੍ਹਾ ਸੀ। ਉਹ ਆਪਣੇ ਖ਼ਿਆਲਾਂ ਵਿੱਚੋਂ ਬਾਹਰ ਆ ਗਿਆ। ਉਹ ਆਪਣਾ ਭਾਰਾ ਸਰੀਰ ਸੰਭਾਲਦਾ ਹੋਇਆ ਬਾਹਰ ਨਿਕਲਿਆ। ਕੋਠੀ ਦੇ ਆਲੀਸ਼ਾਨ ਗੇਟ ਨੂੰ ਲੰਘਦੇ ਉਹਦੀ ਧੌਣ ਹੋਰ ਆਕੜ ਗਈ ਸੀ। ਮਿਸਤਰੀਆਂ ਨੇ ਉਸ ਨੂੰ ਦੇਖ ਕੇ ਸਸਰੀ ਕਾਲ-ਸਸਰੀ ਕਾਲ ਕਿਹਾ ਤਾਂ ਉਸ ਨੂੰ ਲੱਗਿਆ ਜਿਵੇਂ ਉਹ ਸੱਚੀ ਮੁੱਚੀ ਦਾ ਪਾਤਸ਼ਾਹ ਹੋਵੇ। ਪਿਛਲੇ ਪਾਸੇ ਗਿਆ ਤਾਂ ਦੇਖਿਆ ਇਕ ਕਮਰਾ ਢਾਹਿਆ ਜਾ ਚੁੱਕਾ ਸੀ ਅਤੇ ਜੀਤੀ ਢਾਹੇ ਹੋਏ ਕਮਰੇ ਦਾ ਗਾਡਰ ਵਿਹੜੇ ਵਾਲੇ ਸ਼ਿੰਦਰੀ ਨਾਲ ਚੁੱਕੀ ਲਈ ਜਾਂਦਾ ਸੀ। ਉਸ ਨੂੰ ਦੇਖਕੇ ਦੋਵਾਂ ਨੇ ਗਾਡਰ ਹੇਠਾਂ ਰੱਖ ਦਿੱਤਾ ਅਤੇ ਸਸਰੀਕਾਲ ਬੁਲਾਈ ਤੇ ਨਾਲ ਹੀ ਸ਼ਿੰਦਰੀ ਨੇ ਗੋਡੇ ਹੱਥ ਲਾ ਦਿੱਤੇ। ਉਸ ਅੰਦਰਲੇ ਬਰਾੜ ਸਾਹਿਬ ਬਾਗੋ ਬਾਗ਼ ਹੋ ਗਏ। ਸ਼ਿੰਦਰੀ ਦੀ ਕੰਬਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ,'ਥੋਡਾ ਦੇਣ ਮੈਂ ਸਾਰੀ ਉਮਰ ਨਹੀਂ ਦੇ ਸਕਦਾ ਸਰਦਾਰ ਸਾਹਿਬ।' ਉਹ ਥੋੜ੍ਹਾ ਹੈਰਾਨ ਹੋ ਗਿਆ। ਉਸਨੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਜੀਤੀ ਵੱਲ ਦੇਖਿਆ। ਜੀਤੀ ਉਸ ਦੀ ਮਨਸ਼ਾ ਸਮਝ ਗਿਆ ਸੀ। ਉਸਨੇ ਕਿਹਾ, ਬਾਈ ਜੀ ਇਹਦੇ ਘਰ ਦਾ ਇਕੋ ਇਕ ਕਮਰਾ ਐਤਕੀਂ ਮੀਂਹਾਂ ਵਿਚ ਡਿੱਗ ਗਿਆ ਸੀ। ਸੋ ਆਪਣੇ ਕਮਰੇ ਵਾਲਾ ਸਮਾਨ ਇਹ ਨੂੰ ਚੁੱਕਾ ਦਿਤਾ। ਉਸਦਾ ਮੱਥਾ ਤਿਊੜੀਆਂ ਨਾਲ ਭਰ ਗਿਆ। ਉਸਦੀ ਰੋਬੀਲੀ ਆਵਾਜ਼ ਗੂੰਜੀ, ਉਹ ਤਾਂ ਤੈਨੂੰ ਰਸੋਈ ਪਾਉਣ ਲਈ ਦਿੱਤਾ ਸੀ, ਤੂੰ ਅੱਗੇ ਚੁਕਾਈ ਜਾਂਦੈ,ਵੱਡਾ ਦਾਨੀ।' ਸ਼ਿੰਦਰੀ ਦੇ ਦੁਬਾਰਾ ਗਾਡਰ ਚੁੱਕਣ ਲਈ ਪਾਏ ਹੱਥ ਆਪਣੇ ਆਪ ਪਿਛੇ ਹੱਟ ਗਏ।

ਜੀਤੀ ਨੇ ਸਿਰ ਉੱਪਰ ਚੁੱਕਿਆ ਤੇ ਕਿਹਾ, 'ਬਾਈ ਜੀ ਇਹ ਨੂੰ ਵਿਚਾਰੇ ਨੂੰ ਬਾਹਲੀ ਲੋੜ ਹੈ। ਮੇਰੀ ਰਸੋਈ ਤਾਂ ਬਾਅਦ ਵਿਚ ਪੈ ਜਾਊ। ਇਹਦਾ ਸਿਆਲ ਨਹੀਂ ਲੰਘਣਾ।' ਜੀਤੀ ਦੀ ਗੱਲ ਸੁਣ ਕੇ ਉਸ ਦੀਆਂ ਤਿਊੜੀਆਂ ਇਕਦਮ ਢਿੱਲੀਆਂ ਪੈ ਗਈਆਂ। ਉਸਨੂੰ ਲੱਗਿਆ ਜਿਵੇਂ ਧਰਤੀ ਨਾਲ ਜਾ ਲੱਗਿਆ ਹੋਵੇ, ਤੇ ਪਾਤਸ਼ਾਹ ਉਸਦੇ ਸਾਹਮਣੇ ਖੜ੍ਹਾ ਮੁਸਕਰਾ ਰਿਹਾ ਹੋਵੇ। •

**ਜੀਤੀ ਨੇ ਸਿਰ ਚੁੱਕਿਆ ਤੇ ਕਿਹਾ, 'ਬਾਈ ਜੀ ਇਹਨੂੰ ਵਿਚਾਰੇ ਨੂੰ ਬਾਹਲੀ ਲੋੜ ਹੈ। ਮੇਰੀ ਰਸੋਈ ਤਾਂ ਬਾਅਦ 'ਚ ਪੈ ਜਾਊ। ਇਹਦਾ ਸਿਆਲ ਨਹੀਂ ਲੰਘਣਾ।' ਜੀਤੀ ਦੀ ਗੱਲ ਸੁਣ ਉਸਨੂੰ ਲੱਗਿਆ ਜਿਵੇਂ ਉਹ ਧਰਤੀ ਨਾਲ ਜਾ ਲੱਗਾ ਹੋਵੇ ਤੇ ਪਾਤਸ਼ਾਹ ਉਸਦੇ ਸਾਹਮਣੇ ਖੜ੍ਹਾ ਮੁਸਕਰਾ ਰਿਹਾ ਹੋਵੇ...**

ਵਿਅੰਗ

# ਆਓ ਡੇਰਾ ਚਲਾਈਏ

• ਦਲੀਪ ਸਿੰਘ ਜੁਨੇਜਾ
94171-96055

*ਸਾਰੀ ਬਿਲਡਿੰਗ ਏਸੀ ਹੋਵੇਗੀ ਤਾਂ ਕਿ ਸੰਗਤਾਂ ਦੀ ਪਰਮਾਤਮਾ ਨਾਲ ਲਿਵ ਲੱਗ ਸਕੇ। ਬਸ ਹੁਣ ਦੇਰ ਨਾ ਕਰ ਆ ਜਾ...*



ਐ ਨੌਜਵਾਨ! ਜੇ ਕਰ ਪੜ੍ਹਾਈ ਕਰਨ ਉਪਰੰਤ ਤੈਨੂੰ ਕੋਈ ਨੌਕਰੀ ਨਹੀਂ ਮਿਲੀ। ਤੂੰ ਬੇਸ਼ੱਕ ਐਮਸੀਏ, ਐਮਐਡ, ਐਮਬੀਏ ਜਾਂ ਕੰਪਿਊਟਰ ਦੀ ਡਿਗਰੀ ਲਈ ਹੈ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬੇਰੁਜ਼ਗਾਰ ਤਾਂ ਬੇਰੁਜ਼ਗਾਰ ਹੈ। ਭਾਵੇਂ ਪੜ੍ਹਿਆ ਲਿਖਿਆ ਹੋਵੇ ਜਾਂ ਅਨਪੜ੍ਹ। ਐ ਨੌਜਵਾਨ ਤੈਨੂੰ ਘਬਰਾਉਣਾ ਨਹੀਂ ਚਾਹੀਦਾ। ਲੁਧਿਆਣੇ ਸ਼ਹਿਰ ਵਿਚ ਮੈਟਰੋ ਗੱਡੀ ਚਲਣ ਵਾਲੀ ਹੈ। ਬੱਸ ਚਾਰ ਪੰਜ ਸਾਲ ਉਡੀਕ ਕਰਨੀ ਪਵੇਗੀ। ਫਿਰ ਤੈਨੂੰ ਸਟੇਸ਼ਨ ਮਾਸਟਰ, ਟੀਟੀ, ਬੁਕਿੰਗ ਕਲਰਕ ਜਾਂ ਕੋਈ ਹੋਰ ਨੌਕਰੀ ਮਿਲ ਹੀ ਜਾਵੇਗੀ, ਜਾਂ ਬਸ ਫਿਰ ਮੁੱਖ ਮੰਤਰੀ ਜੀ ਮੁੰਬਈ ਜਾ ਹੀ ਰਹੇ ਹਨ ਉੱਥੋਂ ਕਈ ਉਦਯੋਗਪਤੀ ਪੰਜਾਬ ਵਿਚ ਨਿਵੇਸ਼ ਕਰਕੇ ਮੈਗਾ ਪ੍ਰੋਜੈਕਟ ਚਾਲੂ ਕਰਨ ਲਈ ਸਹਿਮਤ ਹੋ ਗਏ ਹਨ ਤੇ ਲੱਖਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਜਾਵੇਗਾ। ਤੂੰ ਲੰਮਾ ਸਮਾਂ ਇਨ੍ਹਾਂ ਮੈਗਾ ਪ੍ਰੋਜੈਕਟਾਂ ਦੇ ਚਾਲੂ ਹੋਣ ਦੀ ਉਡੀਕ ਨਹੀਂ ਕਰ ਸਕਦਾ ਫਿਰ ਤਾਂ ਤੇਰੇ ਬਾਰੇ ਕੁਝ ਸੋਚਣਾ ਹੀ ਪਵੇਗਾ।

ਐ ਨੌਜਵਾਨ ਤੂੰ ਖ਼ਬਰ ਨਹੀਂ ਪੜ੍ਹੀ। ਮੋਹਾਲੀ ਵਿਚ ਅੰਤਰਰਾਸ਼ਟਰੀ ਹਵਾਈ ਅੱਡਾ ਬਣ ਗਿਆ ਹੈ। ਪੰਜਾਬੀ ਮੁੰਡਿਆਂ ਦੀਆਂ ਮੌਜਾਂ ਹੀ ਮੌਜਾਂ ਹਨ। ਹਜ਼ਾਰਾਂ ਮੁੰਡਿਆਂ ਨੂੰ ਰੋਜ਼ਗਾਰ ਮਿਲ ਜਾਵੇਗਾ। ਤੂੰ ਉਡੀਕ ਨਹੀਂ ਕਰ ਸਕਦਾ ਕਿ ਕਦੋਂ ਰੁਜ਼ਗਾਰ ਮਿਲੇ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਨੌਜਵਾਨ ਵਿਚ ਸਬਰ ਸੰਤੋਖ ਦੀ ਇੰਨੀ ਘਾਟ ਕਿਉਂ ਹੈ?

ਜੇ ਤੂੰ ਇਹ ਸੋਚੀ ਬੈਠਾਂ ਕਿ ਦਸ ਵੀਹ ਲੱਖ ਰੁਪਏ ਕਿਸੇ ਟਰੈਵਲ ਏਜੰਟ ਨੂੰ ਦੇ ਕੇ ਵਿਦੇਸ਼ ਚਲਿਆ ਜਾਵੇਗਾ ਤਾਂ ਇਹ ਵੀ ਤੇਰਾ ਨਿਰਾ ਵਹਿਮ ਹੈ। ਇਹ ਜ਼ਰੂਰੀ ਨਹੀਂ ਕਿ ਤੂੰ ਵਿਦੇਸ਼ 'ਚ ਸਹੀ ਸਲਾਮਤ ਪੁੱਜ ਜਾਵੇ। ਇਹ ਵੀ ਹੋ ਸਕਦਾ ਹੈ ਕਿ ਤੂੰ ਕਿਸੇ ਚੰਗੇ ਮੁਲਕ ਦੇ ਬਾਰਡਰ ਨੂੰ ਪਾਰ ਕਰਦਿਆਂ ਪੁਲਿਸ ਦੇ ਅੜਿੱਕੇ ਵੀ ਚੜ੍ਹ ਸਕਦੈ ਤੇ ਮਾਲਟਾ ਕਾਂਡ ਵਾਂਗ ਸਮੁੰਦਰ ਵਿਚ ਵੀ ਡੁੱਬ ਸਕਦੈ। ਇਸ ਲਈ ਐਡਾ ਵੱਡਾ ਰਿਸਕ ਲੈਣ ਦੀ ਕੀ ਲੋੜ ਹੈ। ਇਹੋ ਰੁਪਿਆ ਲੈ ਕੇ ਸਾਡੇ ਕੋਲ ਆ ਜਾ। ਅਸੀਂ ਆਪਣੇ ਹੀ ਡੇਰੇ ਦਾ ਜੁਗਾੜ ਬਣਾਵਾਂਗੇ। ਉਂਜ ਵੀ ਸਰਕਾਰ ਕਹਿੰਦੀ ਹੈ ਕਿ ਨੌਜਵਾਨਾਂ ਨੂੰ ਆਪਣੇ ਧੰਦੇ ਸ਼ੁਰੂ ਕਰਨੇ ਚਾਹੀਦੇ ਹਨ ਤੇ ਰੋਜ਼ਗਾਰ ਲਈ ਸਰਕਾਰ ਵੱਲ ਝਾਕ ਨਹੀਂ ਰੱਖਣੀ ਚਾਹੀਦੀ। ਆਪਣੇ ਨਾਲ ਦੇ ਪੰਜ ਸੱਤ ਨੌਜਵਾਨਾਂ ਨੂੰ ਨਾਲ ਰਲਾ ਲੈ। ਇਕ ਵਾਰੀ ਡੇਰਾ ਸਥਾਪਤ ਹੋ ਗਿਆ ਫਿਰ ਪੌਂ ਬਾਰ੍ਹਾਂ ਹਨ। ਪਹਿਲੇ ਕੁਝ ਦਿਨ ਸੰਗਤ ਲਈ ਲੰਗਰ ਦਾ ਪ੍ਰਬੰਧ ਪੱਲਿਓ ਕਰਨਾ ਪਵੇਗਾ ਫਿਰ ਤਾਂ ਆਪਣੇ ਆਪ ਲੋਕ ਰਸਦਾਂ ਲਈ ਤੁਰੇ ਆਉਣਗੇ। ਤੁਸੀਂ ਪੰਜਾਂ ਸੱਤਾਂ ਨੌਜਵਾਨਾਂ ਨੇ ਭਗਵੇਂ ਕੱਪੜੇ ਸੁਆ ਲੈਣੇ ਹਨ ਤੇ ਸਵੇਰੇ ਪਿੰਡ ਵੱਲ ਨਿਕਲ ਤੁਰਨਾ ਹੈ ਤੇ ਪਿੰਡ-ਪਿੰਡ ਜਾ ਕੇ ਇਹੋ ਪ੍ਰਚਾਰ ਕਰਨਾ ਹੈ ਕਿ ਪਹੁੰਚੇ ਹੋਏ ਸੰਤ ਆਏ ਹਨ। ਜੋ ਜਾਣੀ ਜਾਣ ਹਨ ਤੇ ਲੋਕ ਪ੍ਰਲੋਕ ਦਾ ਹਾਲ ਦੱਸਦੇ ਹਨ।

ਬਸ ਫਿਰ ਸੰਗਤ ਤੁਰ ਪਵੇਗੀ। ਮੀਟ ਤੇ ਸ਼ਰਾਬ ਦਾ ਜਿੰਮਾ ਸਾਡਾ ਹੋਵੇਗਾ। ਕਿਸੇ ਰਾਜਨੀਤਕ ਨੇਤਾ ਤੋਂ ਡੇਰੇ ਦੀ ਨਵੀਂ ਬਣਨ ਵਾਲੀ ਇਮਾਰਤ ਦਾ ਨੀਂਹ ਪੱਥਰ ਰਖਵਾ ਲਵਾਂਗੇ। ਫਿਰ ਇਹ ਕਾਰ ਸੇਵਾ ਦੀ ਲੜੀ ਚਲਦੀ ਰਹੇਗੀ। ਇਹ ਕਾਰ ਸੇਵਾ ਰਾਹੀਂ ਡੇਰੇ ਦੀ ਬਹੁਕਰੋੜੀ ਇਮਾਰਤ ਬਣਾਉਣ 'ਚ ਦਸ ਵੀਹ ਸਾਲ ਤਾਂ ਲੱਗ ਹੀ ਜਾਣਗੇ। ਇਹ ਕੋਈ ਸਰਕਾਰੀ ਇਮਾਰਤ ਨਹੀਂ ਹੋਵੇਗੀ ਕਿ ਜਿਸ ਨੂੰ ਮੁਕੰਮਲ ਕਰਨ ਲਈ ਸਾਲਾਂ-ਬੱਧੀ ਕੰਮ ਕੀਤਾ ਜਾਂਦਾ ਹੈ।

ਇਸ ਇਮਾਰਤ 'ਚ ਲੱਗਣ ਵਾਲਾ ਮਾਰਬਲ ਤਾਂ ਇਟਲੀ ਤੋਂ ਮੰਗਾਵਾਉਣਾ ਪਵੇਗਾ ਤੇ ਹੋਰ ਸੈਨੇਟਰੀ ਦਾ ਸਮਾਨ ਪੈਰਿਸ ਜਾਂ ਜਰਮਨੀ ਤੋਂ। ਸਾਰੀ ਬਿਲਡਿੰਗ ਏਸੀ ਹੋਵੇਗੀ ਤਾਂ ਕਿ ਸੰਗਤਾਂ ਦੀ ਪਰਮਾਤਮਾ ਨਾਲ ਚੰਗੀ ਲਿਵ ਲੱਗ ਸਕੇ। ਬਸ ਹੁਣ ਦੇਰ ਨਾ ਕਰ ਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਸਾਡੇ ਕੋਲ ਆ ਜਾ ਤਾਂ ਜੋ ਆਉਂਦੀ ਪੂਰਨਮਾਸ਼ੀ ਨੂੰ ਡੇਰੇ ਦਾ ਮੁੱਢ ਬੰਨ੍ਹ ਦੇਈਏ। •

# ਪੁਸਤਕ ਚਰਚਾ

ਸ਼ਾਇਰ ਗੁਰਬਚਨ ਸਿੰਘ ਲਾਡਪੁਰੀ ਦੀ ਹਥਲੀ ਪੁਸਤਕ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਇਕ ਦਰਜਨ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਪਰ ਸ਼ਾਇਰ ਦੀ ਐਨੀ ਕਾਵਿ ਸਿਰਜਣਾ ਦੇ ਬਾਵਜੂਦ ਆਲੋਚਕਾਂ ਵੱਲੋਂ ਖ਼ਾਸ ਨੋਟਿਸ ਨਹੀਂ ਲਿਆ ਗਿਆ। ਇਸ ਕਾਵਿ ਸੰਗ੍ਰਹਿ ਵਿਚ 60 ਗ਼ਜ਼ਲਾਂ, 32 ਗੀਤ, ਪਠਾਨਕੋਟ ਕਾਂਡ ਦੀ ਇਕ ਵਾਰ ਤੇ ਕੁਝ ਹੋਰ ਫੁਟਕਲ ਕਵਿਤਾਵਾਂ ਹਨ। ਤਤਕਰੇ ਵਿਚ ਇਸ ਵਰਗ ਵੰਡ ਦਾ ਕੋਈ ਜ਼ਿਕਰ ਨਹੀਂ ਹੈ। ਇਸ ਬਾਰੇ ਹਰੇਕ ਰਚਨਾ ਦੇ ਸਿਰਲੇਖ ਨਾਲ ਲਿਖਿਆ ਗਿਆ ਹੈ। ਇਹ ਸਭ ਕੁਝ ਰਲ ਗਡ ਜਿਹਾ ਹੈ। ਕਦੇ ਗ਼ਜ਼ਲ ਹੈ ਕਦੇ ਗੀਤ ਕਦੇ ਬੈਂਤ। ਅਸਲ ਵਿਚ ਇਹ ਸਭ ਕੁਝ ਵੱਖਰਾ-ਵੱਖਰਾ ਚਾਹੀਦਾ ਸੀ।

ਗ਼ਜ਼ਲ ਭਾਗ, ਕਵਿਤਾ ਭਾਗ ਤੇ ਗੀਤ। ਖੈਰ! ਪੁਸਤਕ ਦੀਆਂ ਰਚਨਾਵਾਂ ਦੀ ਮੁਖ ਸੁਰ ਲਲਕਾਰ ਹੈ। ਇਸ ਸ਼ਬਦ ਦੀ ਵਰਤੋਂ ਅਕਸਰ ਕੀਤੀ ਗਈ ਹੈ। ਸ਼ਾਇਰ ਦਾ ਅਸਲ ਮੰਤਵ ਹੈ ਮਨੁੱਖ ਵਿਚ ਸਵੈਵਿਸ਼ਵਾਸ, ਵਤਨਪ੍ਰਸਤੀ ਤੇ ਨਿਡਰਤਾ ਜਿਹੇ ਗੁਣ ਭਰਨਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ ਤੇਜਵੰਤ ਮਾਨ ਨੇ ਪੁਸਤਕ ਬਾਰੇ ਲਿਖਦੇ ਹੋਏ ਰਚਨਾਵਾਂ ਨੂੰ ਲਲਕਾਰ ਤੇ ਕਿਲਕਾਰੀ ਦਾ ਦਵੰਦ ਕਾਵਿ ਕਿਹਾ ਹੈ। ਅਸਲ ਵਿਚ ਇਹ ਦਵੰਦ ਮਨੁੱਖ ਦੀ ਅੰਦਰਲੀ ਮਾਨਸਿਕਤਾ ਦਾ ਹੈ। ਸ਼ਾਇਰ ਸਮਾਜਿਕ ਤਬਦੀਲੀ ਲਿਆਉਣ ਦਾ ਇਛੁੱਕ ਹੈ।

*ਲਲਕਾਰ ਜਦੋਂ ਵੀ ਪੈਂਦੀ ਹੈ*
*ਤਕਦੀਰ ਬਦਲਦੀ ਕੌਮਾਂ ਦੀ*
*ਕੋਈ ਨਵੀਂ ਹੀ ਘਾੜਤ ਘੜ ਜਾਂਦੀ*
*ਤਸਵੀਰ ਬਦਲਦੀ ਕੌਮਾਂ ਦੀ।*

ਰਚਨਾਵਾਂ ਦੇ ਵਿਸ਼ੇ ਵੰਨ ਸੁਵੰਨੇ ਹਨ। ਇਨ੍ਹਾਂ ਵਿਚ ਵਤਨਪ੍ਰਸਤੀ, ਦੇਸ਼ ਭਗਤੀ, ਨਸ਼ਿਆਂ ਦੀ ਭਰਮਾਰ, ਪੰਜਾਬੀਅਤ, ਪੰਜਾਬੀਆਂ ਦੇ ਗੁਣ ਤੇ ਬਹੁਮੁਲੀ ਵਿਰਾਸਤ ਨੂੰ ਸ਼ਾਇਰ ਨੇ ਕਲਮ ਦੀ ਨੋਕ 'ਤੇ ਲਿਆਂਦਾ ਹੈ। ਪੰਨਾ 90 ਦੀ ਵਾਰ ਦੀ ਸੁਰ ਤਿੱਖੀ ਹੈ ਤੇ ਸ਼ਬਦਾਵਲੀ ਖੜਕਵੀਂ ਹੈ। ਕਵਿਤਾ ਵਿਚ ਕਿਸਾਨੀ ਮਸਲੇ ਵੀ ਸ਼ਿੱਦਤ ਨਾਲ ਲਿਖੇ ਹਨ। ਪਰ ਇਨ੍ਹਾਂ ਮਸਲਿਆਂ ਨੂੰ ਹਲ ਕਰਨ ਲਈ ਏਕਤਾ ਅਤੇ ਲਲਕਾਰ ਦਾ ਰਸਤਾ ਵਿਖਾਇਆ ਹੈ। ਸ਼ਾਇਰ ਪੰਜਾਬੀ ਬੋਲੀ ਬਾਰੇ ਚਿੰਤਤ ਹੈ ਤੇ ਗ਼ੈਰਤਮਈ ਜੀਵਨ ਜਿਊਣ ਦੀ ਆਸ ਰੱਖਦਾ ਹੈ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ




ਫੋਟੋਕਾਰੀ ਅਤੇ ਕਲਮਕਾਰੀ ਦਾ ਨੇੜਲਾ ਰਿਸ਼ਤਾ ਹੁੰਦਾ ਹੈ। ਦੋਵੇਂ ਹੀ ਸੰਵੇਦਨਸ਼ੀਲ ਮਨ ਦੀ ਉਪਜ ਹਨ। ਰਵਿੰਦਰ ਰਵੀ ਮੂਲ ਤੌਰ 'ਤੇ ਫੋਟੋਗ੍ਰਾਫਰ ਹੈ ਤੇ ਸ਼ੌਕ ਵਜੋਂ ਕਵੀ। ਉਸ ਦੀ ਕਲਮ 'ਚੋਂ ਦੋ ਕਾਵਿ ਸੰਗ੍ਰਹਿ ਅਤੇ ਦੋ ਗਜ਼ਲਾਂ-ਸ਼ਿਅਰਾਂ ਦੀਆਂ ਤਸਵੀਰਾਂ ਵਾਲੀਆਂ ਪੁਸਤਕਾਂ ਵੀ ਹੋਂਦ ਵਿਚ ਆਈਆਂ ਹਨ। ਜਿੱਥੇ ਉਸ ਨੇ ਅਜੋਕੀਆਂ ਸੰਵੇਦਨਸ਼ੀਲ ਤੇ ਤ੍ਰਾਸਦਿਕ ਸਥਿਤੀਆਂ ਨੂੰ ਤਸਵੀਰਾਂ ਰਾਹੀਂ ਕਈ ਅਰਥ ਪ੍ਰਦਾਨ ਕੀਤੇ ਹਨ, ਉੱਥੇ ਉਸ ਦੇ ਕਾਵਿਕ ਮਨ ਨੇ ਸ਼ਬਦਾਂ ਰਾਹੀਂ ਉਨ੍ਹਾਂ ਦੀ ਖ਼ੂਬਸੂਰਤ ਮੰਜ਼ਰਕਸ਼ੀ ਵੀ ਕੀਤੀ ਹੈ। ਰਵੀ ਨੇ ਇਕੋ ਸਮੇਂ ਗ਼ਜ਼ਲਾਂ-ਗੀਤਾਂ ਤੇ ਕਵਿਤਾਵਾਂ ਰਾਹੀਂ ਆਪਣੇ ਸੂਖ਼ਮ ਤੇ ਸੰਵੇਦਨਸ਼ੀਲ ਭਾਵਨਾਵਾਂ ਦੀ ਤਰਜਮਾਨੀ ਕੀਤੀ ਹੈ। ਇਨ੍ਹਾਂ ਕਾਵਿਕ ਰਚਨਾਵਾਂ ਵਿਚ ਸਮਕਾਲੀ ਸਮਾਜ ਦੀਆਂ ਵਿਸੰਗਤੀਆਂ ਅਤੇ ਉਨ੍ਹਾਂ ਤੋਂ ਉੱਪਜੇ ਪ੍ਰਤੀਕਰਮ ਵੀ ਦਰਜ ਹਨ।

ਰਵੀ ਜਿਵੇਂ ਲੈਨਜ਼ ਦੀ ਅੱਖ ਰਾਹੀਂ ਭੌਤਿਕ ਤੇ ਸਥੂਲ ਵਸਤਾਂ ਨੂੰ ਵੱਖੋ ਵੱਖਰੇ ਐਂਗਲ ਤੋਂ ਫੜਨ ਦੀ ਕੋਸ਼ਿਸ਼ ਕਰਦਾ ਹੈ, ਉਵੇਂ ਹੀ ਕਲਮ ਦੀ ਅੱਖ ਰਾਹੀਂ ਆਪਣੇ ਆਲੇ ਦੁਆਲੇ ਅਣਦਿਸਦੇ ਪਰ ਪੂਰੀ ਸ਼ਿੱਦਤ ਨਾਲ ਵਾਪਰਦੇ ਨੂੰ ਆਪਣੀ ਸ਼ਾਇਰੀ ਦੀ ਗ੍ਰਿਫਤ ਵਿਚ ਲੈਣ ਦੀ ਸਫਲ ਕੋਸ਼ਿਸ਼ ਕਰਦਾ ਹੈ। ਸਾਈਡ ਪੋਜ ਦਰਅਸਲ ਉਨ੍ਹਾਂ ਨੂੰ ਮੰਜ਼ਰਾਂ ਅਤੇ ਸਥਿਤੀਆਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਉਪਰਾਲਾ ਹੈ ਜੋ ਰਵਿੰਦਰ ਰਵੀ ਦੀ ਬਹੁਵਿਧਾਵੀ ਪ੍ਰਤਿਭਾ ਦਾ ਜ਼ਾਮਨ ਬਣਦਾ ਹੈ। ਅਜੋਕੇ ਡਿਜੀਟਲ ਯੁੱਗ ਵਿਚ ਆਪਣੇ ਤੋਂ ਬੇਮੁੱਖ ਹੁੰਦੇ ਜਾਂਦੇ ਮਨੁੱਖ ਨੂੰ ਉਸ ਦੀ ਅਸਲ ਤਸਵੀਰ ਵਿਖਾਉਣ ਅਤੇ ਮਨ ਅੰਦਰਲੀਆਂ ਕੋਮਲ ਭਾਵਨਾਵਾਂ ਦੀ, ਉਨ੍ਹਾਂ ਦੇ ਸਹੀ ਸੰਦਰਭ ਵਿਚ ਤਰਜਮਾਨੀ ਕਰਨ ਵਿਚ ਸਫਲ ਹੋਇਆ ਹੈ ਰਵਿੰਦਰ ਰਵੀ। ਸਹਿਜਤਾ, ਸਰਲਤਾ ਤੇ ਭਾਵਨਾਵਾਂ ਦੀ ਰਵਾਨਗੀ ਇਨ੍ਹਾਂ ਕਾਵਿ ਵੰਨਗੀਆਂ ਵਿਚ ਤਰਲਤਾ ਭਰਦੀ ਹੈ। ਰਵੀ ਦੀ ਕਵਿਤਾ ਉਸ ਦੀ ਫੋਟੋਗ੍ਰਾਫੀ ਵਾਂਗ ਬਹੁਤ ਅਰਥੀ ਹੈ ਜੋ ਸਾਨੂੰ ਅਰਥਭਰਪੂਰ ਸੰਦੇਸ਼ ਦਿੰਦੀ ਹੈ। ਪੁਸਤਕ ਵਧੀਆ ਪ੍ਰਕਾਸ਼ਤ ਹੋਈ ਹੈ।

• ਧਰਮਪਾਲ ਸਾਹਿਲ




ਗ਼ਜ਼ਲ ਲਿਖਣ ਲੱਗੇ ਬਹੁਤੇ ਸ਼ਾਇਰ ਸ਼ਿਅਰਾਂ ਵਿਚ ਔਖੇ-ਔਖੇ ਉਰਦੂ ਦੇ ਸ਼ਬਦਾਂ ਦੀ ਗ਼ੈਰ ਜ਼ਰੂਰੀ ਵਰਤੋਂ ਕਰ ਕੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ ਪਰ ਇਸ ਦਾ ਅਸਰ ਉਲਟਾ ਹੁੰਦਾ ਹੈ। ਅਜਿਹੀ ਭਾਸ਼ਾ ਸ਼ੈਲੀ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਦੀ ਹੋਣ ਕਰਕੇ ਉਹ ਸਾਹਿਤ ਤੋਂ ਮੁੱਖ ਮੋੜ ਰਹੇ ਹਨ ਕਿਉਂਕਿ ਸ਼ਾਇਰ ਕੀ ਕਹਿਣਾ ਚਾਹੁੰਦਾ ਹੈ, ਉਸ ਨੂੰ ਸਮਝ ਨਹੀਂ ਆਉਂਦਾ। ਇਨ੍ਹਾਂ ਲੇਖਕਾਂ ਤੋਂ ਵੱਖਰੀ ਇਕ ਧਿਰ ਸਾਹਿਤਕ ਖੇਤਰ ਵਿਚ ਆਪਣਾ ਯੋਗਦਾਨ ਪਾ ਰਹੀ ਹੈ, ਜਿਸ ਦਾ ਮਕਸਦ ਆਮ ਲੋਕਾਂ ਦੇ ਪੱਧਰ ਦੀ ਭਾਸ਼ਾ ਹੀ ਨਹੀਂ ਉਨ੍ਹਾਂ ਦੇ ਜੀਵਨ ਦੀਆਂ ਚੰਗੀਆਂ-ਮਾੜੀਆਂ ਸਥਿਤੀਆਂ ਨੂੰ ਵੀ ਆਪਣੀ ਲੇਖਣੀ ਰਾਹੀਂ ਬਿਆਨ ਕਰਨਾ ਹੈ।

ਮਘਦਾ ਸੂਰਜ ਮਹਿੰਦਰ ਸਿੰਘ ਮਾਨ ਦਾ ਲੋਕ ਹਿੱਤਕਾਰੀ ਗ਼ਜ਼ਲ ਸੰਗ੍ਰਹਿ ਹੈ। ਉਸ ਨੇ ਆਪਣੇ ਇਸ ਸੰਗ੍ਰਹਿ ਵਿਚ ਪੰਜਾਬ ਦੀ ਜਵਾਨੀ ਦਾ ਨਸ਼ਿਆਂ ਦੀ ਦਲਦਲ ਵਿਚ ਗਰਕਣ, ਬਜ਼ੁਰਗਾਂ ਦੀ ਉਨ੍ਹਾਂ ਦੇ ਹੀ ਬੱਚਿਆਂ ਵੱਲੋਂ ਕੀਤੀ ਜਾ ਰਹੀ ਦੁਰਗਤੀ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਜਾਤ ਪਾਤ ਕਾਰਨ ਮਨੁੱਖ ਦਾ ਮਨੁੱਖ ਨਾਲ ਵੰਡਿਆ ਜਾਣਾ, ਪਦਾਰਥਵਾਦੀ ਯੁੱਗ ਵਿਚ ਬੰਦੇ ਦਾ ਬੰਦੇ ਨੂੰ ਲਿਤਾੜ ਕੇ ਅੱਗੇ ਲੰਘਣਾ, ਦੋ ਨੰਬਰ ਦੇ ਧੰਦਿਆਂ ਨਾਲ ਬਣਾਏ ਪੈਸੇ ਦੀ ਗੱਲ ਕੀਤੀ ਹੈ। ਇਨ੍ਹਾਂ ਵਿਸ਼ਿਆਂ ਦੇ ਨਾਲ-ਨਾਲ ਉਸ ਨੂੰ ਆਪਣੇ ਚੁਗਿਰਦੇ ਦੀ ਵੀ ਚਿੰਤਾ ਸਤਾਉਂਦੀ ਹੈ। ਉਹ ਮੁੱਲਾ, ਪੰਡਤ ਜਾਂ ਤੰਤਰ-ਮੰਤਰ ਦੇ ਕਰਕੇ ਅੰਧ-ਵਿਸ਼ਵਾਸਾਂ ਵਿਚ ਫਸ ਰਹੀ ਇਨਸਾਨੀਅਤ ਨੂੰ ਬਚਾਉਣ ਦਾ ਹੋਕਾ ਦਿੰਦਾ ਨਜ਼ਰ ਆਉਂਦਾ ਹੈ। ਦੇਖੋ ਮਾਨ ਦਾ ਸ਼ਿਅਰ :

*ਮੈਂ ਹਾਂ ਦਰਿਆ ਵਾਂਗਰ*
*ਤੇ ਤੂੰ ਏਂ ਵਾਂਗ ਨਦੀ,*
*ਛੱਡ ਰਾਹ ਆਪਣਾ,*
*ਤੇਰੇ 'ਚ ਕਿਵੇਂ ਰਲ ਜਾਵਾਂਗਾ ਮੈਂ?*

ਬੇਸ਼ੱਕ ਹੱਥਲਾ ਗ਼ਜ਼ਲ ਸੰਗ੍ਰਹਿ ਮਹਿੰਦਰ ਮਾਨ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ ਪਰ ਇਸ ਤੋਂ ਪਹਿਲਾਂ ਪੰਜ ਹੋਰ ਕਾਵਿ ਸੰਗ੍ਰਹਿ ਪਾਠਕਾਂ ਨੂੰ ਦੇ ਚੁੱਕਾ ਹੈ। ਮਘਦਾ ਸੂਰਜ ਨਾਲ ਉਹ ਪਰਪੱਕ ਗ਼ਜ਼ਲਗੋਆਂ ਦੀ ਕਤਾਰ ਵਿਚ ਆ ਖਲੋਇਆ ਹੈ।




ਵੀਹਵੀਂ ਸਦੀ ਦੇ ਮਹਾਨ ਚਿੰਤਕਾਂ ਵਿੱਚੋਂ ਇਕ ਨਾਂ ਪੰਡਿਤ ਰਾਹੁਲ ਸੰਕਰਤਿਆਇਨ ਦਾ ਹੈ। ਉਸ ਨੂੰ ਪੜ੍ਹਨ ਤੇ ਸਮਝਣ ਦਾ ਅਰਥ ਹੈ ਗਿਆਨ ਦੇ ਵਿਸ਼ਾਲ ਸਮੁੰਦਰ ਵਿਚ ਗਹਿਰਾਈ ਤਕ ਜਾਣਾ। ਰਾਹੁਲ ਇਕ ਅਜਿਹੀ ਸ਼ਖ਼ਸੀਅਤ ਸੀ, ਜਿਸ ਨੂੰ ਕਿਸੇ ਵਿਸ਼ੇਸ਼ ਘੇਰੇ ਵਿਚ ਨਹੀਂ ਸੀ ਬੰਨ੍ਹਿਆ ਜਾ ਸਕਦਾ। ਉਹ ਦਾਰਸ਼ਨਿਕ, ਕਮਿਊਨਿਸਟ, ਬੋਧੀ, ਆਰੀਆ ਸਮਾਜੀ, ਘੁਮੱਕੜ, ਇਤਿਹਾਸਕਾਰ ਦੇ ਭੇਸ ਵਿਚ ਪਾਠਕਾਂ ਦੇ ਸਾਹਮਣੇ ਆਉਂਦਾ ਹੈ। ਉਸ ਨੇ ਦੋ ਸੌ ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ। ਛੱਤੀ ਭਾਸ਼ਾਵਾਂ ਦੇ ਜਾਣਕਾਰ ਰਾਹੁਲ ਨੂੰ ਜਿੰਨਾ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇ ਉਹ ਓਨਾ ਹੀ ਹੋਰ ਗਹਿਰਾ ਹੁੰਦਾ ਜਾਂਦਾ ਹੈ। ਹੱਥਲੀ ਪੁਸਤਕ ਵਿਚ ਉਸ ਦੇ ਪੰਦਰਾਂ ਚੋਣਵੇਂ ਲੇਖ ਸ਼ਾਮਲ ਹਨ। ਇਨ੍ਹਾਂ ਲੇਖਾਂ ਨੂੰ ਬਹੁਤ ਹੀ ਖ਼ੂਬਸੂਰਤ ਭਾਸ਼ਾ ਸ਼ੈਲੀ ਵਿਚ ਗੁਰਬਖਸ਼ ਜੱਸ ਨੇ ਅਨੁਵਾਦ ਕੀਤਾ ਹੈ। ਲੇਖਕ ਨੇ ਅਨੁਵਾਦ ਦਾ ਕਾਰਜ ਕਰਦੇ ਸਮੇਂ ਮੂਲ ਵਿਚਾਰਾਂ ਦੀ ਰੂਹ ਨੂੰ ਹੂਬਹੂ ਕਾਇਮ ਰੱਖਿਆ ਹੈ।

ਕਹਿਣ ਤੋਂ ਭਾਵ ਜੱਸ ਦੀ ਅਨੁਵਾਦ ਕੁਸ਼ਲਤਾ ਦਾ ਪ੍ਰਮਾਣ ਪੁਸਤਕ ਵਿੱਚੋਂ ਝਲਕਦਾ ਹੈ। ਰਾਹੁਲ ਨੇ ਹੱਥਲੀ ਪੁਸਤਕ ਦੀਆਂ ਰਚਨਾਵਾਂ ਰਾਹੀਂ ਭਾਰਤੀ ਰੂੜੀਆਂ ਵਿਰੁੱਧ ਸੰਘਰਸ਼ ਕੀਤਾ ਹੈ ਤੇ ਉਸ ਨੇ ਇਨ੍ਹਾਂ ਰੂੜੀਆਂ ਦੀਆਂ ਸੱਚਾਈਆਂ ਤੋਂ ਪਾਠਕਾਂ ਨੂੰ ਜਾਣੂ ਕਰਾਇਆ ਹੈ। ਪੁਸਤਕ ਦਾ ਅਧਿਐਨ ਕਰਨ ਉਪਰੰਤ ਇਹ ਅਹਿਸਾਸ ਹੁੰਦਾ ਹੈ ਕਿ ਪੁਸਤਕ ਦਾ ਆਰੰਭਕ ਲੇਖ 'ਦਿਮਾਗ਼ੀ ਗੁਲਾਮੀ' ਲੇਖ ਦੀ ਬਾਕੀ ਸਾਰੇ ਲੇਖਾਂ ਵਿਚ ਵਿਆਖਿਆ ਕੀਤੀ ਗਈ ਹੈ।

ਅਜੋਕੇ ਸਮੇਂ ਵਿਚ ਕਈ ਪਾਠਕਾਂ ਨੂੰ ਇਹ ਲੇਖ ਓਪਰੇ-ਓਪਰੇ ਵੀ ਲੱਗ ਸਕਦੇ ਹਨ, ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਲੇਖ 1953-54 ਦੇ ਆਸ ਪਾਸ ਲਿਖੇ ਗਏ ਹਨ। ਇਹ ਪ੍ਰਸੰਗ ਵਿਚ ਅਜਿਹਾ ਹੋਣਾ ਸੁਭਾਵਿਕ ਹੈ ਕਿਉਂਕਿ ਹੁਣ ਬਹੁਤੀਆਂ ਰੂੜੀਆਂ ਬਦਲ ਚੁੱਕੀਆਂ ਹਨ ਜਾਂ ਖ਼ਤਮ ਹੋ ਚੁੱਕੀਆਂ ਹਨ। ਪੁਸਤਕ ਵਿਚ ਹੋਰ ਛੋਟੀਆਂ-ਛੋਟੀਆਂ ਕਮੀਆਂ ਤੋਂ ਇਲਾਵਾ ਪਰੂਫ਼ ਰੀਡਿੰਗ ਦੀਆਂ ਗ਼ਲਤੀਆਂ ਵੀ ਰੜਕਦੀਆਂ ਹਨ। ਇਨ੍ਹਾਂ ਕਮੀਆਂ ਦੇ ਬਾਵਜੂਦ ਇਹ ਪੁਸਤਕ ਸਭ ਦੇ ਪੜ੍ਹਨ ਅਤੇ ਸਾਂਭਣਯੋਗ ਹੈ। ਪੁਸਤਕ ਦਾ ਸਵਾਗਤ ਹੈ।

• ਜਸਵਿੰਦਰ ਦੁਹੜਾ



# ਮਨੀ ਐਕਸਚੇਂਜਰ ਤੋਂ 20 ਲੱਖ ਲੁੱਟਣ ਵਾਲੇ 6 ਮੁਲਜ਼ਮ ਕਾਬੂ



ਪਟਿਆਲਾ, 18 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

15 ਦਿਨ ਪਹਿਲਾਂ ਇਥੇ ਮਨੀ ਐਕਸਚੇਂਜਰ ਜਸਦੀਪ ਸਿੰਘ ਦੇ ਸਿਰ ‘ਚ ਸੱਟ ਮਾਰ ਕੇ ਉਸ ਤੋਂ 20 ਲੱਖ ਰੁਪਏ ਲੁੱਟਣ ਦੇ ਮਾਮਲੇ ਨੂੰ ਪੁਲੀਸ ਨੇ ਮੁਲਜ਼ਮਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਸਾਰੇ ਛੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਲੁੱਟ ਦੇ 20 ਲੱਖ ਰੁਪਏ ਬਰਾਮਦ ਕਰ ਲਏ ਹਨ।

ਅੱਜ ਇਥੇ ਪ੍ਰੈਸ ਕਾਨਫਰਸ ਦੌਰਾਨ ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਥਾਣਾ ਤ੍ਰਿਪੜੀ ਦੇ ਐੱਸਐੱਚਓ ਇੰਸਪੈਕਟਰ ਗੁਰਪ੍ਰੀਤ ਸਿੰਘ ਭਿੰਡਰ ਤੇ ਸੀਆਈਏ ਇੰਚਾਰਜ ਸ਼ਮਿੰਦਰ ਸਿੰਘ ਵੱਲੋਂ ਐੱਸਪੀ (ਸਿਟੀ) ਸਰਫ਼ਰਾਜ਼ ਆਲਮ, ਐੱਸਪੀ ਡੀ. ਯੋਗੇਸ਼ ਸ਼ਰਮਾ ਡੀਐੱਸਪੀ ਡੀ. ਅਵਤਾਰ ਸਿੰਘ ਅਤੇ ਡੀਐੱਸਪੀ ਸਿਟੀ-ਟੂ ਜੰਗਜੀਤ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਕਾਰਵਾਈ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ।

ਕਾਬੂ ਕੀਤੇ ਮੁਲਜ਼ਮਾਂ ਵਿੱਚ ਚਮਕੌਰ ਸਿੰਘ ਨਨੂੰ ਵਾਸੀ ਭਾਦਸੋ, ਸੁਪਿੰਦਰ ਸਿੰਘ ਸਿੱਪੀ, ਸ਼ਮਸ਼ਾਦ ਉਰਫ ਅਤੁਲ, ਅੰਕਿਤ ਗੁਗਲੀ, ਤਰੁਣ ਚੌਹਾਨ ਅਤੇ ਅਮਿਤ ਕੁਮਾਰ ਵਾਸੀ ਪਟਿਆਲਾ ਸ਼ਾਮਲ ਹਨ।

## ਈ. ਓ. ਗੋਨਿਆਣਾ ਅਤੇ ਡੀ. ਸੀ ਬਠਿੰਡਾ ਹਾਈ ਕੋਰਟ ਦੇ ਹੁਕਮਾਂ ਨੂੰ ਜਾਣਦੇ ਹਨ ਟਿੱਚ

ਬਠਿੰਡਾ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਗੋਨਿਆਣਾ ਮੰਡੀ ਵਿੱਚ ਪਿਛਲੇ ਲੰਬੇ ਸਮੇਂ ਤੋਂ ਨਾਜਾਇਜ ਕਬਜਿਆਂ ਦਾ ਮੁੱਦਾ ਅਕਸਰ ਭਖਦਾ ਆ ਰਿਹਾ ਹੈ ਪ੍ਰੰਤੂ ਪ੍ਰਸ਼ਾਸ਼ਨ ਵੱਲੋ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਕੁਛ ਮਹੀਨਿਆ ਤੋਂ ਲਗਾਤਾਰ ਕਾਫੀ ਅਰਜੀਆ ਈ .ਓ. ਗੋਨਿਆਣਾ ਨੂੰ ਦਿੱਤੀਆਂ ਗਈਆਂ ਅਤੇ ਕਾਰਵਾਈ ਨਾ ਹੁੰਦੀ ਦੇਖ ਏ.ਡੀ.ਸੀ. ਸ਼ਹਿਰੀ ਅਤੇ ਜਨਰਲ ਨੂੰ ਵੀ ਲਿਖਤੀ ਬੇਨਤੀ ਕੀਤੀ ਗਈ ਅਤੇ ਡੀ.ਸੀ ਬਠਿੰਡਾ ਨੂੰ ਮਿਲ ਕੇ ਵੀ ਨਾਜਾਇਜ ਕਬਜਿਆਂ ਉੱਤੇ ਆਏ ਹਾਈ ਕੋਰਟ ਦੇ ਫੈਸਲਿਆਂ ਸਬੰਧੀ ਜਾਣੂ ਕਰਵਾਇਆ ਗਿਆ ਪ੍ਰੰਤੂ ਕਿਸੇ ਵੀ ਅਧਿਕਾਰੀ ਉੱਤੇ ਕਿਸੇ ਤਰ੍ਹਾਂ ਦਾ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਸਮਾਜ ਸੇਵੀਆਂ ਵੱਲੋ ਦਿੱਤੀ ਹੋਈ ਅਰਜ਼ੀ ਵਿੱਚ ਸਮੁੱਚੇ ਮਸਲੇ ਨੂੰ ਵਿਸਥਾਰ ਨਾਲ ਲਿਖਿਆ ਹੋਇਆ ਹੈ ਕਿ ਮੰਡੀ ਵਿਚ ਬਹੁਤ ਸਾਰੀਆਂ ਥਾਵਾਂ ਉੱਤੇ ਸਰਕਾਰੀ ਫੁੱਟਪਾਥਾਂ ਉੱਤੇ ਅਤੇ ਗਲੀਆਂ ਵਿੱਚ ਲੋਕਾਂ ਵੱਲੋ ਨਾਜਾਇਜ਼ ਕਬਜੇ ਕੀਤੇ ਹੋਏ ਹਨ ਜੋ ਕੇ ਆਮ ਜਨਤਾ ਦੇ ਲਈ ਇਕ ਵੱਡੀ ਸਮੱਸਿਆ ਬਣੇ ਹੋਏ ਹਨ ਗੋਨਿਆਣਾ ਮੰਡੀ ਵਿੱਚ ਦਾਖਲ ਹੁੰਦੇ ਸਮੇਂ ਹਨੂੰਮਾਨ ਮੰਦਿਰ ਤੋਂ ਲੈਕੇ ਬੱਸ ਸਟੈਂਡ ਤਕ ਕਈ ਦੁਕਾਨਦਾਰਾਂ ਵੱਲੋ ਤਾ ਪੱਕੇ ਸ਼ੈਡ ਬਣਾ ਲਏ ਗਏ ਹਨ ਅਤੇ ਕਈ ਦੁਕਾਨਦਾਰ ਆਪਣਾ ਬਜਰੀ ਬਰੇਤੀ ਸਾਲਾਂ ਤੋਂ ਰੋਡ ਉੱਤੇ ਰੱਖ ਰਹੇ ਹਨ ਜੋਂ ਅਕਸਰ ਹੀ ਦੁਰਘਟਨਾ ਦਾ ਕਾਰਨ ਵੀ ਬਣਦੇ ਹਨ ਅੱਗੇ ਪੂਰੇ ਮਾਲ ਰੋਡ ਉੱਤੇ ਹੀ ਬਹੁ ਗਿਣਤੀ ਦੁਕਾਨਦਾਰਾਂ ਵੱਲੋ ਪੱਕੀਆ ਲੋਹੇ ਅਤੇ ਸਟੀਲ ਦੀਆ ਗਰੀਲਾਂ ਲਗਾ ਕੇ ਫੁੱਟ ਪਾਥ ਨੂੰ ਰੋਕਿਆ ਗਿਆ ਹੈ ਅਤੇ ਹਰ ਰੋਜ ਆਪਣਾ ਸਮਾਨ ਦੁਕਾਨ ਤੋਂ ਬਾਹਰ ਲਗਾ ਕੇ ਆਮ ਜਨਤਾ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਫੁੱਟਪਾਥਾਂ ਉੱਤੇ ਲੱਗੀਆ ਸਰਕਾਰੀ ਟਾਇਲਾ ਨੂੰ ਉੱਚਾ ਨੀਵਾਂ ਕਰ ਦਿੱਤਾ ਹੈ।

# .ਗਦਰੀ ਸ਼ਹੀਦ ਊਧਮ ਸਿੰਘ ਦਾ ਸੁਨਾਮ ਵਿਖੇ ਬਹਾਦਰੀ ਦਿਵਸ ਮਨਾਇਆ



ਸੁਨਾਮ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦ ਊਧਮ ਸਿੰਘ ਕੰਬੋਜ ਇੰਟਰਨੈਸ਼ਨਲ ਮਹਾਂ ਸਭਾ ਅਤੇ ਸ਼ਹੀਦ ਊਧਮ ਸਿੰਘ ਕੰਬੋਜ ਯਾਦਗਾਰ ਕਮੇਟੀ ਸੁਨਾਮ ਵੱਲੋਂ 13 ਮਾਰਚ 1940 ਨੂੰ ਲੰਦਨ ਦੇ ਕੈਕਸਟਨ ਹਾਲ ਵਿੱਚ ਜਲਿਆਂ ਵਾਲੇ ਬਾਗ ਵਿੱਚ ਖ਼ੂਨੀ ਸਾਕੇ ਦੇ ਮੁੱਖ ਦੋਸ਼ੀ ਪੰਜਾਬ ਦੇ ਸਾਬਕਾ ਗਵਰਨਰ ਮਾਈਕਲ ਓਡਵਾਇਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਬ੍ਰਿਟਿਸ਼ ਸਾਮਰਾਜ ਦੇ ਥੰਮ੍ਹ ਹਿਲਾਉਣ ਵਾਲੇ ਸ਼ਹੀਦੇ ਆਜ਼ਮ ਸਰਦਾਰ ਊਧਮ ਸਿੰਘ ਦੀ ਇਸ ਸੂਰਬੀਰਤਾ ਨੂੰ ਸਮਰਪਿਤ ਬਹਾਦਰੀ ਦਿਵਸ ਸ਼ਹੀਦ ਊਧਮ ਸਿੰਘ ਸਮਾਰਕ ਬਠਿੰਡਾ ਰੋਡ ਵਿਖੇ ਬੜੇ ਜੋਸ਼ ਖਰੋਸ਼ ਨਾਲ ਮਨਾਇਆ ਗਿਆ। ਇਨਕਲਾਬੀ ਗਾਇਕ ਭੋਲਾ ਸਿੰਘ ਸੰਗਰਾਮੀ ਦੇ ਇਨਕਲਾਬੀ ਗੀਤ- ਗ਼ਦਰੀ ਊਧਮ ਸਿੰਘ ਸੁਨਾਮੀ। ਲਾਹ ਗਿਆ ਦੇਸ਼ ਦੇ ਗਲੋਂ ਗੁਲਾਮੀ- ਨਾਲ ਸ਼ੁਰੂ ਹੋਏ ਸਮਾਗਮ ਵਿੱਚ ਪੰਜਾਬ, ਹਰਿਆਣਾ, ਯੂਪੀ, ਉੱਤਰਾਖੰਡ, ਰਾਜਸਥਾਨ, ਅਤੇ ਦਿੱਲੀ ਤੋਂ ਬੜੀ ਵੱਡੀ ਗਿਣਤੀ ਵਿੱਚ ਸ਼ਹੀਦੇ ਆਜ਼ਮ ਸਰਦਾਰ ਊਧਮ ਸਿੰਘ ਦੀ ਸੂਰਬੀਰਤਾ ਨੂੰ ਸਲਾਮ ਕਰਨ ਲਈ ਪਹੁੰਚੇ।

ਹਰਦਿਆਲ ਸਿੰਘ ਕੰਬੋਜ ਪ੍ਰਧਾਨ,ਜਸਮੇਰ ਕੰਬੋਜ ਹਰਿਆਣਾ, ਨਾਥੀ ਰਾਮ ਕੰਬੋਜ ਹਰਿਆਣਾ, ਸਰਪੰਚ ਕੇਸਰ ਸਿੰਘ ਢੋਟ, ਗਿ. ਜੰਗੀਰ ਸਿੰਘ ਰਤਨ, ਤਰਸੇਮ ਸਿੰਘ ਮਹਿਰੋਕ, ਹਰਦਿਆਲ ਸਿੰਘ ਕੰਬੋਜ ਸਾਬਕਾ ਐਮ.ਐਲ.ਏ., ਡਾ. ਸਿਕੰਦਰ ਸਿੰਘ, ਜਸਵੀਰ ਸਿੰਘ ਕੁਦਨੀ ਚੇਅਰਮੈਨ ਪੰਜਾਬ, ਇਕਬਾਲ ਚੰਦ ਪਾਲਾ ਵੱਟੀ, ਸੀ.ਪੀ .ਕੰਬੋਜ, ਗੁਰਚਰਨ ਕੰਬੋਜ ਪ੍ਰਧਾਨ ਰਾਜਸਥਾਨ, ਮੁਨਸ਼ੀਰਾਮ ਰਾਜਸਥਾਨ, ਆਦਿਕ ਵੱਖੋ ਵੱਖ ਵਿਦਵਾਨ ਬੁਲਾਰਿਆਂ ਵੱਲੋਂ ਸ਼ਹੀਦ ਊਧਮ ਸਿੰਘ ਦੇ ਕ੍ਰਾਂਤੀਕਾਰੀ ਕਾਰਨਾਮੇ ਅਤੇ ਦੇਸ਼ ਦੀ ਆਜ਼ਾਦੀ ਲਈ ਪਾਏ ਲਾਸਾਨੀ ਯੋਗਦਾਨ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ ਗਿਆ। ਇਸ ਮੌਕੇ ਸਮੁੱਚੇ ਇਕੱਠ ਵੱਲੋਂ ਮੰਗ ਕੀਤੀ ਗਈ ਕਿ ਡਾ. ਅੰਬੇਦਕਰ ਅਤੇ ਸ਼ਹੀਦ ਭਗਤ ਸਿੰਘ ਦੇ ਨਾਲ ਨਾਲ ਸ਼ਹੀਦ ਊਧਮ ਸਿੰਘ ਦੀ ਫੋਟੋ ਵੀ ਸਰਕਾਰੀ ਦਫਤਰਾਂ ਵਿੱਚ ਲਗਾਈ ਜਾਵੇ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਮੌਕੇ 31 ਜੁਲਾਈ ਦੀ ਬੰਦ ਕੀਤੀ ਛੁੱਟੀ ਬਹਾਲ ਕੀਤੀ ਜਾਵੇ। ਸ਼ਹੀਦ ਊਧਮ ਸਿੰਘ ਸਮਾਰਕ ਵਿਖੇ ਵੱਡਾ ਆਡੀਟੋਰੀਅਮ ਹਾਲ ਬਣਾਇਆ ਜਾਵੇ। ਸ਼ਹੀਦ ਊਧਮ ਸਿੰਘ ਦੀਆਂ ਨਿਸ਼ਾਨੀਆਂ ਵਿਦੇਸ਼ਾਂ ਤੋਂ ਮੰਗਵਾ ਕੇ ਸੁਨਾਮ ਮਿਊਜ਼ੀਅਮ ਵਿੱਚ ਰੱਖੀਆਂ ਜਾਣ।

ਇਸ ਮੌਕੇ ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ, ਸੁਭਾਸ਼ ਕੰਬੋਜ ਹਰਿਆਣਾ, ਹੇਮਰਾਜ ਕੰਬੋਜ ਹਰਿਆਣਾ, ਬਲਵਿੰਦਰ ਕੰਬੋਜ ਹਰਿਆਣਾ, ਬਿੱਟੂ ਧੰਜੂ ਉੱਤਰਾਖੰਡ, ਮੁਨਸ਼ੀਰਾਮ ਰਾਜਸਥਾਨ, ਡਾਕਟਰ ਹਰਭਜਨ ਸਿੰਘ ਅਬੋਹਰ, ਸੁਖਦੀਪ ਢੋਟ ਐਸ.ਐਚ.ਓ, ਸੁਨਾਮ, ਪ੍ਰਿਤਪਾਲ ਸਿੰਘ ਹਾਂਡਾ, ਰਘਵੀਰ ਸਿੰਘ ਜੋਸ਼ਨ, ਤਿਲਕ ਰਾਜ ਗੋਲੂ ਕਾ ਮੋੜ, ਪ੍ਰੇਮ ਕੰਬੋਜ, ਮਨਜੀਤ ਸਿੰਘ ਕੂਕੂ, ਰਾਮ ਸਿੰਘ ਮੋਲੋ ਆਦਿ ਹਾਜ਼ਰ ਸਨ।

# ਲੋਕ ਸਭਾ ਚੋਣਾਂ-2024 ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਉੱਤੇ ਪ੍ਰਕਾਸ਼ਿਤ/ਪ੍ਰਸਾਰਿਤ ਪੇਡ ਨਿਊਜ਼ ’ਤੇ ਸਖ਼ਤ ਨਿਗਰਾਨੀ ਰੱਖੇਗਾ ਚੋਣ ਕਮਿਸ਼ਨ: ਸੀ.ਈ.ਓ.



ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਸਿਬਿਨ ਸੀ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ’ਤੇ ਪ੍ਰਕਾਸ਼ਿਤ/ਪ੍ਰਸਾਰਿਤ ਪੇਡ ਨਿਊਜ਼ ’ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਅੱਜ ਇੱਥੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ (ਡੀ.ਪੀ.ਆਰ.ਓਜ਼) ਨਾਲ ਸੂਬਾ ਪੱਧਰੀ ਵੀਡਿਓ ਕਾਨਫਰੰਸਿੰਗ ਰਾਹੀਂ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਚੋਣ ਅਫ਼ਸਰ ਨੇ ਕਿਹਾ ਕਿ ਕਮਿਸ਼ਨ ਨੇ ਇਸ਼ਤਿਹਾਰਾਂ, ਉਮੀਦਵਾਰਾਂ ਦੇ ਪ੍ਰਚਾਰ ਅਤੇ ਪੇਡ ਨਿਊਜ਼ ਦੇ ਮਾਮਲਿਆਂ ਦੀ ਨਿਗਰਾਨੀ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਕਸਦ ਲਈ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਅਤੇ ਡੀ.ਪੀ.ਆਰ.ਓਜ਼ ਇਹਨਾਂ ਕਮੇਟੀਆਂ ਦੇ ਨੋਡਲ ਅਫਸਰ ਹੋਣਗੇ।

ਸਿਬਿਨ ਸੀ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਕਮੇਟੀਆਂ ਨੂੰ ਨਿਊਜ਼ ਚੈਨਲਾਂ, ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਨਾਲ-ਨਾਲ ਅਖ਼ਬਾਰਾਂ ਵਿੱਚ ਛਪਣ ਵਾਲੀ ਸਮੱਗਰੀ ’ਤੇ ਸਖ਼ਤ ਨਜ਼ਰ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਮੁੱਖ ਚੋਣ ਅਫ਼ਸਰ ਨੇ ਸਾਰੇ ਡੀ.ਪੀ.ਆਰ.ਓਜ਼ ਨੂੰ ਕਿਹਾ ਕਿ ਉਹ ਅਜਿਹੀਆਂ ਖ਼ਬਰਾਂ ਦੀ ਜਾਂਚ ਲਈ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਅਤੇ ਜੇਕਰ ਕੋਈ ਪੇਡ ਨਿਊਜ਼ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਰਿਪੋਰਟ ਸਬੰਧਤ ਰਿਟਰਨਿੰਗ ਅਫ਼ਸਰਾਂ (ਆਰ.ਓ.) ਨੂੰ ਦੇਣ। ਉਨ੍ਹਾਂ ਕਿਹਾ ਕਿ ਇਹ ਕਮੇਟੀ ਚੋਣਾਂ ਨਾਲ ਸਬੰਧਤ ਖ਼ਬਰਾਂ ਦੇ ਨਾਲ-ਨਾਲ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ’ਤੇ ਦਿਖਾਏ ਜਾਣ ਵਾਲੇ ਇਸ਼ਤਿਹਾਰਾਂ ’ਤੇ ਨਜ਼ਰ ਰੱਖੇਗੀ। ਸਿਬਿਨ ਸੀ ਨੇ ਕਿਹਾ ਕਿ ਇਹ ਕਮੇਟੀ ਇਸ਼ਤਿਹਾਰਾਂ ਦੀ ਤਸਦੀਕ ਤੋਂ ਇਲਾਵਾ ਪ੍ਰਿੰਟ, ਸੋਸ਼ਲ ਅਤੇ ਇਲੈਕਟ੍ਰਾਨਿਕ ਮੀਡੀਆ ’ਤੇ ਖ਼ਬਰਾਂ ਦੀ ਨਿਗਰਾਨੀ ਦੇ ਨਾਲ-ਨਾਲ ਚੋਣ ਲੜਨ ਵਾਲੇ ਉਮੀਦਵਾਰਾਂ ਦੀਆਂ ਚੋਣਾਂ ਨਾਲ ਸਬੰਧਤ ਸਾਰੀਆਂ ਖ਼ਬਰਾਂ ਦਾ ਰਿਕਾਰਡ ਰੱਖਣ ਲਈ ਜ਼ਿੰਮੇਵਾਰ ਹੋਵੇਗੀ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਦੇ ਗਠਨ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਹ ਉਮੀਦਵਾਰਾਂ ਦੁਆਰਾ ਕੀਤੇ ਜਾਣ ਵਾਲੇ ਚੋਣ ਖਰਚਿਆਂ ਦੀ ਪ੍ਰਭਾਵੀ ਨਿਗਰਾਨੀ ਅਤੇ ਲੇਖਾ-ਜੋਖਾ ਕਰਨ ਵਿੱਚ ਮਦਦ ਕਰਨਗੀਆਂ। ਉਨ੍ਹਾਂ ਨੇ ਡੀ.ਪੀ.ਆਰ.ਓਜ਼ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਕਮੇਟੀ ਮੈਂਬਰ ਸਿਆਸੀ ਪਾਰਟੀਆਂ, ਉਮੀਦਵਾਰਾਂ ਜਾਂ ਉਨ੍ਹਾਂ ਦੇ ਸਮਰਥਕਾਂ ਵੱਲੋਂ ਪ੍ਰਕਾਸ਼ਿਤ/ਪ੍ਰਸਾਰਿਤ ਕੀਤੇ ਜਾਣ ਵਾਲੇ ਇਸ਼ਤਿਹਾਰਾਂ ਦੀ ਸਮੱਗਰੀ ਨੂੰ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਤਸਦੀਕ ਕਰਨਾ ਯਕੀਨੀ ਬਣਾਉਣ। ਸਿਬਿਨ ਸੀ ਨੇ ਸੂਬੇ ਵਿੱਚ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਲੋਕ ਸਭਾ ਚੋਣਾਂ ਦੇ ਅਮਲ ਨੂੰ ਨੇਪਰੇ ਚਾੜ੍ਹਨਾ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਸਿਆਸੀ ਪਾਰਟੀਆਂ ਵੱਲੋਂ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ’ਤੇ ਨਜ਼ਰ ਰੱਖੀ ਜਾਵੇਗੀ।

ਮੁੱਖ ਚੋਣ ਅਫ਼ਸਰ ਨੇ ਕਿਹਾ ਕਿ ਡੀ.ਪੀ.ਆਰ.ਓਜ਼ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਇਸ਼ਤਿਹਾਰਬਾਜ਼ੀ ਦੀ ਇਸ ਨਵੀਂ ਚੁਣੌਤੀ ਦਾ ਡਟ ਕੇ ਸਾਹਮਣਾ ਕਰਦਿਆਂ ਇਸ ਮੰਤਵ ਲਈ ਕੋਈ ਕਸਰ ਬਾਕੀ ਨਾ ਛੱਡਣ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਸੋਸ਼ਲ ਮੀਡੀਆ ਸੂਚਨਾ ਦੇ ਪ੍ਰਸਾਰ ਦਾ ਇੱਕ ਵੱਡਾ ਸਾਧਨ ਬਣ ਗਿਆ ਹੈ, ਜਿਸ ਕਾਰਨ ਇਨ੍ਹਾਂ ਪਲੇਟਫਾਰਮਾਂ ’ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾਣੀ ਚਾਹੀਦੀ ਹੈ। ਸਿਬਿਨ ਸੀ ਨੇ ਆਸ ਪ੍ਰਗਟ ਕੀਤੀ ਕਿ ਡੀ.ਪੀ.ਆਰ.ਓਜ਼ ਆਪਣੀ ਡਿਊਟੀ ਨੂੰ ਸੁਚਾਰੂ ਢੰਗ ਨਾਲ ਨਿਭਾਉਣਗੇ ਅਤੇ ਚੋਣਾਂ ਦੇ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਸੰਚਾਲਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਮੁੱਖ ਚੋਣ ਅਫ਼ਸਰ ਨੇ ਡੀ.ਪੀ.ਆਰ.ਓਜ਼ ਨੂੰ ਸਵੀਪ ਗਤੀਵਿਧੀਆਂ ਬਾਰੇ ਵੱਧ ਤੋਂ ਵੱਧ ਪ੍ਰਚਾਰ ਅਤੇ ਜਾਗਰੂਕਤਾ ਫੈਲਾਉਣ ਲਈ ਵੀ ਕਿਹਾ ਤਾਂ ਜੋ ਵੱਧ ਤੋਂ ਵੱਧ ਵੋਟਰਾਂ ਖਾਸ ਕਰਕੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਆਮ ਚੋਣਾਂ ਦੌਰਾਨ ਵੋਟਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਸਮੇਂ ਦੀ ਲੋੜ ਹੈ।

ਸੀ.ਈ.ਓ. ਨੇ ਕਿਹਾ ਕਿ ਚੋਣਾਂ ਇੱਕ ਜਮਹੂਰੀ ਅਮਲ ਹਨ ਅਤੇ ਇਹ ਯਕੀਨੀ ਬਣਾਉਣਾ ਕਮਿਸ਼ਨ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਵੱਧ ਤੋਂ ਵੱਧ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰਨ।

ਮੀਟਿੰਗ ਵਿੱਚ ਜੁਆਇੰਟ ਸੀ.ਈ.ਓ. ਸਕੱਤਰ ਸਿੰਘ ਬੱਲ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ (ਸੋਸ਼ਲ ਮੀਡੀਆ) ਮਨਵਿੰਦਰ ਸਿੰਘ ਅਤੇ ਸੀ.ਈ.ਓ ਦਫ਼ਤਰ ਦੇ ਸੋਸ਼ਲ ਮੀਡੀਆ ਮਾਹਿਰ ਹਾਜ਼ਰ ਸਨ।

# 30,000 ਰੁਪਏ ਰਿਸ਼ਵਤ ਲੈਂਦਾ ਮੁੱਖ ਮੁਨਸ਼ੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ

## ਸਹਿ ਮੁਲਜ਼ਮ ਏ.ਐਸ.ਆਈ. ਮਨਜਿੰਦਰ ਸਿੰਘ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ



ਚੰਡੀਗੜ੍ਹ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਥਾਣਾ ਕੋਟਭਾਈ ਦੇ ਮੁੱਖ ਮੁਨਸ਼ੀ ਸੁਖਵਿੰਦਰ ਸਿੰਘ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁੱਖ ਮੁਨਸ਼ੀ ਨੂੰ ਪਿੰਡ ਮੱਲ੍ਹਣ, ਤਹਿਸੀਲ ਗਿੱਦੜਬਾਹਾ ਦੇ ਵਸਨੀਕ ਸਰਬਜੀਤ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਮੁੱਖ ਮੁਨਸ਼ੀ ਅਤੇ ਉਕਤ ਥਾਣੇ ਵਿੱਚ ਹੀ ਤਾਇਨਾਤ ਏ.ਐਸ.ਆਈ. ਮਨਜਿੰਦਰ ਸਿੰਘ ਨੇ ਦੋ ਧਿਰਾਂ ਦਰਮਿਆਨ ਹੋਏ ਝਗੜੇ ਬਾਰੇ ਥਾਣੇ ਵਿੱਚ ਦਰਜ ਕਰਵਾਈ ਸ਼ਿਕਾਇਤ ਵਿੱਚ ਸ਼ਾਮਲ ਉਸਦੇ ਦੋਸਤ ਦੀ ਮੱਦਦ ਕਰਨ ਬਦਲੇ 60,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਬਠਿੰਡਾ ਰੇਂਜ ਦੀ ਸ੍ਰੀ ਮੁਕਤਸਰ ਸਾਹਿਬ ਯੂਨਿਟ ਦੀ ਵਿਜੀਲੈਂਸ ਟੀਮ ਨੇ ਜਾਲ ਵਿਛਾ ਕੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਥਾਣੇ ਦੇ ਮੁੱਖ ਮੁਨਸ਼ੀ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਦੋਵੇਂ ਮੁਲਜ਼ਮਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਥਾਣਾ ਬਠਿੰਡਾ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਹਿ-ਮੁਲਜ਼ਮ ਏ.ਐਸ.ਆਈ. ਮਨਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਟੀਮਾਂ ਰਵਾਨਾ ਕਰ ਦਿੱਤੀਆਂ ਗਈਆਂ ਹਨ ਅਤੇ ਜਾਂਚ ਦੌਰਾਨ ਥਾਣੇ ਦੇ ਐਸ.ਐਚ.ਓ. ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ।

## ਲੋੜਵੰਦ ਪਰਿਵਾਰ ਦੀ ਕੀਤੀ ਆਰਥਿਕ ਮਦਦ

ਜਲਾਲਾਬਾਦ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਫਾਜਿਲਕਾ ਦੇ ਉੱਘੇ ਨੌਜਵਾਨ ਸਮਾਜ ਸੇਵੀ ਮੰਨਾ ਸੈਣੀ ਖੁੰਡ ਵਾਲਾ ਸੈਣੀਆ ਜੋ ਕਿ ਬਹੁਤ ਲੰਮੇ ਸਮੇਂ ਤੋਂ ਇਲਾਕੇ ਦੀ ਸਮਾਜ ਸੇਵਾ ਦੇ ਕੰਮਾਂ ਵਿਚ ਲੋੜਵੰਦ ਲੋਕਾਂ ਦੀ ਸੇਵਾ ਕਰ ਰਿਹਾ ਕਿਸੇ ਨੂੰ ਮਕਾਨ ਦੀ ਲੋੜ ਹੈ, ਮਕਾਨ ਬਣਾ ਕੇ ਦੇ ਰਿਹਾ ਹੈ ਅਤੇ ਜਿਸ ਨੂੰ ਰਾਸ਼ਨ ਦੀ ਲੋੜ ਹੈ ਰਾਸ਼ਨ ਦੇ ਰਿਹਾ ਹੈ, ਕਿਸੇ ਨੂੰ ਇਲਾਜ ਦੀ ਲੋੜ ਆ ਇਲਾਜ ਕਰਵਾ ਰਿਹਾ ਹੈ। ਅੱਜ ਮੰਨਾ ਸੈਣੀ ਸਮਾਜ ਸੇਵੀ ਦੇ ਵੱਲੋਂ ਪਿੰਡ ਮਹਾਲਮ ਨੇੜੇ ਗੁਮਾਨੀ ਵਾਲਾ ਖੂਹ ਵਿਖੇ ਜਿੱਥੇ ਇੱਕ ਬਹੁਤ ਲੋੜਵੰਦ ਲੜਕੀ ਦਾ ਵਿਆਹ ਰੱਖਿਆ ਹੋਇਆ ਸੀ, ਤੇ ਉਸ ਲੜਕੀ ਦੇ ਸਿਰ ਤੇ ਬਾਪ ਦਾ ਸਾਇਆ ਨਹੀਂ ਸੀ ਇੱਕ ਸਾਲ ਪਹਿਲਾਂ ਜਿਹੜੀ ਲੜਕੀ ਦੇ ਪਿਤਾ ਦੀ ਅਟੈਕ ਦੇ ਵਿੱਚ ਮੌਤ ਹੋ ਚੁੱਕੀ ਹੈ ਤੇ ਘਰ ਦੇ ਵਿੱਚ ਕੋਈ ਰਾਸ਼ਨ ਕੋਈ ਕੱਪੜੇ ਵਿਆਹ ਦੇ ਲਈ ਨਹੀਂ ਸਨ।

ਅੱਜ ਮੰਨਾ ਸੈਣੀ ਦੇ ਵੱਲੋਂ ਉਸ ਲੜਕੀ ਦੇ ਲਈ ਅਲਮਾਰੀ, ਪ੍ਰੈਸ ਟੇਬਲ, ਕੁਰਸੀਆਂ ਮੇਜ ,ਰਸੋਈ ਦਾ ਸਮਾਨ, ਸੂਟ ਕੱਪੜੇ, ਵਿਆਹ ਦੇ ਲਈ ਰਾਸ਼ਨ ਦਾ ਸਮਾਨ ਤੇ ਲੜਕੀ ਲਈ ਸ਼ਗਨ ਦੀ ਸੇਵਾ ਦਿੱਤੀ ਗਈ।

# ਕੋਟਕ ਨੇ ਸਿਹਤ ਦਾ ਸ.ਫਰ ਆਯੋਜਨ ਕੀਤਾ ਟਰੱਕ ਡਰਾਈਵਰਾਂ ਲਈ ਰਾਸ਼ਟਰੀ ਸਿਹਤ ਜਾਂਚ ਮੁਹਿੰਮ



ਜਲੰਧਰ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੋਟਕ ਮਹਿੰਦਰਾ ਬੈਂਕ ("KMBL"/"Kotak") ਨੇ ਦੇਸ਼ ਭਰ ਵਿੱਚ ਟਰੱਕ ਡਰਾਈਵਰਾਂ ਦੀ ਸਰੀਰਕ ਤੰਦਰੁਸਤੀ ਨੂੰ ਤਰਜੀਹ ਦੇਣ ਲਈ ਸਮਰਪਿਤ ਕੋਟਕ ਕਰਮਾ ਪਹਿਲਕਦਮੀ, ‘ਸਿਹਤ ਦਾ ਸਫ਼ਰ’ ਦੇ ਦੂਜੇ ਐਡੀਸ਼ਨ ਦਾ ਉਦਘਾਟਨ ਕੀਤਾ ਹੈ। ਭਾਰਤ ਭਰ ਦੇ 30 ਸ਼ਹਿਰਾਂ ਵਿੱਚ ਮੁਫਤ ਸਿਹਤ ਜਾਂਚ ਕੈਂਪ ਲਗਾਏ ਜਾਣਗੇ ਇਸ ਪਹਿਲਕਦਮੀ ਦੇ ਤਹਿਤ, ਕੋਟਕ ਵਿਸ਼ੇਸ਼ ਤੌਰ ’ਤੇ ਇਸ ਮਹੱਤਵਪੂਰਨ ਕਰਮਚਾਰੀਆਂ ਲਈ ਤਿਆਰ ਕੀਤੇ ਗਏ ਮੁਫ਼ਤ ਸਿਹਤ ਜਾਂਚ ਕੈਂਪਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਇਹ ਕੈਂਪ ‘ਸੇਹਤ ਕਾ ਸਫਰ’ ਰਾਹੀਂ ਦੇਸ਼ ਭਰ ਦੇ ਲਗਭਗ 3,000 ਟਰੱਕ ਡਰਾਈਵਰਾਂ ਦੀਆਂ ਸਿਹਤ ਅਤੇ ਤੰਦਰੁਸਤੀ ਦੀਆਂ ਲੋੜਾਂ ਨੂੰ ਸੰਬੋਧਿਤ ਕਰਦੇ ਹੋਏ ਮੁਫਤ ਡਾਕਟਰੀ ਸਲਾਹ ਅਤੇ ਕਈ ਤਰ੍ਹਾਂ ਦੇ ਟੈਸਟਾਂ ਦੀ ਪੇਸ਼ਕਸ਼ ਕਰਨਗੇ। ਅੱਖਾਂ ਦੀ ਜਾਂਚ, ਮੁਦਰਾ ਦੇ ਮੁਲਾਂਕਣ ਲਈ ਫਿਜ਼ੀਓਥੈਰੇਪਿਸਟ/ਆਰਥੋਪੀਡਿਕ ਮਾਹਿਰਾਂ ਦੁਆਰਾ ਮੁਲਾਂਕਣ, ਮੂੰਹ ਦੇ ਕੈਂਸਰ ਦੀ ਸ਼ੁਰੂਆਤੀ ਜਾਂਚ ਲਈ ਦੰਦਾਂ ਦੀ ਜਾਂਚ, ਅਤੇ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਨੂੰ ਕਵਰ ਕਰਨ ਵਾਲੀ ਸਮੁੱਚੀ ਸਿਹਤ ਜਾਂਚ ਵਰਗੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਬਿਨਾਂ ਕਿਸੇ ਕੀਮਤ ਦੇ ਦਵਾਈਆਂ ਪ੍ਰਦਾਨ ਕਰਨ ਦੇ ਨਾਲ, ਕੋਟਕ ਡਰਾਈਵਰਾਂ ਦੀ ਭਲਾਈ ਨੂੰ ਵਧਾਉਣ ਦੇ ਉਦੇਸ਼ ਨਾਲ ਸਰਕਾਰੀ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਸੈਸ਼ਨਾਂ ਦਾ ਆਯੋਜਨ ਕਰ ਰਿਹਾ ਹੈ। ਅਮਿਤ ਮੋਹਨ, ਪ੍ਰਧਾਨ-ਕੋਟਕ ਮਹਿੰਦਰਾ ਬੈਂਕ ਦੇ ਲੌਜਿਸਟਿਕਸ ਐਂਡ ਇਨਫਰਾਸਟ੍ਰਕਚਰ, ਨੇ ਕਿਹਾ, ÷ਟਰੱਕ ਡਰਾਈਵਰ, ਅਕਸਰ ਅਣਗੌਲੇ ਹੀਰੋ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣਦੇ ਹਨ, ਅਣਥੱਕ ਦੇਸ਼ ਭਰ ਵਿੱਚ ਮਾਲ ਦੀ ਢੋਆ-ਢੁਆਈ ਕਰਦੇ ਹਨ। ਬਦਕਿਸਮਤੀ ਨਾਲ, ਉਹਨਾਂ ਦੀ ਮੰਗ ਕਰਨ ਵਾਲੇ ਕਾਰਜਕ੍ਰਮ ਅਕਸਰ ਉਹਨਾਂ ਦੀ ਆਪਣੀ ਸਿਹਤ ਨੂੰ ਤਰਜੀਹ ਦੇਣ ਲਈ ਬਹੁਤ ਘੱਟ ਸਮਾਂ ਛੱਡਦੇ ਹਨ। ਸਾਡੇ ਸਿਹਤ ਜਾਂਚ ਕੈਂਪਾਂ ਦਾ ਉਦੇਸ਼ ਇੱਕ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਅਤੇ ਇਹਨਾਂ ਡਰਾਈਵਰਾਂ ਨੂੰ ਜ਼ਰੂਰੀ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਪਿਛਲੇ ਕੈਂਪਾਂ ਦੀ ਸਫਲਤਾ ਦੇ ਆਧਾਰ ’ਤੇ, ਅਸੀਂ ਆਸਵੰਦ ਹਾਂ ਕਿ ‘ਸਿਹਤ ਦਾ ਸਫ਼ਰ’ ਹੋਰ ਵੀ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰੇਗਾ।

ਟਰਾਂਸਪੋਰਟ ਹੱਬਾਂ ਵਿੱਚ ਟਰੱਕ ਡਰਾਈਵਰਾਂ ਦੁਆਰਾ ਅਕਸਰ 30 ਤੱਕ ਸਿਹਤ ਕੈਂਪ ਲਗਾਏ ਜਾਣਗੇ। ਹਰੇਕ ਕੈਂਪ ਵਿੱਚ ਛੇ ਮੈਂਬਰ ਸ਼ਾਮਲ ਹੋਣਗੇ ਜਿਨ੍ਹਾਂ ਵਿੱਚ ਡਾਕਟਰ ਅਤੇ ਨਰਸਿੰਗ ਸਟਾਫ ਡਾਕਟਰਜ਼ 4ਯੂ ਤੋਂ ਸ਼ਾਮਲ ਹੋਵੇਗਾ।

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਸੁਨਾਮ ਤੋਂ ਸ੍ਰੀ ਸਾਲਾਸਰ ਧਾਮ ਅਤੇ ਸ਼੍ਰੀ ਖਾਟੂ ਸ਼ਿਆਮ ਦੇ ਦਰਸ਼ਨਾਂ ਲਈ 9ਵਾਂ ਜਥਾ ਰਵਾਨਾ



ਸੁਨਾਮ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਲੋੜਵੰਦ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਇਸ ਯੋਜਨਾ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਅੱਜ ਸੁਨਾਮ ਤੋਂ ਸ਼ਰਧਾਲੂਆਂ ਦੇ 9ਵੇਂ ਜਥੇ ਨੂੰ ਬੱਸ ਰਾਹੀਂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕਰਨ ਕੀਤਾ।

ਉਪ ਮੰਡਲ ਮੈਜਿਸਟਰੇਟ ਸੁਨਾਮ ਪ੍ਰਮੋਦ ਸਿੰਗਲਾ ਦੀ ਤਰਫ਼ੋਂ ਨਾਇਬ ਤਹਿਸੀਲਦਾਰ ਨੀਰਜ ਕੁਮਾਰ ਨੇ ਬੱਸ ਨੂੰ ਝੰਡੀ ਦਿਖਾਈ। ਇਸ ਜਥੇ ਦੇ ਸ਼ਰਧਾਲੂਆਂ ਨੂੰ ਸਵਾਗਤੀ ਕਿੱਟਾਂ ਵੰਡੀਆਂ ਗਈਆਂ ਅਤੇ ਸੁਰੱਖਿਅਤ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਮੌਕੇ ਸੀਨੀਅਰ ਆਗੂ ਜਤਿੰਦਰ ਜੈਨ ਅਤੇ ਸੰਜੀਵ ਕੁਮਾਰ ਸੰਜੂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸੁਨਾਮ ਹਲਕੇ ਦੇ ਨਿਵਾਸੀਆਂ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਸਾਲਾਸਰ ਧਾਮ ਅਤੇ ਸ਼੍ਰੀ ਖਾਟੂ ਸ਼ਿਆਮ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਮੰਦਰ ਦੇ ਦਰਸ਼ਨ ਇਸ ਸਕੀਮ ਤਹਿਤ ਕੀਤੇ ਜਾ ਚੁੱਕੇ ਹਨ।

ਇਸ ਮੌਕੇ ਬਲਾਕ ਪ੍ਰਧਾਨ ਸੰਦੀਪ ਜਿੰਦਲ, ਸਾਹਿਬ ਸਿੰਘ, ਵਿਸ਼ਾਲ ਕੌਸ਼ਲ, ਚਮਕੌਰ ਹਾਂਡਾ ਐਮ.ਸੀ., ਹਰਦੀਪ ਦੀਪਾ ਭਰੂਰ, ਦਲਵੀਰ ਸਿੰਘ ਵੀ ਹਾਜ਼ਰ ਸਨ।

# ਕਮਿਸ਼ਨਰੇਟ ਪੁਲਿਸ ਨੇ ਨਜਾਇਜ਼ ਹਥਿਆਰਾਂ ਸਮੇਤ ਇੱਕ ਨੂੰ ਕੀਤਾ ਕਾਬੂ



ਜਲੰਧਰ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਇੱਕ ਵਿਅਕਤੀ ਨੂੰ ਨਜਾਇਜ਼ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਪੁਲਿਸ ਵੱਲੋਂ ਸੂਬੇ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਸ਼ਹਿਰ ਵਿੱਚ ਇੱਕ ਵਿਅਕਤੀ ਨਜਾਇਜ਼ ਹਥਿਆਰ ਲੈ ਕੇ ਘੁੰਮ ਰਿਹਾ ਹੈ।

ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਇਸ ਤੋਂ ਬਾਅਦ ਪੁਲੀਸ ਪਾਰਟੀ ਨੇ ਸ਼ਹਿਰ ਦੇ ਬੜਿੰਗ ਗੇਟ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਜਿਸ ਦੌਰਾਨ ਉਨ੍ਹਾਂ ਨੂੰ ਇੱਕ ਸਵਿਫਟ ਕਾਰ ਆਉਂਦੀ ਦਿਖਾਈ ਦਿੱਤੀ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਸਵਿਫਟ ਕਾਰ ਨੰਬਰ ਪੀ.ਬੀ.10-ਐਫਸੀ-6704 ਫਗਵਾੜਾ ਤੋਂ ਜਲੰਧਰ ਆ ਰਹੀ ਸੀ।

ਉਨ੍ਹਾਂ ਦੱਸਿਆ ਕਿ ਪੁਲੀਸ ਪਾਰਟੀ ਨੇ ਕਾਰ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਦੋ ਕਾਰਤੂਸਾਂ ਸਮੇਤ 32 ਬੋਰ ਦਾ ਪਿਸਤੌਲ ਬਰਾਮਦ ਹੋਇਆ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਡਰਾਈਵਰ ਗੁਰਪ੍ਰੀਤ ਸਿੰਘ ਉਰਫ਼ ਲਾਡਾ ਪੁੱਤਰ ਮਨਜੀਤ ਸਿੰਘ ਵਾਸੀ ਪਿੰਡ ਜੈਦਾ ਥਾਣਾ ਬੇਗੋਵਾਲ ਕਪੂਰਥਲਾ ਨੂੰ ਕਾਬੂ ਕਰ ਲਿਆ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਪਹਿਲਾਂ ਹੀ ਜਲੰਧਰ ਅਤੇ ਕਪੂਰਥਲਾ ਵਿਖੇ ਦੋ ਐਫਆਈਆਰ ਦਰਜ ਹਨ।

# ਖ਼ਾਲਸਾ ਕਾਲਜ ਵਿਖੇ ਐਨ ਐਸ ਐਸ ਵੰਲਟੀਅਰਾਂ ਨੂੰ ਆਵਾਜਾਈ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ



ਪਟਿਆਲਾ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਖਾਲਸਾ ਕਾਲਜ ਪਟਿਆਲਾ ਵਿਖੇ ਚਲ ਰਹੇ ਐਨ ਐਸ ਐਸ ਕੈਂਪ ਵਿਖੇ 100 ਤੋਂ ਵੱਧ ਵੰਲਟੀਅਰਾਂ ਨੂੰ ਆਵਾਜਾਈ ਨਿਯਮਾਂ ਸਾਇਬਰ ਸੁਰੱਖਿਆ ਨਸ਼ਿਆਂ ਤੋਂ ਬਚਣ ਅਤੇ ਪੀੜਤਾਂ ਦੇ ਮਦਦਗਾਰ ਫਰਿਸ਼ਤੇ ਵਜੋਂ ਤਿਆਰ ਅਤੇ ਉਤਸ਼ਾਹਿਤ ਕਰਨ ਲਈ ਇੰਸਪੈਕਟਰ ਕਰਮਜੀਤ ਕੌਰ ਆਵਾਜਾਈ ਸਿੱਖਿਆ ਸੈਲ ਅਤੇ ਸ਼੍ਰੀ ਕਾਕਾ ਰਾਮ ਵਰਮਾ ਚੀਫ਼ ਟ੍ਰੇਨਰ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ ਵਲੋਂ ਪ੍ਰਸ਼ੰਸਾਯੋਗ ਢੰਗ ਤਰੀਕਿਆਂ ਨਾਲ ਜਾਣਕਾਰੀ ਦਿੱਤੀ। ਇੰਸਪੈਕਟਰ ਕਰਮਜੀਤ ਕੌਰ ਨੇ ਦੱਸਿਆ ਕਿ ਅਣਗਹਿਲੀ ਕਾਹਲੀ ਲਾਪ੍ਰਵਾਹੀਆਂ ਲਾਲਚਾਂ ਕਾਰਨ ਹਰਰੋਜ ਸੈਂਕੜੇ ਲੋਕਾਂ ਦੀ ਹਾਦਸਿਆਂ ਕਾਰਨ ਮੌਤਾਂ ਹੋ ਰਹੀਆਂ ਅਤੇ ਸੈਂਕੜੇ ਹੀ ਅਪਾਹਜ ਹੋ ਰਹੇ ਹਨ ਪਰ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਮਰਿਆਦਾਵਾਂ ਅਤੇ ਫਰਜ਼ਾਂ ਦੀ ਪਾਲਣਾ ਕਰਨ ਵਾਲੇ ਹਮੇਸ਼ਾ ਸਿਹਤਮੰਦ ਸੁਰਖਿਅੱਤ ਰਹਿੰਦੇ ਹਨ। ਉਨ੍ਹਾਂ ਨੇ ਆਵਾਜਾਈ ਹਾਦਸਿਆਂ ਅਤੇ ਸਾਈਬਰ ਕ੍ਰਾਈਮ ਦੇ ਕਾਰਨਾਂ ਦੀ ਜਾਣਕਾਰੀ ਦਿੱਤੀ ਅਤੇ ਪੰਜਾਬ ਪੁਲਿਸ ਵੱਲੋਂ ਲੋਕਾਂ ਬੱਚਿਆਂ ਨੋਜਵਾਨਾਂ ਇਸਤਰੀਆਂ ਅਤੇ ਬਜ਼ੁਰਗਾਂ ਦੀ ਸੁਰੱਖਿਆ ਸਹਾਇਤਾ ਸਨਮਾਨ ਅਤੇ ਇਨਸਾਫ਼ ਲਈ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਦਿੱਤੀ। ਪੁਲਿਸ ਹੈਲਪ ਲਾਈਨ ਨੰਬਰ 112/181 ਸਾਇਬਰ ਸੁਰੱਖਿਆ ਲਈ 1930 ਦੇ ਨਾਲ ਫਾਇਰ ਬ੍ਰਿਗੇਡ ਦੇ 101 ਅਤੇ ਐਂਬੂਲੈਂਸ ਸੇਵਾ ਲਈ 108 ਨੰਬਰਾਂ ਦੀ ਵਰਤੋਂ ਕਰਨ ਬਾਰੇ ਜਾਣਕਾਰੀ ਦਿੱਤੀ। ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ ਨੇ ਹਾਦਸਾਗ੍ਰਸਤ ਲੋਕਾਂ, ਘਰ ਪਰਿਵਾਰਾਂ ਮਹੱਲਿਆ ਸੰਸਥਾਵਾਂ ਵਿਖੇ ਦਿਲ ਦੇ ਦੌਰੇ ਅਨਜਾਇਨਾ ਕਾਰਡੀਅਕ ਅਰੈਸਟ ਬੇਹੋਸ਼ੀ ਸਦਮੇਂ ਗੈਸਾਂ ਧੂੰਏਂ ਵਿੱਚ ਫ਼ਸੇ ਲੋਕਾਂ ਦੀ ਜਾਨਾਂ ਬਚਾਉਣ ਦੀ ਟ੍ਰੇਨਿੰਗ ਦਿੱਤੀ ਅਤੇ ਦਸਿਆ। ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਜਾਨਾਂ ਬਚਾਉਣ ਲਈ ਯਤਨ ਕਰਨ ਅਤੇ ਪੀੜਤਾਂ ਨੂੰ ਹਸਪਤਾਲ ਪਹੁੰਚਾਉਣ ਵਾਲਿਆਂ ਨੂੰ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪੰਜਾਬ ਪਟਿਆਲਾ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ ਜੀ ਵਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਭਾਸ਼ਾ ਭਵਨ ਪਟਿਆਲਾ ਵਿਖੇ ਸਨਮਾਨਿਤ ਕੀਤਾ ਜਾਂਦਾ ਹੈ ਇਸ ਲਈ ਪੀੜਤਾਂ ਦੀ ਸਹਾਇਤਾ ਕਰਨ ਵਾਲੇ ਬਿਨਾਂ ਡਰ ਭੈ ਦੇ ਪੁਲਿਸ ਹੈਲਪ ਲਾਈਨ ਨੰਬਰਾਂ ਤੇ ਘਟਨਾ ਦੀ ਪੂਰੀ ਜਾਣਕਾਰੀ ਦੇਕੇ ਪੀੜਤਾਂ ਦੀ ਮਦੱਦ ਕਰਨ। ਇਸ ਮੌਕੇ ਐਨ ਐਸ ਐਸ ਪ੍ਰੋਗਰਾਮ ਅਫ਼ਸਰਾਂ ਅਤੇ ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਟ੍ਰੇਨਿੰਗ ਅਤੇ ਜਾਣਕਾਰੀ ਹਾਦਸੇ ਘਟਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ ਇਸ ਲਈ ਹਰੇਕ ਵਿਦਿਆਰਥੀ ਅਧਿਆਪਕ ਨਾਗਰਿਕ ਕਰਮਚਾਰੀ ਨੂੰ ਇਹ ਟਰੇਨਿੰਗ ਜ਼ਰੂਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਡਾਕਟਰ ਧਰਮਵੀਰ ਉਭਾ ਜੀ ਵਲੋਂ ਕਾਕਾ ਰਾਮ ਵਰਮਾ ਅਤੇ ਇੰਸਪੈਕਟਰ ਕਰਮਜੀਤ ਕੌਰ ਦਾ ਸਨਮਾਨ ਕੀਤਾ ਗਿਆ।

# ਗੰਭੀਰ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਹਿੰਦੂਆਂ ਲਈ ਇੱਕਜੁੱਟ ਹੋਣਾ ਜ਼ਰੂਰੀ : ਨਰੇਸ਼ ਪੰਡਿਤ

## ਆਨੰਦ ਯਾਦਵ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਜੋਗਿੰਦਰ ਤਲਵਾੜ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਿਲ੍ਹਾ ਮੰਤਰੀ ਬਣੇ



ਕਪੂਰਥਲਾ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੀ ਮੀਟਿੰਗ ਵਿਸ਼ਵ ਹਿੰਦੂ ਪ੍ਰੀਸ਼ਦ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਜ਼ਿਲ੍ਹੇ ਦੇ ਸਮੂਹ ਪ੍ਰਮੁੱਖ ਵਰਕਰਾਂ ਨੇ ਸ਼ਿਰਕਤ ਕੀਤੀ।ਮੀਟਿੰਗ ਵਿੱਚ ਨਰੇਸ਼ ਪੰਡਿਤ ਨੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਸਮਾਜ ਨੂੰ ਸੰਗਠਿਤ ਕਰਨ ਦੀ ਬਹੁਤ ਲੋੜ ਹੈ,ਪੰਜਾਬ ਅਤੇ ਦੇਸ਼ ਵਿੱਚ ਹਿੰਦੂ ਭਾਈਚਾਰੇ ਵਿਰੁੱਧ ਜਿਸ ਤਰ੍ਹਾਂ ਦਾ ਮਾਹੌਲ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਦੇ ਦੇਵੀ ਦੇਵਤਿਆਂ ਦਾ ਅਪਮਾਨ ਕੀਤਾ ਜਾ ਰਿਹਾ ਹੈ।ਪੰਜਾਬ ਵਿੱਚ ਗਊ ਹੱਤਿਆ ਅਤੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ।ਇਹ ਇੱਕ ਸਾਜ਼ਿਸ਼ ਹੈ। ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਉਨ੍ਹਾਂ ਸਮੂਹ ਵਰਕਰਾਂ ਨੂੰ ਸੰਗਠਿਤ ਹੋ ਕੇ ਦੇਸ਼ ਵਿਰੋਧੀ ਤਾਕਤਾਂ ਦਾ ਟਾਕਰਾ ਕਰਨ ਦਾ ਸੱਦਾ ਦਿੱਤਾ।ਮੀਟਿੰਗ ਵਿੱਚ ਜ਼ਿਲ੍ਹਾ ਕਪੂਰਥਲਾ ਦੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ।ਮੀਟਿੰਗ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਖੇਤਰੀ ਸੰਗਠਨ ਮੰਤਰੀ ਮੁਕੇਸ਼ ਜੀ ਦੀ ਅਗਵਾਈ ਵਿੱਚ ਰਾਜੂ ਸੂਦ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਜ਼ਿਲ੍ਹਾ ਸਰਪ੍ਰਸਤ,ਅਸ਼ੋਕ ਸ਼ਰਮਾ ਸ਼ੇਖੂਪੁਰਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਜ਼ਿਲ੍ਹਾ ਸਹਿ-ਮੰਤਰੀ,ਸੰਜੇ ਸ਼ਰਮਾ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਜ਼ਿਲ੍ਹਾ ਸਹਿ-ਮੰਤਰੀ, ਜੋਗਿੰਦਰ ਤਲਵਾੜ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਜ਼ਿਲ੍ਹਾ ਮੰਤਰੀ,ਵਿਜੇ ਗਰੋਵਰ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਉਪ ਪ੍ਰਧਾਨ, ਰਾਜ ਕੁਮਾਰ ਅਰੋੜਾ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਜ਼ਿਲ੍ਹਾ ਖਜਾਨਚੀ, ਆਨੰਦ ਯਾਦਵ ਨੂੰ ਬਜਰੰਗ ਦਲ ਦਾ ਜ਼ਿਲ੍ਹਾ ਪ੍ਰਧਾਨ,ਰਾਜੇਸ਼ ਸ਼ਰਮਾ ਸ਼ੇਖੂਪੁਰ ਨੂੰ ਬਜਰੰਗ ਦਲ ਦਾ ਜ਼ਿਲ੍ਹਾ ਮੀਤ ਪ੍ਰਧਾਨ, ਗੁਲਸ਼ਨ ਮਹਿਰਾ ਬਜਰੰਗ ਦਲ ਦਾ ਜ਼ਿਲ੍ਹਾ ਮੀਤ ਪ੍ਰਧਾਨ,ਮੁਨੀਸ਼ ਬਜਰੰਗੀ ਨੂੰ ਬਜਰੰਗ ਦਲ ਦਾ ਜ਼ਿਲ੍ਹਾ ਮੀਤ ਪ੍ਰਧਾਨ ਮੋਹਿਤ ਜੱਸਲ ਬਜਰੰਗ ਦਲ ਦਾ ਸ਼ਹਿਰੀ ਪ੍ਰਧਾਨ, ਯੁਵਰਾਜ ਨੂੰ ਬਜਰੰਗ ਦਲ ਦਾ ਸ਼ਹਿਰੀ ਮੀਤ ਪ੍ਰਧਾਨ, ਕਵੀ ਬਜਾਜ ਨੂੰ ਬਜਰੰਗ ਦਲ ਦਾ ਵਿਦਿਆਰਥੀ ਪ੍ਰਮੁੱਖ,ਰਾਕੇਸ਼ ਕੁਮਾਰ ਨੂੰ ਬਜਰੰਗ ਦਲ ਦਾ ਸੇਵਾ ਪ੍ਰਮੁੱਖ,ਗੋਵਿੰਦ ਨੂੰ ਦਫ਼ਤਰ ਪ੍ਰਮੁੱਖ, ਹਨੀ ਕੁਮਾਰ ਨੂੰ ਅਖਾੜਾ ਪ੍ਰਮੁੱਖ,ਦੇਵ ਮਾਹਤੋ ਨੂੰ ਪਰਵਾਸੀ ਵਿੰਗ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਗਈ।ਇਸ ਦੌਰਾਨ ਮੀਟਿੰਗ ਵਿੱਚ ਹਾਜ਼ਰ ਵਰਕਰਾਂ ਨੇ ਤਾੜੀਆਂ ਦੀ ਗੜਗੜਾਹਟ ਨਾਲ ਇਸ ਨਾਮਜ਼ਦਗੀ ਨੂੰ ਪ੍ਰਵਾਨ ਕੀਤਾ ਅਤੇ ਸੰਗਠਨ ਦੇ ਸੀਨੀਅਰ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਗਿਆ ਉੱਥੇ ਹੀ ਆਨੰਦ ਯਾਦਵ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਜਾਣ ਤੇ ਬਜਰੰਗ ਦਲ ਦੇ ਵਰਕਰਾਂ ਨੇ ਉਨ੍ਹਾਂ ਦਾ ਹਾਰ ਪਾ ਕੇ ਸਵਾਗਤ ਕੀਤਾ।

ਇਸ ਦੇ ਨਾਲ ਹੀ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਨਿਯੁਕਤ ਕੀਤੇ ਜਾਣ ਤੇ ਆਨੰਦ ਯਾਦਵ ਅਤੇ ਨਵੀਂ ਟੀਮ ਨੇ ਸੰਗਠਨ ਦਾ ਧੰਨਵਾਦ ਕੀਤਾ ਅਤੇ ਭਰੋਸਾ ਭਰੋਸਾ ਦਿੱਤਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਬਜਰੰਗ ਦਲ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਤਨ-ਮਨ ਨਾਲ ਤਿਆਰ ਰਹਿਣਗੇ।ਇਸ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਨਰੇਸ਼ ਪੰਡਿਤ ਨੇ ਸਮੂਹ ਮਿਹਨਤੀ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਸਾਰੇ ਇਸੇ ਤਰ੍ਹਾਂ ਸਨਾਤਨ ਧਰਮ ਦਾ ਝੰਡਾ ਬੁਲੰਦ ਕਰਦੇ ਰਹੋ।

## ਤੇਲੰਗਾਨਾ ਵਿੱਚ ‘ਸੋਸ਼ਲ ਮੀਡੀਆ ਵਾਰੀਅਰਜ਼ ਮੀਟ’ ਅਤੇ ‘ਵਿਜੇ ਸੰਕਲਪ ਸੰਮੇਲਨ’ ਦਾ ਅਮਿਤ ਸ਼ਾਹ ਵਲੋਂ ਸੰਬੋਧਨ



ਲੁਧਿਆਣਾ, 18 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਗ੍ਰਿਹ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਤੇਲੰਗਾਨਾ ਵਿੱਚ ‘ਸੋਸ਼ਲ ਮੀਡੀਆ ਵਾਰੀਅਰਜ਼ ਮੀਟ’ ਅਤੇ ’ਵਿਜੇ ਸੰਕਲਪ ਸੰਮੇਲਨ’ ਨੂੰ ਸੰਬੋਧਨ ਕਰਦੇ ਹੋਏ ਸਪੱਸ਼ਟ ਕੀਤਾ ਕਿ, ’ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਦੇਸ਼ ਭਰ ਵਿੱਚ ਸੀਏਏ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਦੇਸ਼ ਭਰ ਵਿੱਚ. 2024 ਵਿੱਚ, ਅਸੀਂ ਸੀਏਏ ਦਾ ਵਾਅਦਾ ਪੂਰਾ ਕੀਤਾ ਹੈ। ਸੀਏਏ ਤਹਿਤ ਕਿਸੇ ਵੀ ਨਾਗਰਿਕ ਦੀ ਨਾਗਰਿਕਤਾ ਰੱਦ ਨਹੀਂ ਕੀਤੀ ਜਾਵੇਗੀ; ਇਹ ਨਾਗਰਿਕਤਾ ਦੇਣ ਦਾ ਕਾਨੂੰਨ ਹੈ, ਇਸ ਨੂੰ ਖੋਹਣ ਲਈ ਨਹੀਂ।’ ਦੂਰਅੰਦੇਸ਼ੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅੰਤੋਦਿਆ ਰਾਜਨੀਤੀ ਦਾ ਅਭਿਆਸ ਕਰਨ ਵਾਲੇ ਅਮਿਤ ਸ਼ਾਹ ਨੇ ਬੰਗਲਾਦੇਸ਼, ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਹਿੰਦੂ, ਸਿੱਖ, ਬੋਧੀ ਅਤੇ ਜੈਨ ਸ਼ਰਨਾਰਥੀਆਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ ਸੀ। ਸਾਲ 2024 ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਇਤਿਹਾਸਕ ਫੈਸਲਾ ਲਿਆ ਅਤੇ ਸਾਰੇ ਵਿਰੋਧ ਦੇ ਬਾਵਜੂਦ ਉਹ ਦੇਸ਼ ਭਰ ਵਿੱਚ ਸੀਏਏ ਨੂੰ ਲਾਗੂ ਕਰਨ ਵਿੱਚ ਸਫਲ ਰਹੇ।

# ਅੰਮ੍ਰਿਤਸਰ ਦੀ ਨੁਹਾਰ ਬਦਲਣ 'ਚ ਸਾਬਕਾ ਰਾਜਦੂਤ ਸੰਧੂ ਦੀ ਪਹਿਲਕਦਮੀ, ਸ਼ਹਿਰ 'ਚ ਖੁੱਲ੍ਹਣਗੇ ਅਮਰੀਕਨ ਕੌਂਸਲੇਟ

ਸਰਦੂਲ ਸਿੰਘ



ਅੰਮ੍ਰਿਤਸਰ, 18 ਮਾਰਚ : ਅੰਮ੍ਰਿਤਸਰ ਨੂੰ ਨੇੜੇ ਭਵਿੱਖ 'ਚ ਇਕ ਵੱਡੀ ਖ਼ੁਸ਼ ਖਬਰ ਮਿਲਣ ਜਾ ਰਹੀ ਹੈ। ਸ਼ਹਿਰ ਦੇ ਨੁਹਾਰ ਬਦਲਣ 'ਚ ਲੱਗੇ ਗੁਰੂ ਨਗਰੀ ਦੇ ਸਪੂਤ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਬੀਤੇ ਦਿਨ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਅੰਮ੍ਰਿਤਸਰ 'ਚ ਬਹੁਤ ਜਲਦ ਇਕ ਅਮਰੀਕਨ ਕੌਂਸਲੇਟ ਖੁੱਲ੍ਹਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਵੱਲੋਂ ਭਾਰਤ 'ਚ ਦੋ ਹੋਰ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ, ਜਿਸ ਵਿਚੋਂ ਇਕ ਅੰਮ੍ਰਿਤਸਰ 'ਚ ਖੁੱਲ੍ਹਵਾਉਣ ਦੀ ਭਾਰਤੀ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨੇ ਹਾਮੀ ਭਰੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ 'ਚ ਅਮਰੀਕਨ ਕੌਂਸਲੇਟ ਦੇ ਖੁੱਲ੍ਹਣ ਨਾਲ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਇੱਥੋਂ ਹੀ ਵੀਜੇ ਹਾਸਲ ਕਰਨ, ਵਪਾਰੀਆਂ ਨੂੰ ਆਪਣੇ ਕਾਰੋਬਾਰਾਂ ਨੂੰ ਵਧਾਉਣ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਆਪਸ ਵਿਚ ਜੁੜਨ ਪ੍ਰਤੀ ਬਹੁਤ ਸਾਰੀਆਂ ਸਹੂਲਤਾਂ ਮਿਲਣਗੀਆਂ। ਇਕ ਰਾਜਦੂਤ ਵਜੋਂ ਤਰਨਜੀਤ ਸਿੰਘ ਸੰਧੂ ਨੇ ਅਮਰੀਕਾ 'ਚ ਆਪਣੀ ਸੇਵਾਕਾਲ ਦੇ ਨਵੰਬਰ, 2023 ਦੌਰਾਨ ਅਮਰੀਕਾ ਦੇ ਸੀਆਟਲ ਵਿਚ ਭਾਰਤੀ ਕੌਂਸਲੇਟ ਖੋਲ੍ਹਣ ਦਾ ਮਾਣ ਹਾਸਲ ਕੀਤਾ । ਇਥੇ ਕੌਂਸਲੇਟ ਖੋਲ੍ਹਣ ਦਾ ਫੈਸਲਾ 7 ਵਰ੍ਹੇ ਪਹਿਲਾਂ 2016 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਤਕਾਲੀ ਅਮਰੀਕੀ ਰਾਸਟਰਪਤੀ ਬਰਾਕ ਓਬਾਮਾ ਵੱਲੋਂ ਲਿਆ ਗਿਆ ਸੀ। ਦੋਹਾਂ ਦੇਸ਼ਾਂ 'ਚ ਨਵੇਂ ਕੌਂਸਲੇਟ ਖੋਲ੍ਹਣ ਦੀ ਪਰਸਪਰ ਯੋਜਨਾ ਤਹਿਤ ਸੰਯੁਕਤ ਰਾਜ ਅਮਰੀਕਾ ਵੱਲੋਂ ਭਾਰਤ 'ਚ ਦੋ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ। ਇਸ ਤੋਂ ਪਹਿਲਾਂ ਰਾਜਦੂਤ ਸੰਧੂ ਸੋਵੀਅਤ ਯੂਨੀਅਨ ਦੇ ਵਿਖੰਡਨ ਤੋਂ ਬਾਅਦ 1992 'ਚ ਯੂਕ੍ਰੇਨ ਦੀ ਰਾਜਧਾਨੀ ਕੀਵ 'ਚ ਭਾਰਤੀ ਦੂਤਾਵਾਸ ਖੋਲ੍ਹਣ ਦਾ ਮਾਣ ਹਾਸਲ ਕਰ ਚੁੱਕੇ ਹਨ। ਸਰਦਾਰ ਸੰਧੂ ਨੇ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਨਾਲ ਅੰਮ੍ਰਿਤਸਰ ਅੰਤਰਰਾਸਟਰੀ ਹਵਾਈ ਅੱਡੇ ਤੋਂ ਕਾਰਗੋ ਸੇਵਾਵਾਂ ਸ਼ੁਰੂ ਕਰਨ ਅਤੇ ਏਅਰ ਕੁਨੈਕਟੀਵਿਟੀ ਵਧਾਉਣ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇੱਥੋਂ ਅਮਰੀਕਾ, ਕੈਨੇਡਾ , ਯੂਰਪੀਅਨ ਅਤੇ ਖਾੜੀ ਦੇਸ਼ਾਂ ਨਾਲ ਏਅਰ ਕੁਨੈਕਟੀਵਿਟੀ ਵਧਾਏ ਜਾਣ ਦੀਆਂ ਅਸੀਮ ਸੰਭਾਵਨਾਵਾਂ ਹਨ। ਕਾਰਗੋ ਸਹੂਲਤਾਂ ਨਾਲ ਵਪਾਰੀਆਂ, ਕਾਰੋਬਾਰੀਆਂ ਅਤੇ ਕਿਸਾਨਾਂ ਨੂੰ ਫਲ ਫਰੂਟ ਅਤੇ ਸਬਜੀਆਂ ਵਿਦੇਸ਼ੀ ਮੰਡੀ ਤਕ ਪਹੁੰਚਾਉਣ ਦੀ ਸਹੂਲਤ ਮਿਲੇਗੀ, ਜਿਸ ਨਾਲ ਉਨ੍ਹਾਂ ਦੀ ਆਮਦਨੀ 'ਚ ਭਾਰੀ ਵਾਧਾ ਹੋ ਸਕੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਇਕ ਧਾਰਮਿਕ ਕੇਂਦਰ ਹੀ ਨਹੀਂ, ਇਹ ਸਭਿਆਚਾਰਕ, ਸੈਰ ਸਪਾਟਾ, ਉਦਯੋਗਿਕ ਅਤੇ ਵਪਾਰਕ ਕੇਂਦਰ ਵੀ ਹੈ। ਇਥੇ ਹੁਨਰਮੰਦ ਨੌਜਵਾਨਾਂ ਦੀ ਕੋਈ ਕਮੀ ਨਹੀਂ। ਸਰਦਾਰ ਸੰਧੂ ਨੇ ਡਾ. ਜੈਸ਼ੰਕਰ ਨਾਲ ਵਿਦੇਸ਼ਾਂ 'ਚ ਪੜ੍ਹਾਈ ਅਤੇ ਕੰਮ ਕਰਨ ਲਈ ਗਈ ਨੌਜਵਾਨੀ ਦੀ ਸਥਿਤੀ ਤੋਂ ਇਲਾਵਾ ਅਮਰੀਕਨ ਕੰਪਨੀਆਂ ਐਮਾਜੋਨ, ਮਾਈਕ੍ਰੋਸਾਫਟ, ਬੋਇੰਗ, ਟਰੈਵਲ ਕੰਪਨੀ ਐਕਸਪੀਡੀਆ, ਲਗਜਰੀ ਫੈਸਨ ਰਿਟੇਲਰ ਨੌਰਡਸਟ੍ਰੋਮ ਸਮੇਤ ਪ੍ਰਮੁੱਖ ਇੰਜੀਨੀਅਰਿੰਗ ਕੰਪਨੀਆਂ ਅਤੇ ਹੋਰ ਵੱਡੀਆਂ ਤਕਨੀਕੀ ਕੰਪਨੀਆਂ ਤੋਂ ਅੰਮ੍ਰਿਤਸਰ 'ਚ ਪੂੰਜੀ ਨਿਵੇਸ਼ ਕਰਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ।

# ਨਾਇਬ ਸੈਣੀ ਦੀ ਨਿਯੁਕਤੀ 'ਤੇ ਉੱਠਣ ਲੱਗੇ ਸਵਾਲ, ਸੰਵਿਧਾਨਕ ਨਿਯਮਾਂ ਦੀ ਉਲੰਘਣਾ ਦਾ ਲਗਾਇਆ ਦੋਸ਼

ਚੰਡੀਗੜ੍ਹ 18 ਮਾਰਚ : ਹਰਿਆਣਾ 'ਚ ਨਾਇਬ ਸੈਣੀ ਦੀ ਸੀ.ਐੱਮ ਦੇ ਅਹੁਦੇ 'ਤੇ ਨਿਯੁਕਤੀ ਨੂੰ ਚੁਣੌਤੀ ਦੇਣ ਵਾਲੀ ਪਟੀਸਨ 'ਤੇ ਹਾਈਕੋਰਟ 'ਚ ਸੁਣਵਾਈ ਹੋਈ। ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਹਰਿਆਣਾ ਸਰਕਾਰ, ਕੇਂਦਰ ਸਰਕਾਰ, ਵਿਧਾਨ ਸਭਾ ਸਪੀਕਰ ਅਤੇ ਚੋਣ ਕਮਿਸਨ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਦੱਸ ਦੇਈਏ ਕਿ ਐਡਵੋਕੇਟ ਜਗਮੋਹਨ ਸਿੰਘ ਭੱਟੀ ਨੇ ਪਟੀਸਨ 'ਚ ਦੋਸ ਲਾਇਆ ਸੀ ਕਿ ਨਾਇਬ ਸਿੰਘ ਨੂੰ ਨਿਯਮਾਂ ਦੇ ਉਲਟ ਸੀ.ਐੱਮ. ਦੇ ਤੌਰ 'ਤੇ ਨਿਯੁਕਤ ਕੀਤਾ ਗਿਆ ਹੈ। ਪਟੀਸਨਕਰਤਾ ਨੇ ਕਿਹਾ ਕਿ ਰਾਜਪਾਲ ਧਾਰਾ 164 ਦੇ ਤਹਿਤ ਰਾਜ ਵਿਧਾਨ ਸਭਾ ਤੋਂ ਬਾਹਰ ਦੇ ਕਿਸੇ ਵਿਅਕਤੀ ਨੂੰ ਮੰਤਰੀ ਦੇ ਅਹੁਦੇ 'ਤੇ ਨਿਯੁਕਤ ਨਹੀਂ ਕਰ ਸਕਦਾ। ਸੈਣੀ ਇਸ ਸਮੇਂ ਸੰਸਦ ਮੈਂਬਰ ਹਨ ਅਤੇ ਇਸ ਲਈ ਉਹ ਵਿਧਾਨ ਸਭਾ ਦਾ ਹਿੱਸਾ ਨਹੀਂ ਹਨ। ਇਸ ਤੋਂ ਇਲਾਵਾ ਜਗਮੋਹਨ ਭੱਟੀ ਨੇ ਕਿਹਾ ਕਿ ਹਰਿਆਣਾ ਵਿਧਾਨ ਸਭਾ ਦੀਆਂ ਕੁੱਲ 90 ਸੀਟਾਂ ਹਨ ਅਤੇ ਜੇਕਰ ਨਾਇਬ ਸੈਣੀ ਨੂੰ ਹਰਿਆਣਾ ਦਾ ਮੁੱਖ ਮੰਤਰੀ ਬਣਾਇਆ ਜਾਂਦਾ ਹੈ ਤਾਂ ਇਹ ਗਿਣਤੀ ਵੱਧ ਕੇ 91 ਹੋ ਜਾਵੇਗੀ। ਪਟੀਸਨ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਸੈਣੀ ਦੀ ਨਿਯੁਕਤੀ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਕਰਕੇ ਕੀਤੀ ਗਈ ਹੈ। ਸੈਣੀ ਦੀ ਨਿਯੁਕਤੀ ਨਹੀਂ ਕੀਤੀ ਗਈ ਸਗੋਂ ਸਥਾਪਿਤ ਕੀਤੀ ਗਈ ਹੈ, ਜਿਸ ਨੇ ਸੰਵਿਧਾਨ ਦਾ ਖੁੱਲ੍ਹੇਆਮ ਮਜਾਕ ਉਡਾਇਆ ਹੈ।



# ਵਿਗਿਆਨੀਆਂ ਨੇ ਇਬੋਲਾ ਵਾਇਰਸ ਦੇ ਪ੍ਰਜਨਨ ਦੇ ਤਰੀਕੇ ਦਾ ਲਾਇਆ ਪਤਾ, ਦਵਾਈ ਦੀ ਖੋਜ 'ਚ ਮਦਦ ਦੀ ਉਮੀਦ

ਨਵੀਂ ਦਿੱਲੀ (ਭਾਸਾ) 18 ਮਾਰਚ : ਵਿਗਿਆਨੀਆਂ ਨੇ ਮਨੁੱਖੀ ਸਰੀਰ ਵਿਚ ਇਬੋਲਾ ਵਾਇਰਸ ਦੇ ਪ੍ਰਜਨਨ ਦੇ ਤੌਰ-ਤਰੀਕਿਆਂ ਦਾ ਪਤਾ ਲਗਾਇਆ ਹੈ, ਜਿਸ ਨਾਲ ਇਸ ਬਿਮਾਰੀ ਦੀ ਰੋਕਥਾਮ ਲਈ ਸੰਭਾਵਿਤ ਦਵਾਈ ਦਾ ਰਾਹ ਪੱਧਰਾ ਹੋ ਗਿਆ ਹੈ। ਇਹ ਅਧਿਐਨ ਇਸ ਗੱਲ 'ਤੇ ਵੀ ਰੌਸਨੀ ਪਾਉਂਦਾ ਹੈ ਕਿ ਇਹ ਘਾਤਕ ਵਾਇਰਸ ਯੂਬੀਕਿਉਟਿਨ ਨਾਮਕ ਮਨੁੱਖੀ ਪ੍ਰੋਟੀਨ ਨਾਲ ਕਿਵੇਂ ਕਿਰਿਆ ਕਰਦਾ ਹੈ। ਇਸ ਵਾਇਰਸ ਦਾ ਸਭ ਤੋਂ ਵੱਧ ਕਹਿਰ ਅਫਰੀਕਾ ਦੇ ਉਪ-ਸਹਾਰਨ ਖੇਤਰ ਵਿੱਚ ਦੇਖਿਆ ਗਿਆ ਹੈ। ਇਸ ਅਧਿਐਨ ਦੇ ਸਹਿ-ਲੇਖਕ ਕੈਨੇਡਾ ਵਿੱਚ ਮਾਂਟਰੀਅਲ ਯੂਨੀਵਰਸਿਟੀ ਦੇ ਪ੍ਰੋਫੈਸਰ ਰਾਫੇਲ ਨਜਮਾਨੋਵਿਚ ਨੇ ਕਿਹਾ, "ਅਸੀਂ ਇਬੋਲਾ ਵਾਇਰਸ ਦੇ 35 ਪ੍ਰੋਟੀਨ ਅਤੇ ਯੂਬੀਕਿਉਟਿਨ ਵਿਚਕਾਰ ਸਬੰਧਾਂ ਦੀ ਜਾਂਚ ਕਰਨ ਲਈ ਪ੍ਰਯੋਗਾਤਮਕ ਅਤੇ ਕੰਪਿਊਟਰ ਤਕਨੀਕਾਂ ਦੀ ਇੱਕੋ ਸਮੇਂ ਵਰਤੋਂ ਕੀਤੀ।" ਉਨ੍ਹਾਂ ਕਿਹਾ ਕਿ ਸਾਡੀ ਟੀਮ ਵੱਲੋਂ ਅਪਣਾਏ ਗਏ ਐਡਵਾਂਸਡ ਕੰਪਿਊਟਰਾਈਜਡ ਮਾਡਲਿੰਗ ਨੇ ਮਨੁੱਖੀ ਸੈੱਲਾਂ ਵਿੱਚ ਪ੍ਰੋਟੀਨ 35 ਅਤੇ ਯੂਬੀਕਿਉਟਿਨ ਚੇਨ ਵਿਚਕਾਰ ਸਬੰਧਾਂ ਬਾਰੇ ਭਵਿੱਖਬਾਣੀਆਂ ਪ੍ਰਾਪਤ ਹੋਈਆਂ ਅਤੇ ਅਜਿਹੇ ਸੰਭਾਵਿਤ ਰਸਾਇਣਿਕ ਮਿਸ਼ਰਣਾਂ ਦੀ ਪਛਾਣ ਹੋ ਸਕੀ ਜੋ ਉਨ੍ਹਾਂ ਵਿਚਕਾਰ ਕਿਰਿਆ ਵਿਚ ਰੁਕਾਵਟ ਪੈਦਾ ਕਰ ਸਕਦੇ ਹਨ। ਇਬੋਲਾ ਇਕ ਕਿਸਮ ਦਾ ਹੈਮੋਰੈਜਿਕ ਬੁਖਾਰ ਹੈ ਜੋ ਇਬੋਲਾ ਵਾਇਰਸ ਦੀਆਂ ਵੱਖ-ਵੱਖ ਕਿਸਮਾਂ ਕਾਰਨ ਹੁੰਦਾ ਹੈ। ਇਸ ਵਿੱਚ ਪਹਿਲਾਂ ਫਲੂ ਵਰਗੇ ਲੱਛਣ ਦਿਖਾਈ ਦਿੰਦੇ ਹਨ ਅਤੇ ਬਾਅਦ ਵਿੱਚ ਉਲਟੀਆਂ, ਖ਼ੂਨ ਵਹਿਣਾ ਅਤੇ ਨਿਊਰੋਲੋਜੀਕਲ ਸਮੱਸਿਆਵਾਂ ਹੁੰਦੀਆਂ ਹਨ। ਖੋਜਕਰਤਾਵਾਂ ਨੇ ਦੱਸਿਆ ਕਿ ਇਹ ਅਧਿਐਨ 'ਪੀਐੱਲਓਐੱਸ ਬਾਇਓਲੋਜੀ' ਜਰਨਲ ਵਿੱਚ ਪ੍ਰਕਾਸ਼ਿਤ ਹੋਇਆ ਹੈ। ਉਨ੍ਹਾਂ ਅਨੁਸਾਰ, ਇਸ ਨਾਲ ਨਾ ਸਿਰਫ ਇਸ ਵਾਇਰਸ ਦੇ ਕੰਮਕਾਜ ਦੇ ਤਰੀਕਿਆਂ ਨੂੰ ਲੈ ਕੇ ਸਾਡੀ ਸਮਝ ਡੂੰਘੀ ਹੁੰਦੀ ਹੈ, ਸਗੋਂ ਇਹ ਵਧੇਰੇ ਪ੍ਰਭਾਵਸਾਲੀ ਇਲਾਜਾਂ ਦਾ ਰਾਹ ਵੀ ਪੱਧਰਾ ਕਰਦਾ ਹੈ। ਨਜਮਾਨੋਵਿਚ ਨੇ ਕਿਹਾ, ਖਾਸ ਤੌਰ 'ਤੇ ਇਹ ਇੱਕ ਅਜਿਹੀ ਦਵਾਈ ਤਿਆਰ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ ਜੋ ਮਨੁੱਖੀ ਪ੍ਰੋਟੀਨ ਯੂਬੀਕਿਊਟਿਨ ਨਾਲ ਕਿਰਿਆ ਵਿੱਚ ਰੁਕਾਵਟ ਪੈਦਾ ਕਰ ਸਕਦੀ ਹੈ ਅਤੇ ਵਾਇਰਸ ਦੇ ਪ੍ਰਜਨਨ ਦੀ ਰਫਤਾਰ ਹੌਲੀ ਕਰ ਸਕਦੀ ਹੈ।

# ਆਈਟੀ ਦੇ ਸੰਸਥਾਪਕ ਨਰਾਇਣ ਮੂਰਤੀ ਦਾ 4 ਮਹੀਨਿਆਂ ਦਾ ਪੋਤਾ ਬਣਿਆ ਸਭ ਤੋਂ ਛੋਟੀ ਉਮਰ ਦਾ ਕਰੋੜਪਤੀ

ਨਵੀਂ ਦਿੱਲੀ 18 ਮਾਰਚ : ਭਾਰਤ ਦੀ ਦੂਜੀ ਸਭ ਤੋਂ ਵੱਡੀ ਆਈਟੀ ਕੰਪਨੀ ਇਨਫੋਸਿਸ ਦੇ ਸੰਸਥਾਪਕ ਨਰਾਇਣ ਮੂਰਤੀ ਅਕਸਰ ਸੁਰਖੀਆਂ ਵਿੱਚ ਰਹਿੰਦੇ ਹਨ। ਹਾਲ ਹੀ 'ਚ ਉਨ੍ਹਾਂ ਨੇ ਭਾਰਤੀ ਕਰਮਚਾਰੀਆਂ ਨੂੰ ਹਫਤੇ 'ਚ 70 ਘੰਟੇ ਕੰਮ ਕਰਨ ਦੀ ਵਕਾਲਤ ਕੀਤੀ ਸੀ। ਹੁਣ ਅੱਜ ਉਨ੍ਹਾਂ ਨੇ ਕੁਝ ਅਜਿਹਾ ਕੀਤਾ ਜੋ ਪੂਰੇ ਦੇਸ 'ਚ ਚਰਚਾ ਦਾ ਵਿਸਾ ਬਣ ਗਿਆ। ਅੱਜ ਨਰਾਇਣ ਮੂਰਤੀ ਨੇ ਆਪਣੇ ਚਾਰ ਮਹੀਨਿਆਂ ਦੇ ਪੋਤੇ ਏਕਾਗ੍ਰਹ ਰੋਹਨ ਮੂਰਤੀ ਨੂੰ 240 ਕਰੋੜ ਰੁਪਏ ਦੇ ਸੇਅਰਾਂ ਵਿੱਚ ਹਿੱਸੇਦਾਰੀ ਦੇ ਕੇ ਭਾਰਤ ਦਾ ਸਭ ਤੋਂ ਛੋਟੀ ਉਮਰ ਵਾਲਾ ਕਰੋੜਪਤੀ ਬਣਾ ਦਿੱਤਾ ਹੈ। ਬੀਐਸਈ ਫਾਈਲਿੰਗ ਅਨੁਸਾਰ ਭਾਰਤ ਵਿੱਚ ਸਭ ਤੋਂ ਘੱਟ ਉਮਰ ਦੇ ਕਰੋੜਪਤੀ ਬਣੇ ਏਕਾਗ੍ਰਹਿ ਰੋਹਨ ਸਿੰਘ ਦੀ ਇਨਫੋਸਿਸ ਕੰਪਨੀ ਵਿੱਚ 15 ਲੱਖ ਸੇਅਰਾਂ ਦੀ ਹਿੱਸੇਦਾਰੀ ਹੈ। ਇਸ ਨਾਲ ਇਕਾਗ੍ਰਹਿ ਦੀ ਹੁਣ ਇਨਫੋਸਿਸ 'ਚ 0.04 ਫੀਸਦੀ ਹਿੱਸੇਦਾਰੀ ਹੋਵੇਗੀ। 6.65 ਲੱਖ ਕਰੋੜ ਰੁਪਏ ਦੀ ਮਾਰਕੀਟ ਕੈਪ ਵਾਲੀ ਕੰਪਨੀ ਇੰਫੋਸਿਸ ਦੇ ਸੇਅਰਾਂ 'ਚ ਅੱਜ ਗਿਰਾਵਟ ਦਰਜ ਕੀਤੀ ਗਈ। ਦੁਪਹਿਰ 3:20 ਵਜੇ ਇਸ ਦੇ ਸੇਅਰ 2.05 ਫੀਸਦੀ ਦੀ ਗਿਰਾਵਟ ਨਾਲ 1601.40 ਰੁਪਏ 'ਤੇ ਕਾਰੋਬਾਰ ਕਰ ਰਹੇ ਸਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹੀਂ ਦਿਨੀਂ ਵਿਦੇਸੀ ਸੰਸਥਾਗਤ ਨਿਵੇਸਕ () ਅਤੇ ਘਰੇਲੂ ਸੰਸਥਾਗਤ ਨਿਵੇਸਕ () ਸੇਅਰਾਂ ਦੀ ਭਾਰੀ ਵਿਕਰੀ ਕਰ ਰਹੇ ਹਨ, ਜਿਸ ਦਾ ਅਸਰ ਆਈਟੀ ਸਟਾਕਾਂ 'ਤੇ ਵੀ ਦੇਖਣ ਨੂੰ ਮਿਲੇਗਾ। ਇੰਫੋਸਿਸ ਦੇ ਸੇਅਰਾਂ ਦੀ ਗੱਲ ਕਰੀਏ ਤਾਂ ਇਸ ਨੇ ਇਕ ਸਾਲ 'ਚ ਨਿਵੇਸਕਾਂ ਨੂੰ ਲਗਭਗ 14 ਫੀਸਦੀ ਰਿਟਰਨ ਦਿੱਤਾ ਹੈ। ਕੰਪਨੀ ਦੇ ਸੇਅਰ ਪਿਛਲੇ ਇੱਕ ਮਹੀਨੇ ਤੋਂ ਚੰਗਾ ਪ੍ਰਦਰਸਨ ਨਹੀਂ ਦਿਖਾ ਰਹੇ ਹਨ। ਕੰਪਨੀ ਦੇ ਸੇਅਰ 1 ਹਫਤੇ 'ਚ 5.72 ਫੀਸਦੀ ਤੱਕ ਡਿੱਗ ਗਏ ਹਨ। ਜਿ਼ਕਰਯੋਗ ਹੈ ਕਿ ਨਰਾਇਣ ਮੂਰਤੀ ਅਤੇ ਉਨ੍ਹਾਂ ਦੀ ਪਤਨੀ ਸੁਧਾ ਮੂਰਤੀ ਦੇ ਦੋ ਬੱਚੇ ਹਨ। ਇਕ ਬੇਟਾ ਰੋਹਨ ਮੂਰਤੀ ਅਤੇ ਇਕ ਬੇਟੀ ਅਕਸਾ ਮੂਰਤੀ, ਜਿਸ ਦੇ ਪਤੀ ਇੰਗਲੈਂਡ ਦੇ ਪ੍ਰਧਾਨ ਮੰਤਰੀ ਰਿਸੀ ਸੁਨਕ ਹਨ। ਏਕਾਗ੍ਰਹਾ ਰੋਹਨ ਮੂਰਤੀ ਰੋਹਨ ਮੂਰਤੀ ਅਤੇ ਅਪਰਨਾ ਕ੍ਰਿਸਨਨ ਦਾ ਪੁੱਤਰ ਹੈ। ਉਸਦਾ ਜਨਮ ਨਵੰਬਰ 2023 ਵਿੱਚ ਹੀ ਹੋਇਆ ਸੀ।

# ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਦਾ ਸਖਤ ਐਕਸ਼ਨ

ਨਵੀਂ ਦਿੱਲੀ (ਵਾਰਤਾ) 18 ਮਾਰਚ : ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਚੋਣ ਮਸ਼ੀਨਰੀ ਦੀ ਨਿਰਪੱਖਤਾ ਯਕੀਨੀ ਕਰਨ ਦੀ ਦਿਸ਼ਾ 'ਚ ਚੁੱਕੇ ਗਏ ਇਕ ਮਹੱਤਵਪੂਰਨ ਕਦਮ ਦੇ ਅਧੀਨ 6 ਸੂਬਿਆਂ ਦੇ ਗ੍ਰਹਿ ਸਕੱਤਰ ਬਦਲਣ ਦਾ ਆਦੇਸ਼ ਦਿੱਤਾ ਹੈ। ਸੂਤਰਾਂ ਅਨੁਸਾਰ ਕਮਿਸ਼ਨ ਨੇ ਸੋਮਵਾਰ ਨੂੰ ਪੱਛਮੀ ਬੰਗਾਲ ਦੇ ਪੁਲਸ ਡਾਇਰੈਕਟਰ ਜਨਰਲ ਰਾਜੀਵ ਕੁਮਾਰ ਨੂੰ ਵੀ ਚੋਣ ਕੰਮ ਤੋਂ ਦੂਰ ਰੱਖਣ ਦਾ ਆਦੇਸ਼ ਦਿੱਤਾ ਹੈ ਅਤੇ ਸੂਬਾ ਸਰਕਾਰ ਨੂੰ ਉਨ੍ਹਾਂ ਦੀ ਜਗ੍ਹਾ ਨਿਯੁਕਤੀ ਲਈ ਤਿੰਨ ਪੁਲਸ ਅਧਿਕਾਰੀਆਂ ਦੇ ਨਾਵਾਂ ਦਾ ਪੈਨਲ ਭੇਜਣ ਲਈ ਕਿਹਾ ਹੈ। ਸੂਤਰਾਂ ਨੇ ਦੱਸਿਆ ਕਿ ਕਮਿਸ਼ਨ ਨੇ ਬ੍ਰਿਹਨਮੁੰਬਈ ਮਹਾਨਗਰ ਨਿਗਮ ਦੇ ਕਮਿਸ਼ਨਰ ਅਤੇ ਪ੍ਰਸ਼ਾਸਕ ਇਕਬਾਲ ਸਿੰਘ ਚਹਿਲ ਨੂੰ ਵੀ ਚੋਣ ਕੰਮ ਤੋਂ ਮੁਕਤ ਕਰਨ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਉੱਤਰ ਪ੍ਰਦੇਸ਼, ਬਿਹਾਰ, ਗੁਜਰਾਤ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਝਾਰਖੰਡ ਦੀਆਂ ਸਰਕਾਰਾਂ ਨੂੰ ਉਨ੍ਹਾਂ ਦੇ ਮੌਜੂਦਾ ਗ੍ਰਹਿ ਸਕੱਤਰਾਂ ਨੂੰ ਹਟਾਉਣ ਦਾ ਆਦੇਸ਼ ਦਿੱਤਾ ਹੈ। ਇਨ੍ਹਾਂ ਦੀ ਜਗ੍ਹਾ ਕਮਿਸ਼ਨ ਦੀ ਨਿਗਰਾਨੀ 'ਚ ਦੂਜੇ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾਵੇਗੀ। ਸੂਤਰਾਂ ਨੇ ਕਿਹਾ ਕਿ ਕਮਿਸ਼ਨ ਨੇ ਮਿਜ਼ੋਰਮ ਅਤੇ ਹਿਮਾਚਲ ਪ੍ਰਦੇਸ਼ ਸਰਕਾਰਾਂ ਨੂੰ ਉਨ੍ਹਾਂ ਦੇ ਆਮ ਪ੍ਰਸ਼ਾਸਨਿਕ ਵਿਭਾਗਾਂ ਦੇ ਸਕੱਤਰਾਂ ਨੂੰ ਵੀ ਬਦਲਣ ਦੇ ਸੰਬੰਧ 'ਚ ਨਿਰਦੇਸ਼ ਜਾਰੀ ਕੀਤੇ ਹਨ। ਕਮਿਸ਼ਨ ਨੇ ਪੱਛਮੀ ਬੰਗਾਲ ਸਰਕਾਰ ਨੂੰ ਪੁਲਸ ਡਾਇਰੈਕਟਰ ਜਨਰਲ ਰਾਜੀਵ ਕੁਮਾਰ ਨੂੰ ਉਨ੍ਹਾਂ ਦੇ ਮੌਜੂਦਾ ਚਾਰਜ ਤੋਂ ਹਟਾ ਕੇ ਗੈਰ-ਚੋਣ ਕੰਮ 'ਚ ਨਿਯੁਕਤ ਕਰਨ ਦਾ ਆਦੇਸ਼ ਦਿੱਤਾ ਹੈ। ਕਮਿਸ਼ਨ ਨੇ ਸੂਬਾ ਸਰਕਾਰ ਨੂੰ ਉਨ੍ਹਾਂ ਦੀ ਜਗ੍ਹਾ ਤਾਇਨਾਤ ਕੀਤੇ ਜਾਣ ਵਾਲੇ ਅਧਿਕਾਰੀ ਦੀ ਚੋਣ ਲਈ ਤਿੰਨ ਪੁਲਸ ਅਧਿਕਾਰੀਆਂ ਦੇ ਨਾਂ ਦੀ ਸੂਚੀ ਭੇਜਣ ਲਈ ਕਿਹਾ ਹੈ। ਸੂਬਾ ਸਰਕਾਰ ਨੂੰ ਇਸ ਸੰਬੰਧ 'ਚ ਕਾਰਵਾਈ ਪੂਰੀ ਕਰਨ ਲਈ ਅੱਜ ਸ਼ਾਮ 5 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਹੈ।

## ਇਸ ਵਾਰ ਵੀ ਸਭ ਤੋਂ ਮਹਿੰਗੀਆਂ ਹੋਣਗੀਆਂ ਚੋਣਾਂ, ਜਾਣੋ ਹਰ ਵੋਟਰ 'ਤੇ ਕਿੰਨਾ ਹੋਵੇਗਾ ਖਰਚ

ਨਵੀਂ ਦਿੱਲੀ 18 ਮਾਰਚ : 18ਵੀਂ ਲੋਕ ਸਭਾ ਲਈ ਹੋ ਰਹੀਆਂ ਚੋਣਾਂ ਚੋਣ ਪ੍ਰਕਿਰਿਆ ਦੇ ਹਿਸਾਬ ਨਾਲ ਹੀ ਨਹੀਂ, ਵੋਟਿੰਗ 'ਤੇ ਹੋਣ ਵਾਲੇ ਖਰਚ ਦੇ ਹਿਸਾਬ ਤੋਂ ਵੀ ਸਭ ਤੋਂ ਮਹਿੰਗੀਆਂ ਚੋਣਾਂ ਹੋਣ ਵਾਲੀਆਂ ਹਨ। ਇਸ ਵਾਰ 97 ਕਰੋੜ ਵੋਟਰ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨਗੇ। ਮਾਹਰਾਂ ਮੁਤਾਬਕ ਸੁਚਾਰੂ ਰੂਪ ਨਾਲ ਵੋਟਿੰਗ ਕਰਾਉਣ 'ਤੇ ਇਸ ਵਾਰ ਭਾਰਤ ਸਰਕਾਰ ਕਰੀਬ 24 ਹਜਾਰ ਕਰੋੜ ਰੁਪਏ ਖਰਚ ਕਰੇਗੀ। ਇਸ ਲਿਹਾਜ ਨਾਲ ਕਰੀਬ 243 ਰੁਪਏ ਹਰ ਵੋਟਰ 'ਤੇ ਖਰਚ ਹੋਣ ਦਾ ਅਨੁਮਾਨ ਹੈ। ਜੇਕਰ ਗੱਲ 1952 ਦੀਆਂ ਆਮ ਚੋਣਾਂ ਦੀ ਕਰੀਏ ਤਾਂ 17.32 ਕਰੋੜ ਲੋਕਾਂ ਨੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕੀਤਾ ਸੀ। ਕੁੱਲ 10.45 ਕਰੋੜ ਰੁਪਏ ਖਰਚ ਹੋਏ ਅਤੇ ਹਰ ਵੋਟਰ 'ਤੇ 60 ਪੈਸੇ ਦੀ ਲਾਗਤ ਆਈ। ਇਕ ਰਿਪੋਰਟ ਮੁਤਾਬਕ 2019 ਦੀਆਂ ਆਮ ਚੋਣਾਂ ਵਿਚ ਸਰਕਾਰ ਨੇ ਕਰੀਬ 12 ਹਜਾਰ ਕਰੋੜ ਰੁਪਏ ਖਰਚ ਕੀਤੇ ਅਤੇ ਹਰ ਵੋਟਰ 'ਤੇ 93 ਰੁਪਏ ਖਰਚ ਹੋਏ। ਦੱਸ ਦੇਈਏ ਕਿ ਚੋਣ ਕਮਿਸ਼ਨ ਹਰ ਸਾਲ ਵੋਟਰ ਜਾਗਰੂਕਤਾ ਮੁਹਿੰਮ, ਵੋਟਰ ਕਾਰਡ ਬਣਾਉਣ ਨੂੰ ਲੈ ਕੇ ਈ. ਵੀ. ਐੱਮ. ਦੇ ਰੱਖ-ਰਖਾਅ 'ਤੇ ਬਹੁਤ ਖਰਚ ਕਰਦਾ ਹੈ। ਸਾਲ 2014 ਵਿਚ ਪਹਿਲੀ ਵਾਰ ਵੋਟਰ ਵੈਰੀਫਾਈਡ ਪੇਪਰ ਆਡਿਟ ਟ੍ਰੇਲ () ਦੀ ਵਰਤੋਂ ਕੀਤੀ ਗਈ, ਜਿਸ ਨਾਲ ਲਾਗਤ ਵੀ ਵਧ ਗਈ। ਇਹ ਵੀ ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ 'ਤੇ ਹੋਣ ਵਾਲਾ ਪੂਰਾ ਖਰਚ ਭਾਰਤ ਸਰਕਾਰ ਚੁੱਕਦੀ ਹੈ। ਜਦਕਿ ਕਾਨੂੰਨ ਵਿਵਸਥਾ ਬਣਾ ਕੇ ਰੱਖਣ ਦਾ ਖਰਚ ਸਬੰਧਤ ਸੂਬਾਈ ਸਰਕਾਰਾਂ ਵਲੋਂ ਕੀਤਾ ਜਾਂਦਾ ਹੈ। ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਸ਼ੁਰੂ ਦੀਆਂ 6 ਆਮ ਚੋਣਾਂ 'ਚ ਪ੍ਰਤੀ ਵੋਟਰ ਲਾਗਤ 1 ਰੁਪਏ ਤੋਂ ਵੀ ਘੱਟ ਸੀ ਪਰ ਵਧਦੀ ਮਹਿੰਗਾਈ ਅਤੇ ਰੁਪਏ ਦੇ ਕਮਜ਼ੋਰ ਹੋਣ ਨਾਲ ਹਰ ਵਾਰ ਚੋਣਾਂ ਦੇ ਖਰਚ 'ਚ ਬੇਤਹਾਸ਼ਾ ਵਾਧਾ ਹੁੰਦਾ ਹੈ।

# ਚੀਨੀ ਫੌਜ ਦਾ ਦਾਅਵਾ-ਅਰੁਣਾਚਲ ਪ੍ਰਦੇਸ਼ 'ਚੀਨ ਦਾ ਹਿੱਸਾ'



ਬੀਜਿੰਗ (ਭਾਸ਼ਾ), 18 ਮਾਰਚ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਰੁਣਾਚਲ ਪ੍ਰਦੇਸ ਦੇ ਦੌਰੇ ਨੂੰ ਲੈ ਕੇ ਚੀਨ ਦੇ ਇਤਰਾਜ ਨੂੰ ਭਾਰਤ ਵਲੋਂ ਠੁਕਰਾਏ ਜਾਣ ਤੋਂ ਕੁਝ ਦਿਨ ਬਾਅਦ ਚੀਨੀ ਫੌਜ ਨੇ ਸੂਬੇ 'ਤੇ ਫਿਰ ਤੋਂ ਦਾਅਵਾ ਕਰਦੇ ਹੋਏ ਇਸ ਨੂੰ 'ਚੀਨ ਦਾ ਖੇਤਰ' ਤੇ 'ਕੁਦਰਤੀ ਹਿੱਸਾ' ਦੱਸਿਆ ਹੈ। ਚੀਨੀ ਰੱਖਿਆ ਮੰਤਰਾਲਾ ਦੇ ਬੁਲਾਰੇ ਕਰਨਲ ਝਾਂਗ ਜਿ਼ਆਓਗਾਂਗ ਨੇ ਕਿਹਾ ਹੈ ਕਿ ਜਿਜਾਂਗ (ਤਿੱਬਤ ਦਾ ਚੀਨੀ ਨਾਂ) ਦਾ ਦੱਖਣੀ ਹਿੱਸਾ ਚੀਨ ਦੇ ਖੇਤਰ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਬੀਜਿੰਗ ਭਾਰਤ ਵਲੋਂ ਗੈਰ-ਕਾਨੂੰਨੀ ਢੰਗ ਨਾਲ ਸਥਾਪਤ ਅਰੁਣਾਚਲ ਪ੍ਰਦੇਸ ਨੂੰ ਕਦੇ ਵੀ ਸਵੀਕਾਰ ਨਹੀਂ ਕਰਦਾ ਤੇ ਇਸ ਦਾ ਸਖਤ ਵਿਰੋਧ ਕਰਦਾ ਹੈ। ਮੋਦੀ ਦੇ ਦੌਰੇ ਦਾ ਜਿ਼ਕਰ ਕੀਤੇ ਬਿਨਾਂ ਝਾਂਗ ਨੇ ਕਿਹਾ ਕਿ ਭਾਰਤੀ ਪੱਖ ਦੀ ਕਾਰਵਾਈ ਸਰਹੱਦ 'ਤੇ ਤਣਾਅਪੂਰਨ ਹਾਲਾਤ ਨੂੰ ਘੱਟ ਕਰਨ ਲਈ ਦੋਵਾਂ ਪਾਸਿਆਂ ਵੱਲੋਂ ਕੀਤੀਆਂ ਜਾ ਰਹੀਆਂ ਕੋਸਿ਼ਸਾਂ ਦੇ ਉਲਟ ਹੈ। ਇਹ ਸਰਹੱਦੀ ਖੇਤਰਾਂ 'ਚ ਸਾਂਤੀ ਬਣਾਈ ਰੱਖਣ ਲਈ ਠੀਕ ਨਹੀਂ ਹੈ। ਮੌਜੂਦਾ ਸਰਹੱਦੀ ਸਥਿਤੀ ਦੋਵਾਂ ਧਿਰਾਂ ਦਰਮਿਆਨ ਚਿੰਤਾ ਦੇ ਸਾਂਝੇ ਸਰਹੱਦੀ ਮੁੱਦਿਆਂ 'ਤੇ ਪ੍ਰਭਾਵਸਾਲੀ ਕੂਟਨੀਤਕ ਤੇ ਫੌਜੀ ਸੰਚਾਰ ਨਾਲ ਆਮ ਤੌਰ 'ਤੇ ਸਥਿਰ ਹੈ। ਚੀਨੀ ਰੱਖਿਆ ਮੰਤਰਾਲਾ ਦੀ ਵੈੱਬਸਾਈਟ 'ਤੇ ਸੇਅਰ ਕੀਤੀ ਗਈ ਖਬਰ ਮੁਤਾਬਕ ਝਾਂਗ ਨੇ ਇਹ ਟਿੱਪਣੀ ਅਰੁਣਾਚਲ ਪ੍ਰਦੇਸ 'ਚ ਸੇਲਾ ਸੁਰੰਗ ਰਾਹੀਂ ਭਾਰਤ ਵੱਲੋਂ ਆਪਣੀ ਫੌਜੀ ਤਿਆਰੀ ਵਧਾਉਣ ਦੇ ਜਵਾਬ 'ਚ ਕੀਤੀ ਹੈ। ਅਰੁਣਾਚਲ ਪ੍ਰਦੇਸ 'ਤੇ ਦੱਖਣੀ ਤਿੱਬਤ ਦੇ ਹਿੱਸੇ ਵਜੋਂ ਆਪਣਾ ਦਾਅਵਾ ਕਰਨ ਵਾਲਾ ਚੀਨ ਆਪਣੇ ਦਾਅਵਿਆਂ ਨੂੰ ਰੇਖਾਂਕਿਤ ਕਰਨ ਲਈ ਭਾਰਤੀ ਨੇਤਾਵਾਂ ਵਲੋਂ ਸੂਬੇ ਦੇ ਕੀਤੇ ਜਾਣ ਵਾਲੇ ਦੌਰਿਆਂ 'ਤੇ ਨਿਯਮਤ ਤੌਰ 'ਤੇ ਇਤਰਾਜ ਕਰਦਾ ਰਹਿੰਦਾ ਹੈ। ਭਾਰਤ ਨੇ ਅਰੁਣਾਚਲ ਪ੍ਰਦੇਸ 'ਤੇ ਚੀਨ ਦੇ ਖੇਤਰੀ ਦਾਅਵਿਆਂ ਨੂੰ ਵਾਰ-ਵਾਰ ਰੱਦ ਕੀਤਾ ਹੈ ਤੇ ਕਿਹਾ ਹੈ ਕਿ ਇਹ ਸੂਬਾ ਦੇਸ ਦਾ ਅਨਿੱਖੜਵਾਂ ਅੰਗ ਹੈ। ਨਵੀਂ ਦਿੱਲੀ ਨੇ ਇਸ ਖੇਤਰ ਨੂੰ ਫਰਜੀ ਨਾਂ 'ਜਾਂਗਨਾਨ' ਦੇਣ ਦੇ ਚੀਨ ਦੇ ਕਦਮ ਨੂੰ ਵੀ ਰੱਦ ਕਰਦੇ ਹੋਏ ਕਿਹਾ ਹੈ ਕਿ ਇਸ ਨਾਲ ਅਸਲੀਅਤ ਨਹੀਂ ਬਦਲੀ ਹੈ। ਪ੍ਰਧਾਨ ਮੰਤਰੀ ਮੋਦੀ ਨੇ 9 ਮਾਰਚ ਨੂੰ ਅਰੁਣਾਚਲ ਪ੍ਰਦੇਸ ਵਿੱਚ 13,000 ਫੁੱਟ ਦੀ ਉਚਾਈ 'ਤੇ ਬਣੀ ਸੇਲਾ ਸੁਰੰਗ ਨੂੰ ਰਾਸਟਰ ਨੂੰ ਸਮਰਪਿਤ ਕੀਤਾ ਸੀ।

# ਰਾਹੁਲ ਗਾਂਧੀ ਨੇ ਸਰਕਾਰ 'ਤੇ ਵਿੰਨ੍ਹਿਆ ਨਿਸ਼ਾਨਾ, ਹਿੰਦੂ ਧਰਮ ਦਾ ਜ਼ਿਕਰ ਕਰ ਆਖੀ ਇਹ ਗੱਲ



ਮੁੰਬਈ, 18 ਮਾਰਚ : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਮੁੰਬਈ ਵਿਚ ਭਾਰਤ ਜੋੜੋ ਨਿਆਂ ਯਾਤਰਾ ਦੇ ਸਮਾਪਨ ਸਮਾਰੋਹ ਵਿਚ ਸਰਕਾਰ 'ਤੇ ਜੰਮ ਕੇ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਨੇ ਕਿਹਾ ਕਿ ਹਿੰਦੂ ਧਰਮ ਵਿਚ ਇਕ ਸ਼ਬਦ ਹੁੰਦਾ ਹੈ 'ਸ਼ਕਤੀ'। ਅਸੀਂ ਇਕ ਸ਼ਕਤੀ ਨਾਲ ਲੜ ਰਹੇ ਹਾਂ। ਸਵਾਲ ਇਹ ਹੈ ਕਿ ਉਹ ਸ਼ਕਤੀ ਕੀ ਹੈ? ਰਾਜਾ ਦੀ ਆਤਮਾ ਵਿਚ ਹੈ, ਇਹ ਸੱਚ ਹੈ। ਰਾਜਾ ਦੀ ਆਤਮਾ ਈ. ਵੀ. ਐੱਮ. ਅਤੇ ਦੇਸ਼ ਦੀ ਹਰ ਸੰਸਥਾ, , ਵਿਚ ਹੈ। ਦਰਅਸਲ ਰਾਹੁਲ ਦਾ ਨਿਸ਼ਾਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ , , ਅਤੇ ਆਮਦਨ ਟੈਕਸ ਵਿਭਾਗ ਬਿਨਾਂ ਲੋਕ ਸਭਾ ਚੋਣਾਂ ਨਹੀਂ ਜਿੱਤ ਸਕਣਗੇ। ਰਾਹੁਲ ਮੁਤਾਬਕ ਮੋਦੀ ਇਕ ਮਖੌਟਾ ਹੈ, ਜੋ ਸ਼ਕਤੀ ਲਈ ਕੰਮ ਕਰਦੇ ਹਨ। ਉਹ ਹਲਕਾ ਆਦਮੀ ਹੈ, ਜਿਨ੍ਹਾਂ ਕੋਲ 56 ਇੰਚ ਦਾ ਸੀਨਾ ਨਹੀਂ ਹੈ। ਰਾਹੁਲ ਨੇ ਨੇਤਾਵਾਂ ਦੇ ਪਾਰਟੀ ਛੱਡਣ ਦਾ ਵੀ ਜਿ਼ਕਰ ਕੀਤਾ। ਰਾਹੁਲ ਨੇ ਕਿਹਾ ਕਿ ਮਹਾਰਾਸ਼ਟਰ ਦੇ ਇਕ ਸੀਨੀਅਰ ਕਾਂਗਰਸ ਨੇਤਾ ਪਾਰਟੀ ਨੂੰ ਛੱਡਦੇ ਹਨ ਅਤੇ ਮੇਰੀ ਮਾਂ ਨੂੰ ਰੋਂਦੇ ਹੋਏ ਆਖਦੇ ਹਨ ਕਿ ਸੋਨੀਆ ਜੀ, ਮੈਨੂੰ ਸ਼ਰਮ ਆ ਰਹੀ ਹੈ ਕਿ ਮੇਰੇ ਕੋਲ ਸ਼ਕਤੀ ਨਾਲ ਲੜਨ ਦੀ ਹਿੰਮਤ ਨਹੀਂ ਹੈ। ਮੈਂ ਜੇਲ੍ਹ ਨਹੀਂ ਜਾਣਾ ਚਾਹੁੰਦਾ। ਇਸ ਤਰ੍ਹਾਂ ਹਜਾਰਾਂ ਲੋਕਾਂ ਨੂੰ ਡਰਾਇਆ ਗਿਆ। ਰਾਹੁਲ ਨੇ ਇਸ ਦੇ ਨਾਲ ਹੀ ਕਿਹਾ ਕਿ ਵੱਧਦੀ ਬੇਰੁਜਗਾਰੀ, ਮਹਿੰਗਾਈ ਅਤੇ ਸਮਾਜ ਵਿਚ ਨਫਰਤ ਨੂੰ ਉਜਾਗਰ ਕਰਨ ਲਈ ਆਪਣੀ ਭਾਰਤ ਜੋੜੋ ਯਾਤਰਾ ਸ਼ੁਰੂ ਕਰਨ ਲਈ ਮਜਬੂਰ ਹੋਣਾ ਪਿਆ।

# ਹਿਮਾਚਲ ਕਾਂਗਰਸ ਦੇ 6 ਬਾਗੀ ਵਿਧਾਇਕਾਂ ਨੂੰ ਨਹੀਂ ਮਿਲੀ ਰਾਹਤ, ਸੁਪਰੀਮ ਕੋਰਟ ਨੇ ਅਯੋਗਤਾ ਰੱਖੀ ਬਰਕਰਾਰ

ਨਵੀਂ ਦਿੱਲੀ (ਭਾਸਾ) 18 ਮਾਰਚ : ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ ਵਿਚ ਹਾਲ ਹੀ ਵਿਚ ਹੋਈਆਂ ਰਾਜ ਸਭਾ ਚੋਣਾਂ 'ਚ 'ਕਰਾਸ ਵੋਟਿੰਗ' ਲਈ ਕਾਂਗਰਸ ਦੇ 6 ਬਾਗੀ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਵਾਲੇ ਵਿਧਾਨ ਸਭਾ ਸਪੀਕਰ ਦੇ ਹੁਕਮ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਸੰਜੀਵ ਖੰਨਾ ਅਤੇ ਦੀਪਾਂਕਰ ਦੱਤਾ ਦੇ ਬੈਂਚ ਨੇ ਹਿਮਾਚਲ ਪ੍ਰਦੇਸ ਵਿਧਾਨ ਸਭਾ ਦੇ ਸਪੀਕਰ ਕੁਲਦੀਪ ਸਿੰਘ ਪਠਾਨੀਆ ਦੇ ਦਫਤਰ ਨੂੰ ਨੋਟਿਸ ਜਾਰੀ ਕਰਕੇ ਚਾਰ ਹਫਤਿਆਂ 'ਚ ਪਟੀਸਨ ਦਾ ਜਵਾਬ ਦੇਣ ਲਈ ਕਿਹਾ ਹੈ। ਬੈਂਚ ਨੇ ਕਿਹਾ ਕਿ ਜਦੋਂ ਤੱਕ ਹਿਮਾਚਲ ਪ੍ਰਦੇਸ ਦੇ ਬਾਗੀ ਵਿਧਾਇਕਾਂ ਦੀ ਪਟੀਸਨ ਪੈਂਡਿੰਗ ਹੈ, ਉਨ੍ਹਾਂ ਨੂੰ ਵਿਧਾਨ ਸਭਾ ਦੀ ਕਾਰਵਾਈ ਜਾਂ ਵੋਟਿੰਗ ਵਿਚ ਹਿੱਸਾ ਲੈਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਸ ਨੇ ਕਿਹਾ,"6 ਖਾਲੀ ਸੀਟਾਂ 'ਤੇ ਹੋਣ ਵਾਲੀਆਂ ਜਿ਼ਮਨੀ ਚੋਣਾਂ ਦੇ ਸਬੰਧ ਵਿਚ, ਅਸੀਂ ਇਹ ਦੇਖਾਂਗੇ ਕਿ ਕੀ ਪਟੀਸ਼ਨ ਦੇ ਪੈਂਡਿੰਗ ਰਹਿਣ ਦੌਰਾਨ ਚੋਣ ਕਮਿਸ਼ਨ ਵਲੋਂ ਨੋਟੀਫਾਈ ਚੋਣਾਂ ਨੂੰ ਰੋਕਿਆ ਜਾਣਾ ਚਾਹੀਦਾ।" ਸੁਪਰੀਮ ਕੋਰਟ ਨੇ ਮਾਮਲੇ 'ਤੇ ਅਗਲੀ ਸੁਣਵਾਈ ਲਈ 6 ਮਈ ਦੀ ਤਾਰੀਖ ਤੈਅ ਕੀਤੀ ਅਤੇ ਬਾਗੀ ਵਿਧਾਇਕਾਂ ਨੂੰ ਆਪਣਾ ਜਵਾਬ ਦਾਖਲ ਕਰਨ ਲਈ ਇਕ ਹਫਤੇ ਦਾ ਸਮਾਂ ਦਿੱਤਾ। ਵਿਧਾਨ ਸਭਾ ਦੀਆਂ 6 ਖਾਲੀ ਸੀਟਾਂ ਲਈ ਨਾਮਜਦਗੀ ਦਾਖਲ ਕਰਨ ਦੀ ਪ੍ਰਕਿਰਿਆ 7 ਮਈ ਨੂੰ ਸ਼ੁਰੂ ਹੋਈ। 6 ਅਸੰਤੁਸ਼ਟ ਵਿਧਾਇਕਾਂ-ਸੁਧੀਰ ਸ਼ਰਮਾ, ਰਵੀ ਠਾਕੁਰ, ਰਾਜੇਂਦਰ ਰਾਣਾ, ਇੰਦਰ ਦੱਤ ਲਖਨਪਾਲ, ਚੈਤਨਯ ਸ਼ਰਮਾ ਅਤੇ ਦੇਵੇਂਦਰ ਕੁਮਾਰ ਭੁੱਟੋ ਨੂੰ ਸਦਨ 'ਚ ਮੌਜੂਦ ਰਹਿਣ ਅਤੇ ਕਟੌਤੀ ਪ੍ਰਸਤਾਵ ਅਤੇ ਬਜਟ ਦੌਰਾਨ ਹਿਮਾਚਲ ਪ੍ਰਦੇਸ਼ ਸਰਕਾਰ ਦੇ ਪੱਖ 'ਚ ਵੋਟ ਕਰਨ ਲਈ ਕਾਂਗਰਸ ਦੇ ਵਹਿਪ ਦੀ ਉਲੰਘਣਾ ਕਰਨ 'ਤੇ 29 ਫਰਵਰੀ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਦੀ ਅਯੋਗਤਾ ਤੋਂ ਬਾਅਦ ਸਦਨ 'ਚ ਮੈਂਬਰਾਂ ਦੀ ਗਿਣਤੀ 68 ਤੋਂ ਘੱਟ ਕੇ 62 ਰਹਿ ਗਈ, ਜਦੋਂ ਕਿ ਕਾਂਗਰਸ ਵਿਧਾਇਕਾਂ ਦੀ ਗਿਣਤੀ 40 ਤੋਂ ਘੱਟ ਕੇ 34 ਰਹਿ ਗਈ।

# ਰੇਪ ਕੇਸ 'ਚ ਸਟੀਲ ਕਾਰੋਬਾਰੀ ਸੱਜਣ ਜਿੰਦਲ ਨੂੰ ਵੱਡੀ ਰਾਹਤ

ਮੁੰਬਈ 18 ਮਾਰਚ : ਸਟੀਲ ਕਾਰੋਬਾਰੀ ਸੱਜਣ ਜਿੰਦਲ ਨੂੰ ਜਬਰ ਜਿ਼ਨਾਹ ਮਾਮਲੇ 'ਚ ਵੱਡੀ ਰਾਹਤ ਮਿਲੀ ਹੈ। ਮੁੰਬਈ ਪੁਲਸ ਨੇ ਜੇਐੱਸਡਬਲਿਊ ਸਮੂਹ ਦੇ ਚੇਅਰਮੈਨ ਸੱਜਣ ਜਿੰਦਲ ਖਿ਼ਲਾਫ 30 ਸਾਲਾ ਔਰਤ ਵਲੋਂ ਦਰਜ ਜਬਰ ਜਿ਼ਨਾਹ ਦੇ ਮਾਮਲੇ 'ਚ ਸ਼ਨੀਵਾਰ ਨੂੰ ਕਲੋਜਰ ਰਿਪੋਰਟ ਦਾਖਲ ਕੀਤੀ ਅਤੇ ਉਨ੍ਹਾਂ ਨੂੰ ਦੋਸ਼ਾਂ ਤੋਂ ਮੁਕਤ ਕਰ ਦਿੱਤਾ। ਪੁਲਸ ਨੇ ਦੱਸਿਆ ਕਿ ਉਸ ਨੇ ਜਾਂਚ ਪੂਰੀ ਹੋਣ ਤੋਂ ਬਾਅਦ ਭਾਰਤੀ ਦੰਡਾਵਲੀ ਦੇ ਪ੍ਰਬੰਧਾਂ ਅਧੀਨ 'ਬੀ' ਸਮਰੀ ਰਿਪੋਰਟ ਸੌਂਪੀ ਹੈ ਅਤੇ ਇਸ ਅਨੁਸਾਰ ਸ਼ਿਕਾਇਤ ਝੂਠੀ ਸੀ। ਮੁੰਬਈ ਪੁਲਸ ਅਨੁਸਾਰ ਅਦਾਲਤ ਨੂੰ ਸੌਂਪੀ ਗਈ ਆਪਣੀ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਜਾਂਚ ਦੌਰਾਨ ਜਿੰਦਲ ਖਿ਼ਲਾਫ ਕੋਈ ਸਬੂਤ ਨਹੀਂ ਮਿਲਿਆ। ਦੱਸਣਯੋਗ ਹੈ ਕਿ ਜਿੰਦਲ ਗਰੁੱਪ ਦੇ ਚੇਅਰਮੈਨ ਸੱਜਣ ਜਿੰਦਲ ਖਿ਼ਲਾਫ ਮੁੰਬਈ ਦੇ ਜੁਹੂ ਦੀ ਰਹਿਣ ਵਾਲੀ ਮਹਿਲਾ ਡਾਕਟਰ ਨੇ 13 ਦਸੰਬਰ ਨੂੰ ਬਾਂਦਰਾ ਕੁਰਲਾ ਪੁਲਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤ 'ਚ ਔਰਤ ਨੇ ਉਦਯੋਗਪਤੀ ਸੱਜਣ ਜਿੰਦਲ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਹੈ। ਔਰਤ ਦੀ ਸ਼ਿਕਾਇਤ 'ਤੇ ਪੁਲਸ ਨੇ ਸੱਜਣ ਜਿੰਦਲ ਖਿ਼ਲਾਫ ਐੱਫ.ਆਈ.ਆਰ. ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਪਰ ਜਾਂਚ 'ਚ ਪੁਲਸ ਨੂੰ ਸੱਜਣ ਖਿਲਾਫ਼ ਕੋਈ ਸਬੂਤ ਨਹੀਂ ਮਿਲਿਆ।

# ਬਰਾਤੀਆਂ ਨਾਲ ਭਰੀ ਕਾਰ ਅਤੇ ਟਰੈਕਟਰ ਵਿਚਾਲੇ ਭਿਆਨਕ ਟੱਕਰ

ਖਗੜੀਆ, 18 ਮਾਰਚ : ਬਿਹਾਰ ਦੇ ਖਗੜੀਆ ਜਿਲ੍ਹੇ 'ਚ ਸੋਮਵਾਰ ਯਾਨੀ ਕਿ ਅੱਜ ਸਵੇਰੇ ਭਿਆਨਕ ਹਾਦਸਾ ਵਾਪਰ ਗਿਆ। ਇਸ ਹਾਦਸੇ 'ਚ 8 ਲੋਕਾਂ ਦੀ ਮੌਤ ਹੋ ਗਈ ਅਤੇ 3 ਹੋਰ ਜਖਮੀ ਹੋ ਗਏ। ਇਹ ਹਾਦਸਾ ਵਿਆਹ ਕਰ ਕੇ ਪਰਤ ਰਹੇ ਬਰਾਤੀਆਂ ਨਾਲ ਵਾਪਰਿਆ। ਦਰਅਸਲ ਬਰਾਤੀਆਂ ਦੀ ਕਾਰ ਅਤੇ ਟਰੈਕਟਰ ਵਿਚਾਲੇ ਭਿਆਨਕ ਟੱਕਰ ਹੋ ਗਈ। ਟੱਕਰ ਇੰਨੀ ਜੋਰਦਾਰ ਸੀ ਕਿ ਬਰਾਤੀਆਂ ਨਾਲ ਭਰੀ ਕਾਰ ਸੜਕ ਤੋਂ ਕਾਫੀ ਦੂਰ ਖੱਡ ਵਿਚ ਡਿੱਗ ਗਈ, ਜਦਕਿ ਟਰੈਕਟਰ ਸੜਕ ਕਿਨਾਰੇ ਪਲਟ ਗਿਆ। ਜਾਣਕਾਰੀ ਮੁਤਾਬਕ ਪਰਬੱਤਾ ਦੇ ਬਿਠਲਾ ਪਿੰਡ ਤੋਂ ਬਰਾਤ ਚੌਥਮ ਦੇ ਮੋਹਨਪੁਰ ਧਮਾਰਾ ਤੋਂ ਵਿਆਹ ਕਰ ਕੇ ਪਰਤਣ ਦੌਰਾਨ ਹਾਦਸਾ ਵਾਪਰਿਆ। ਦੱਸਿਆ ਜਾਂਦਾ ਹੈ ਕਿ ਸੀਮੈਂਟ ਨਾਲ ਲੱਦੇ ਟਰੱਕ ਨਾਲ ਕਾਰ ਦੀ ਸਿੱਧੀ ਟੱਕਰ ਹੋ ਗਈ। ਕਾਰ 'ਚ ਸਵਾਰ 8 ਲੋਕਾਂ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਖਮੀਆਂ ਨੂੰ ਬਾਹਰ ਕੱਢਿਆ ਗਿਆ।

# ਲੋਕ ਸਭਾ ਚੋਣਾਂ : ਚੋਣ ਜਾਬਤਾ ਲਾਗੂ ਕਰਾਉਣ ਲਈ 24 ਘੰਟੇ ਸਰਗਰਮ ਰਹਿਣਗੀਆਂ 3 ਟੀਮਾਂ

ਲੁਧਿਆਣਾ, 18 ਮਾਰਚ : ਚੋਣ ਕਮਿਸ਼ਨ ਵਲੋਂ 16 ਮਾਰਚ ਨੂੰ ਲੋਕ ਸਭਾ ਚੋਣਾਂ ਲਈ ਸ਼ਡਿਊਲ ਜਾਰੀ ਕਰਨ ਦੇ ਨਾਲ ਹੀ ਚੋਣ ਜਾਬਤਾ ਲਾਗੂ ਹੋ ਗਿਆ ਹੈ। ਇਸ ਦੇ ਤਹਿਤ ਹਰ ਵਿਧਾਨ ਸਭਾ ਇਲਾਕੇ 'ਚ 24 ਘੰਟੇ 3 ਟੀਮਾਂ ਸਰਗਰਮ ਰਹਿਣਗੀਆਂ। ਹਾਲਾਂਕਿ ਚੋਣ ਕਮਿਸ਼ਨ ਵਲੋਂ ਹਰ ਵਿਧਾਨ ਸਭਾ ਇਲਾਕੇ ਲਈ 9 ਟੀਮਾਂ ਦਾ ਗਠਨ ਕੀਤਾ ਗਿਆ ਹੈ ਪਰ ਇਨ੍ਹਾਂ ਟੀਮਾਂ ਨੂੰ 3 ਹਿੱਸਿਆਂ 'ਚ ਵੰਡ ਕੇ 8 ਘੰਟੇ ਦੀ ਸ਼ਿਫਟ ਦੇ ਹਿਸਾਬ ਨਾਲ ਡਿਊਟੀ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਟੀਮਾਂ ਵਲੋਂ ਫੀਲਡ 'ਚ ਉਤਰ ਕੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਨ੍ਹਾਂ ਟੀਮਾਂ 'ਚ ਕਲਾਸ ਵਨ ਅਫਸਰ ਦੇ ਰੂਪ 'ਚ ਸੈਕਟਰ ਅਫਸਰ ਦੇ ਨਾਲ ਪੁਲਸ ਮੁਲਾਜਮਾਂ ਦੀ ਨਿਯੁਕਤੀ ਕੀਤੀ ਗਈ ਹੈ।

ਇਨ੍ਹਾਂ ਮਾਮਲਿਆਂ ਦੀ ਕਰਨੀ ਹੈ ਚੈਕਿੰਗ

ਸਿਆਸੀ ਪਾਰਟੀਆਂ ਵਲੋਂ ਨਾਜਾਇਜ ਤੌਰ 'ਤੇ ਲਾਏ ਗਏ ਹੋਰਡਿੰਗ, ਬੈਨਰ, ਝੰਡੇ ਪੋਸਟਰ ਬਿਨਾਂ ਮਨਜੂਰੀ ਦੇ ਮੀਟਿੰਗ ਕਰਨੀ ਜਾਂ ਰੈਲੀ ਕੱਢਣੀ

ਉਮੀਦਵਾਰਾਂ ਵਲੋਂ ਕੀਤੇ ਜਾ ਰਹੇ ਖਰਚਿਆਂ ਦੀ ਕਰਾਸ ਚੈਕਿੰਗ

ਵੋਟਰਾਂ ਨੂੰ ਲੁਭਾਉਣ ਲਈ ਸ਼ਰਾਬ ਜਾਂ ਪੈਸੇ ਵੰਡਣ ਦੀ ਸ਼ਿਕਾਇਤ

ਆਨਲਾਈਨ ਕੈਮਰੇ ਜਰੀਏ ਰਹੇਗੀ ਚੋਣ ਕਮਿਸ਼ਨ ਦੀ ਨਜਰ

ਇਨ੍ਹਾਂ ਟੀਮਾਂ ਨੂੰ ਦਿੱਤੀਆਂ ਗਈਆਂ ਗੱਡੀਆਂ 'ਚ ਪੱਕੇ ਤੌਰ 'ਤੇ ਕੈਮਰਾ ਫਿੱਟ ਕੀਤਾ ਗਿਆ ਹੈ, ਜਿਸ ਦਾ ਲਿੰਕ ਸਿੱਧਾ ਚੋਣ ਕਮਿਸ਼ਨ ਕੋਲ ਹੈ। ਇਸ 'ਚ ਟੀਮ ਦੀਆਂ ਗਤੀਵਿਧੀਆਂ ਦੇ ਨਾਲ ਚੋਣ ਜਾਬਤੇ ਦੇ ਉਲੰਘਣ 'ਤੇ ਆਨਲਾਈਨ ਨਜਰ ਰੱਖੀ ਜਾ ਸਕਦੀ ਹੈ।

# ਚੇਨਈ 'ਚ ਧੜਕੇਗਾ ਹਰਿਆਣਾ ਦੇ ਸਾਹਿਲ ਦਾ ਦਿਲ

ਕੈਥਲ 18 ਮਾਰਚ : ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਸਾਹਿਲ ਜਾਂਦੇ-ਜਾਂਦੇ ਚਾਰ ਲੋਕਾਂ ਨੂੰ ਨਵੀਂ ਜਿ਼ੰਦਗੀ ਦੇ ਗਿਆ ਹੈ। ਉਸ ਦਾ ਦਿਲ ਚੇਨਈ 'ਚ ਧੜਕੇਗਾ, ਜਦੋਂ ਕਿ 2 ਕਿਡਨੀਆਂ ਅਤੇ ਕਾਰਨੀਆ ਤਿੰਨ ਮਰੀਜਾਂ ਨੂੰ ਜਿ਼ੰਦਗੀ ਦੇ ਗਈਆਂ।

# ਪ੍ਰਸਿੱਧ ਵਕੀਲ ਸੀਮਾ ਖੁਸ਼ਵਾਹਾ ਤੇ ਬਸਪਾ ਦੀ ਸੰਸਦ ਮੈਂਬਰ ਸੰਗੀਤਾ ਨੇ ਫੜਿਆ ਭਾਜਪਾ ਦਾ ਪੱਲਾ

ਕਿਸ਼ਨਪਾਲ



ਨਵੀਂ ਦਿੱਲੀ, 18 ਮਾਰਚ : ਉੱਤਰ ਪ੍ਰਦੇਸ਼ ਦੇ ਲਾਲਗੰਜ ਤੋਂ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੰਸਦ ਮੈਂਬਰ ਸੰਗੀਤਾ ਆਜਾਦ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦਾ ਪੱਲਾ ਫੜ ਲਿਆ ਹੈ। ਉਨ੍ਹਾਂ ਨੇ ਭਾਜਪਾ ਹੈੱਡਕੁਆਰਟਰ 'ਚ ਪਾਰਟੀ ਜਨਰਲ ਸਕੱਤਰ ਵਿਨੋਦ ਤਾਵੜੇ ਅਤੇ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਬ੍ਰਿਜੇਸ਼ ਪਾਠਕ ਅਤੇ ਪ੍ਰਦੇਸ਼ ਭਾਜਪਾ ਪ੍ਰਧਾਨ ਭੁਪਿੰਦਰ ਚੌਧਰੀ ਦੀ ਮੌਜੂਦਗੀ 'ਚ ਕੇਂਦਰ ਅਤੇ ਸੂਬੇ ਵਿਚ ਸੱਤਾਧਾਰੀ ਪਾਰਟੀ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ। ਆਜਾਦ ਨਾਲ ਹੀ ਉਨ੍ਹਾਂ ਦੇ ਪਤੀ ਅਰਿਮਰਦਨ ਆਜਾਦ ਅਤੇ ਪ੍ਰਸਿੱਧ ਵਕੀਲ ਤੇ ਨਿਰਭਯਾ ਕਾਂਡ 'ਚ ਪੀੜਤ ਪੱਖ ਲਈ ਅਦਾਲਤੀ ਲੜਾਈ ਲੜਨ ਵਾਲੀ ਸੀਮਾ ਖੁਸ਼ਵਾਹਾ ਨੇ ਵੀ ਭਾਜਪਾ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ। ਕੁਸ਼ਵਾਹਾ ਸਾਲ 2020 ਵਿਚ ਬਸਪਾ ਵਿਚ ਸ਼ਾਮਲ ਹੋਈ ਸੀ, ਜਦਕਿ ਅਰਿਮਰਦਨ ਲਾਲਗੰਜ ਤੋਂ ਵਿਧਾਇਕ ਰਹਿ ਚੁੱਕੇ ਹਨ। ਸੰਗੀਤਾ ਨੇ ਸਾਲ 2019 ਵਿਚ ਲਾਲਗੰਜ ਤੋਂ ਭਾਜਪਾ ਦੀ ਉਸ ਵੇਲੇ ਦੀ ਸੰਸਦ ਮੈਂਬਰ ਨੀਲਮ ਸੋਨਕਰ ਨੂੰ 1.61 ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ। ਸੰਗੀਤਾ ਦੇ ਪਰਿਵਾਰ ਦਾ ਉੱਤਰ ਪ੍ਰਦੇਸ਼ ਦੇ ਪੂਰਵਾਂਚਲ ਦੀ ਸਿਆਸਤ ਵਿਚ ਖਾਸਾ ਪ੍ਰਭਾਵ ਹੈ। ਸੰਗੀਤਾ ਦੇ ਸਹੁਰੇ ਗਾਂਧੀ ਆਜਾਦ ਖੇਤਰ ਦੇ ਜਾਣੇ-ਪਛਾਣੇ ਚਿਹਰੇ ਰਹੇ ਹਨ ਅਤੇ ਬਸਪਾ ਦੇ ਸੰਸਥਾਪਕ ਮੈਂਬਰਾਂ ਵਿਚੋਂ ਇਕ ਸਨ। ਸੰਗੀਤਾ ਆਜਾਦ ਨੇ ਕੁਝ ਸਮੇਂ ਤੋਂ ਆਪਣੇ ਆਪ ਨੂੰ ਬਸਪਾ ਤੋਂ ਦੂਰ ਕਰ ਲਿਆ ਸੀ ਅਤੇ ਪਾਰਟੀ ਦੇ ਸਮਾਗਮਾਂ ਵਿਚ ਵੀ ਸਾਮਲ ਨਹੀਂ ਹੋਈ ਸੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨਾਲ ਮੁਲਾਕਾਤ ਕੀਤੀ। ਉਦੋਂ ਤੋਂ ਹੀ ਉਨ੍ਹਾਂ ਦੇ ਭਾਜਪਾ 'ਚ ਸਾਮਲ ਹੋਣ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ।

# ਹਿਮਾਚਲ ਪ੍ਰਦੇਸ਼ 'ਚ ਜਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇਅ ਬੰਦ, ਸੜਕ ਦੇ ਦੋਹਾਂ ਪਾਸੇ ਫਸੇ ਵਾਹਨ

ਸ਼ਿਮਲਾ (ਭਾਸਾ) 18 ਮਾਰਚ : ਹਿਮਾਚਲ ਪ੍ਰਦੇਸ ਦੇ ਸੋਲਨ ਜਿ਼ਲ੍ਹੇ ਦੇ ਸਾਮਲੇਚ ਪਿੰਡ ਨੇੜੇ ਸੋਮਵਾਰ ਸਵੇਰੇ ਜਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇਅ5 ਬੰਦ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸੋਲਨ ਬਾਈਪਾਸ ਨੇੜੇ ਸਿ਼ਮਲਾ-ਕਾਲਕਾ ਰੋਡ 'ਤੇ ਸਵੇਰੇ ਕਰੀਬ 7.30 ਵਜੇ ਜਮੀਨ ਖਿਸਕ ਗਈ। ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਰੂਟ 'ਤੇ ਆਵਾਜਾਈ 'ਚ ਵਿਘਨ ਪਿਆ ਹੈ। ਸੜਕ ਦੇ ਦੋਵੇਂ ਪਾਸੇ ਵਾਹਨ ਫਸ ਗਏ। ਇਸ ਦੇ ਨਾਲ ਹੀ ਸਥਾਨਕ ਪੁਲਸ ਨੇ ਵਾਹਨ ਚਾਲਕਾਂ ਨੂੰ ਵਾਪਸ ਜਾਣ ਅਤੇ ਪੁਰਾਣੇ ਬੜੋਗ ਮਾਰਗ 'ਤੇ ਜਾਣ ਲਈ ਕਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਮੀਨ ਖਿਸਕਣ ਵਾਲੀ ਥਾਂ 'ਤੇ ਖੋਦਾਈ ਕਰਨ ਵਾਲੇ ਕਰਮਚਾਰੀ ਪਹੁੰਚ ਗਏ ਹਨ ਅਤੇ ਸਫਾਈ ਤੇ ਸੜਕ ਨੂੰ ਬਹਾਲ ਕਰਨ ਦਾ ਕੰਮ ਸੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਸੜਕ ਤੋਂ ਮਲਬਾ ਹਟਾ ਦਿੱਤਾ ਜਾਵੇਗਾ। ਹਾਲ ਹੀ ਦੇ ਦਿਨਾਂ 'ਚ ਹਿਮਾਚਲ ਪ੍ਰਦੇਸ 'ਚ ਵੱਖ-ਵੱਖ ਥਾਵਾਂ 'ਤੇ ਬਰਫਬਾਰੀ ਅਤੇ ਮੀਂਹ ਕਾਰਨ ਪੰਜ ਨੈਸ਼ਨਲ ਹਾਈਵੇਅ ਸਮੇਤ ਕੁੱਲ 259 ਸੜਕਾਂ ਬੰਦ ਹੋ ਗਈਆਂ ਹਨ। ਸਟੇਟ ਐਮਰਜੈਂਸੀ ਆਪ੍ਰੇਸਨ ਸੈਂਟਰ ਨੇ ਕਿਹਾ ਕਿ ਲਾਹੌਲ ਅਤੇ ਸਪੀਤੀ 'ਚ ਸਭ ਤੋਂ ਵੱਧ 237 ਸੜਕਾਂ, ਕਿਨੌਰ ਵਿੱਚ 9, ਚੰਬਾ 'ਚ ਪੰਜ, ਕੁੱਲੂ ਵਿਚ ਚਾਰ, ਮੰਡੀ ਵਿਚ ਦੋ ਅਤੇ ਸਿ਼ਮਲਾ ਅਤੇ ਕਾਂਗੜਾ ਜਿ਼ਲ੍ਹਿਆਂ ਵਿਚ ਇਕ-ਇਕ ਸੜਕਾਂ ਜਾਮ ਹੋਈਆਂ।